I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

### NAME CHANGE
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

### NAME CHANGE
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.


### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.


### NAME CHANGE
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

### NAME CHANGE
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

### NAME CHANGE
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

### NAME CHANGE
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.


ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma


GOVT. OF PUNJAB
ਪੰਜਾਬ ਸਰਕਾਰ
ਵੱਲੋਂ
ਮੁੱਖ ਮੰਤਰੀ
ਸ. ਭਗਵੰਤ ਸਿੰਘ ਮਾਨ
ਦੀ ਅਗਵਾਈ ਹੇਠ
ਆਪ ਸਭ ਨੂੰ
ਮਾਨਵਤਾ ਦੀ ਭਲਾਈ ਲਈ
ਕਿਰਤ ਕਰੋ, ਨਾਮ ਜਪੋ, ਵੰਡ ਛਕੋ
ਦਾ ਸਦੀਵੀ ਸੰਦੇਸ਼ ਦੇਣ ਵਾਲੇ
ਪਹਿਲੇ ਪਾਤਸ਼ਾਹ
ਸ੍ਰੀ ਗੁਰੂ ਨਾਨਕ ਦੇਵ ਜੀ
ਦੇ
556ਵੇਂ ਪ੍ਰਕਾਸ਼ ਪੁਰਬ
ਦੀਆਂ ਲੱਖ-ਲੱਖ ਮੁਬਾਰਕਾਂ
ਸ. ਭਗਵੰਤ ਸਿੰਘ ਮਾਨ
ਮੁੱਖ ਮੰਤਰੀ, ਪੰਜਾਬ
ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

ਕੌਮੀ ਪਤ੍ਰਿਕਾ

# ਸ਼ਰਧਾ ਦਾ ਸਾਗਰ – ਗੁਰਦੁਆਰਾ ਭਾਈ ਸਾਲੋ ਜੀ

ਸਤਨਾਮ ਸਿੰਘ ਮੂਧਲ

ਇਤਹਾਸਕ ਕਸਬਾ ਵੇਰਕਾ ਤੇ ਪਿੰਡ ਪੰਡੋਰੀ ਨੂੰ ਜੋੜਣ ਵਾਲੀ ਸੜਕ 'ਤੇ ਸਥਿਤ ਗੁਰਦੁਆਰਾ ਭਾਈ ਸਾਲੋ ਜੀ ਸੁਸ਼ੋਭਿਤ ਹੈ, ਜਿੱਥੇ ਦੂਰੋਂ-ਦੂਰੋਂ ਸੰਗਤਾਂ ਰੋਜ਼ ਆਉਂਦੀਆਂ ਹਨ।

ਗੁਰੂਦੁਆਰਾ ਸਾਹਿਬ ਦਾ ਪ੍ਰਬੰਧ ਚਲਾ ਰਹੇ ਬਾਬਾ ਮੋਹਨ ਸਿੰਘ ਨੇ ਇਸ ਸਥਾਨ ਦੇ ਇਤਿਹਾਸ ਬਾਰੇ ਦੱਸਿਆ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਅਨਿਨ ਭਗਤ ਭਾਈ ਸਾਲੋ ਜੀ, ਗੁਰੂ ਘਰ ਦੇ ਲੰਗਰ ਲਈ ਬਾਲਣ ਇਕੱਠਾ ਕਰਿਆ ਕਰਦੇ ਸਨ। ਉਹ ਇਸ ਇਲਾਕੇ 'ਚ ਵੀ ਬਾਲਣ ਇਕੱਠਾ ਕਰਨ ਲਈ ਆਉਂਦੇ। ਭਾਈ ਸਾਲੋ ਜੀ ਪਿੰਡ ਪੰਡੋਰੀ ਵੜੈਚ ਦੀਆਂ ਸੰਗਤਾਂ ਕੋਲੋਂ ਗੁਰੂ ਘਰ ਲਈ ਪਾਥੀਆਂ ਦਾ ਬਾਲਣ ਇਕੱਠਾ ਕਰਨ ਸਮੇਂ ਜਿਸ ਬੇਰੀ ਹੇਠ ਥੜ੍ਹੇ 'ਤੇ ਬੈਠਿਆ ਕਰਦੇ ਸਨ, ਉਹ ਬੇਰੀ ਅੱਜ ਵੀ ਮੌਜੂਦ ਹੈ। ਇਸੇ ਸਥਾਨ 'ਤੇ ਇਹ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਭਾਈ ਸਾਲੋ ਜੀ ਵੱਲੋਂ ਸੰਗਤਾਂ ਲਈ ਗੁਰੂ ਘਰ ਦੇ ਲੰਗਰਾਂ ਵਾਸਤੇ ਪੂਰੀ ਲਗਨ ਨਾਲ ਕੀਤੀ ਜਾਂਦੀ ਸੇਵਾ ਤੋਂ ਖ਼ੁਸ਼ ਹੋ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਨੂੰ ਵਰ ਦਿੱਤਾ ਸੀ ਕਿ ਉਹ ਲੰਗਰ ਲਈ ਪਾਥੀਆਂ ਦੇਣ ਵਾਲੇ ਸ਼ਰਧਾਲੂਆਂ ਨੂੰ ਸੰਤਾਨ ਦੀ ਆਸੀਸ ਦੇ ਸਕਦੇ ਹਨ। ਅੱਜ ਵੀ ਸ਼ਰਧਾਲੂ ਗੁਰਦੁਆਰਾ ਸਾਹਿਬ ਵਿਖੇ ਲੰਗਰ ਲਈ ਪਾਥੀਆਂ ਚੜ੍ਹਾਉਂਦੇ ਹਨ।

ਬਾਬਾ ਮੋਹਨ ਸਿੰਘ ਨੇ ਰੁੱਖਾਂ ਦੇ ਇਕ ਝੁੰਡ ਤੇ ਥੇਹ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਉਸ ਸਮੇ ਪਿੰਡ ਪੰਡੋਰੀ ਇਥੇ ਮੌਜੂਦ ਹੁੰਦਾ ਸੀ ਪਰ ਕੁਝ ਸਮੇਂ ਬਾਅਦ ਕਰੀਬ ਇਕ ਕਿਲੋਮੀਟਰ ਦੂਰ ਜਾ ਵਸਿਆ, ਜਿਸ ਕਾਰਨ ਇਸ ਸਥਾਨ ਵੱਲ ਲੋਕਾਂ ਦਾ ਧਿਆਨ ਨਾ ਗਿਆ ਪਰ ਕੁਝ ਪੁਰਾਣੇ ਬਜ਼ੁਰਗ ਇਸ ਸਥਾਨ ਨੂੰ ਨਮਸਕਾਰ ਕਰਦੇ ਰਹੇ। ਜਿਨ੍ਹਾਂ ਦੀਆਂ ਆਸਾਂ-ਮੁਰਾਦਾਂ ਪੂਰੀਆਂ ਹੁੰਦੀਆਂ



ਰਹੀਆਂ, ਉਹ ਲਗਾਤਾਰ ਇਸ ਸਥਾਨ ਨਾਲ ਜੁੜੇ ਰਹੇ।

ਬਾਬਾ ਮੋਹਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਮੁਰਾਦ ਪੂਰੀ ਹੋਣ 'ਤੇ ਉਨ੍ਹਾਂ ਨੇ ਇਸ ਸਥਾਨ ਦੀ ਸੇਵਾ ਸੰਭਾਲ ਕਰਨੀ ਸ਼ੁਰੂ ਕੀਤੀ। 1991 'ਚ ਗੁਰਦੁਆਰਾ ਸਾਹਿਬ ਦੀ ਉਸਾਰੀ ਸ਼ੁਰੂ ਕੀਤੀ ਗਈ। ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਵੀ ਕੀਤੇ ਜਾਂਦੇ ਹਨ। ਭਾਈ ਸਾਲੋ ਜੀ ਦੀ ਯਾਦ ਵਿਚ ਹਰ ਸਾਲ ਦੇਸੀ ਮਹੀਨਾ ਕੱਤੇ ਦੀ 13 ਤਰੀਕ ਨੂੰ ਜੋੜ ਮੇਲਾ ਕਰਵਾਇਆ ਜਾਂਦਾ ਹੈ। ਇਸ ਜੋੜ ਮੇਲੇ ਵਿਚ ਦੂਰੋਂ-ਦੂਰੋਂ ਸੰਗਤਾਂ ਸ਼ਰਧਾ ਨਾਲ ਆਉਂਦੀਆਂ ਹਨ। •

98722-89191

# ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ

26 ਅਕਤੂਬਰ, ਪ੍ਰਕਾਸ਼ ਪੁਰਬ 'ਤੇ





ਭਾਈ ਗੋਬਿੰਦ ਸਿੰਘ ਲੌਂਗੋਵਾਲ

ਸਿੱਖ ਧਰਮ ਦੇ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦਾ ਪਵਿੱਤਰ ਤੇ ਗੰਭੀਰ ਜੀਵਨ ਸੇਵਾ, ਪ੍ਰੇਮਾ-ਭਗਤੀ ਤੇ ਸਦਗੁਣਾਂ ਨਾਲ ਭਰਪੂਰ ਹੈ। ਆਪ ਦਾ ਜੀਵਨ ਸਧਾਰਨ ਪਰਿਵਾਰ ਤੋਂ ਆਰੰਭ ਹੋਇਆ ਤੇ ਆਪ ਨਿਸ਼ਕਾਮ ਸੇਵਾ ਤੇ ਸੱਚੇ ਸਿਦਕ ਕਰਕੇ ਗੁਰਗੱਦੀ 'ਤੇ ਬਿਰਾਜਮਾਨ ਹੋਏ। ਆਪ ਨੇ ਸਿੱਖੀ ਦੇ ਬੂਟੇ ਨੂੰ ਪ੍ਰਫੁੱਲਿਤ ਕਰਨ ਲਈ ਅਨੇਕਾਂ ਕਾਰਜ ਕੀਤੇ। ਸਿੱਖੀ ਦੇ ਬੂਟੇ ਦੀ ਜੜ੍ਹ ਸ੍ਰੀ ਗੁਰੂ ਨਾਨਕ ਸਾਹਿਬ ਨੇ ਲਾਈ ਸੀ ਤੇ ਇਸ ਬੂਟੇ ਦੀ ਪ੍ਰਫੁੱਲਤਾ ਤੇ ਸਾਂਭ ਸੰਭਾਲ ਲਈ ਅੱਗੋਂ ਜ਼ਿੰਮੇਵਾਰ ਵੀ ਆਪਣੇ ਜੀਵਨ ਕਾਲ 'ਚ ਹੀ ਆਰੰਭ ਕਰ ਗਏ। ਇਸ ਤਰ੍ਹਾਂ ਸਿੱਖੀ ਜੀਵਨ ਜਾਂਚ ਸਿਖਾਉਣ, ਅੱਗੋਂ ਅਕਾਲ ਪੁਰਖ ਦੇ ਹੁਕਮ ਅਨੁਸਾਰ ਇਸ ਕਾਰਜ ਲਈ ਸ੍ਰੀ ਗੁਰੂ ਅੰਗਦ ਸਾਹਿਬ, ਸ੍ਰੀ ਗੁਰੂ ਅਮਰਦਾਸ ਸਾਹਿਬ ਤੇ ਫਿਰ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਪ੍ਰਾਪਤ ਹੋਈ। ਗੁਰੂ ਰਾਮਦਾਸ ਜੀ ਨੇ ਚੌਥੇ ਗੁਰੂ ਦੇ ਰੂਪ 'ਚ ਗੁਰੂ ਜੋਤ ਨੂੰ ਧਾਰਨ ਕੀਤਾ ਤੇ ਲੋਕਾਈ ਨੂੰ ਆਤਮਿਕ, ਧਾਰਮਿਕ, ਸਮਾਜਿਕ ਤੌਰ 'ਤੇ ਰੋਸ਼ਨ ਕੀਤਾ, ਭਾਵ ਜੀਵਨ ਦੇ ਹਰ ਪੱਖ ਨੂੰ ਸਾਰਥਕ ਬਣਾਉਣ ਲਈ ਜੁਗਤਿ ਸਮਝਾਈ। ਗੁਰੂ ਸਾਹਿਬ ਦੀ ਧੰਨਤਾ ਨੂੰ ਭਾਈ ਸੱਤਾ ਜੀ ਤੇ ਭਾਈ ਬਲਵੰਡ ਜੀ ਨੇ ਰਾਮਕਲੀ ਵਾਰ ਵਿਚ ਇਨ੍ਹਾਂ ਸ਼ਬਦਾਂ ਰਾਹੀਂ ਬਿਆਨ ਕੀਤਾ :

**ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ॥**
**ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ॥**
**ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ॥**
**ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤੁ ਨ ਪਾਰਾਵਾਰਿਆ॥**

ਗੁਰੂ ਰਾਮਦਾਸ ਜੀ ਸੰਨ 1534 ਵਿਚ ਪਿਤਾ ਸ੍ਰੀ ਹਰਿਦਾਸ ਜੀ ਦੇ ਗ੍ਰਹਿ ਵਿਖੇ ਪ੍ਰਗਟ ਹੋਏ। ਪਰੰਪਰਾ ਅਨੁਸਾਰ ਵੱਡੇ ਪੁੱਤਰ ਨੂੰ, 'ਜੇਠਾ' ਕਿਹਾ ਜਾਂਦਾ ਸੀ ਜਿਸ ਕਰਕੇ ਪ੍ਰਾਰੰਭਕ ਰੂਪ 'ਚ ਆਪ ਜੀ 'ਭਾਈ ਜੇਠਾ ਜੀ' ਦੇ ਨਾਂ ਨਾਲ ਜਾਣੇ ਜਾਂਦੇ ਰਹੇ। ਛੋਟੀ ਉਮਰੇ ਹੀ ਆਪ ਜੀ ਦੇ ਮਾਤਾ-ਪਿਤਾ ਅਕਾਲ ਪੁਰਖ ਨੂੰ ਪਿਆਰੇ ਹੋ ਗਏ। ਪਰਿਵਾਰਕ ਨਿਰਬਾਹ ਲਈ ਆਪ ਨੂੰ ਘੁੰਗਣੀਆਂ ਵੇਚਣੀਆਂ ਪਈਆਂ। ਆਪ ਜੀ ਦੇ ਨਾਨੀ ਆਪ ਨੂੰ ਬਾਸਰਕੇ ਲੈ ਆਏ। ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਦੀ ਤਾਂਘ ਸਦਕਾ ਆਪ ਬਾਸਰਕੇ ਗਿੱਲਾਂ ਤੋਂ ਸ੍ਰੀ ਗੋਇੰਦਵਾਲ ਸਾਹਿਬ ਆ ਗਏ। ਆਪ ਦੀ ਨਿਮਰਤਾ, ਸੇਵਾ-ਸਿਮਰਨ, ਕਿਰਤ ਤੇ ਨੇਕ ਸੁਭਾਅ ਨੂੰ ਵੇਖ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਸਪੁੱਤਰੀ ਬੀਬੀ ਭਾਨੀ ਜੀ ਦਾ ਰਿਸ਼ਤਾ ਆਪ ਜੀ ਨਾਲ ਕਰ ਦਿੱਤਾ। ਗੁਰੂ-ਘਰ ਦਾ ਦਾਮਾਦ ਬਣ ਕੇ ਵੀ ਆਪ ਜੀ ਨੇ ਲੋਕ-ਲਾਜ ਦੀ ਪਰਵਾਹ ਨਾ ਕੀਤੀ ਅਤੇ ਦਿਨ-ਰਾਤ ਗੁਰੂ-ਘਰ ਦੀ ਸੇਵਾ ਵਿਚ ਤਤਪਰ ਰਹੇ। ਇਕ ਵਾਰ ਲਾਹੌਰ ਤੋਂ ਆਏ ਸ਼ਰੀਕੇ ਵਾਲਿਆਂ ਨੇ ਮਿਹਣਾ ਵੀ ਮਾਰਿਆ। ਸੰਖੇਪ ਵਿਚ ਵਾਕਿਆਤ ਇਸ ਤਰ੍ਹਾਂ ਹੈ ਕਿ ਆਪ ਸ੍ਰੀ ਗੁਰੂ ਅਮਰਦਾਸ ਜੀ ਦੀ ਰਹਿਨੁਮਾਈ ਹੇਠ ਬਾਉਲੀ ਦੀ ਕਾਰ ਵਿਚ ਤਨੋਂ-ਮਨੋਂ ਖੁੱਭੇ ਹੋਏ ਸਨ। ਲਾਹੌਰ ਤੋਂ ਕੁਝ ਸ਼ਰੀਕੇ ਵਾਲੇ ਸ੍ਰੀ ਗੋਇੰਦਵਾਲ ਸਾਹਿਬ ਆਏ। ਆਪ ਨੂੰ ਟੋਕਰੀ ਢੋਂਦੇ ਤੇ ਬਸਤਰ ਚਿੱਕੜ ਨਾਲ ਲਿਬੜੇ ਹੋਏ ਵੇਖ ਕੇ ਬੁਰਾ ਮਨਾਇਆ। ਜਦੋਂ ਗੱਲ ਸ੍ਰੀ ਗੁਰੂ ਅਮਰਦਾਸ ਜੀ ਪਾਸ ਪਹੁੰਚੀ ਤਾਂ ਪਾਤਸ਼ਾਹ ਬਖ਼ਸ਼ਿਸ਼ਾਂ ਦੇ ਘਰ ਵਿਚ ਆ ਗਏ। ਤੀਸਰੇ ਸਤਿਗੁਰੂ ਜੀ ਦੇ ਮੂੰਹੋਂ ਨਿਕਲਿਆ, 'ਇਹ ਚਿੱਕੜ ਨਹੀਂ ਵਡਿਆਈ ਦਾ ਕੇਸਰ ਤੇ ਗੁਲਾਲ ਹੈ। ਸਿਰ 'ਤੇ ਆਮ ਟੋਕਰੀ ਨਹੀਂ, ਸਗੋਂ ਪਾਤਸ਼ਾਹੀ ਛਤਰ ਝੂਲਣ ਦਾ ਨਿਸ਼ਾਨ ਹੈ।'

ਇਸ ਤਰ੍ਹਾਂ ਆਪ ਜੀ ਦੀ ਨਿਮਰਤਾ ਅਤੇ ਸਦਗੁਣਾਂ ਨੂੰ ਦੇਖ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰ-ਗੱਦੀ ਦੀ ਜ਼ਿੰਮੇਵਾਰੀ ਆਪ ਨੂੰ ਸੌਂਪੀ ਦਿੱਤੀ। ਗੁਰਗੱਦੀ 'ਤੇ ਸੁਭਾਏਮਾਨ ਹੋਣ ਤੋਂ ਬਾਅਦ ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖ ਧਰਮ ਦੀ ਬੁਲੰਦੀ ਅਤੇ ਚੜ੍ਹਦੀ ਕਲਾ ਲਈ ਅਨੇਕਾਂ ਕਾਰਜ ਕੀਤੇ, ਜਿਸ ਨਾਲ ਗੁਰੂ ਘਰ ਦੀ ਵਡਿਆਈ ਚੁਫ਼ੇਰੇ ਫ਼ੈਲੀ। ਸ੍ਰੀ ਅੰਮ੍ਰਿਤਸਰ ਦੀ ਸਥਾਪਨਾ ਆਪ ਦਾ ਇਕ ਅਹਿਮ ਕਾਰਜ ਹੈ। ਸ੍ਰੀ ਗੁਰੂ ਰਾਮਦਾਸ ਜੀ ਤੀਸਰੇ ਪਾਤਸ਼ਾਹ ਜੀ ਦੇ ਹੁਕਮ ਨਾਲ ਇਥੇ ਆਏ ਤੇ ਸਰੋਵਰ ਦੀ ਖੁਦਵਾਈ ਆਰੰਭ ਕਰਵਾਈ। ਇਹ ਸਰੋਵਰ ਸੰਤੋਖਸਰ ਦੇ ਨਾਂ ਨਾਲ ਪ੍ਰਸਿੱਧ ਹੋਇਆ। ਇਸੇ ਦੌਰਾਨ ਆਪ ਨੇ ਨਗਰ 'ਗੁਰੂ ਕਾ ਚੱਕ' ਵਸਾਇਆ, ਜੋ ਬਾਅਦ ਵਿਚ 'ਰਾਮਦਾਸਪੁਰ ਜਾਂ ਚੱਕ ਰਾਮਦਾਸ' ਦੇ ਨਾਂ ਨਾਲ ਜਾਣਿਆ ਗਿਆ ਤੇ ਫਿਰ 'ਸ੍ਰੀ ਅੰਮ੍ਰਿਤਸਰ' ਵਜੋਂ ਮਸ਼ਹੂਰ ਹੋਇਆ। ਆਪ ਨੇ ਇਥੇ ਵੱਸਣ ਲਈ ਸੰਗਤਾਂ ਨੂੰ ਪ੍ਰੇਰਿਆ। ਇਸ ਨਗਰ ਨੂੰ ਆਬਾਦ ਕਰਨ ਲਈ ਆਪ ਨੇ ਵੱਖ-ਵੱਖ ਹੁਨਰਾਂ ਦੇ ਕਿਰਤੀਆਂ ਨੂੰ ਇਥੇ ਵਸਾਇਆ। ਇਤਿਹਾਸ ਅਨੁਸਾਰ ਇਹ ਵੱਖ-ਵੱਖ ਤਰ੍ਹਾਂ ਦੇ 52 ਕਿੱਤਿਆਂ ਨਾਲ ਸਬੰਧਤ ਲੋਕ ਸਨ। ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਵਸਾਇਆ ਇਹ ਨਗਰ ਮਨੁੱਖੀ ਬਰਾਬਰੀ ਅਤੇ ਭਰਾਤਰੀ ਭਾਵ ਦੀ ਮਿਸਾਲ ਬਣਿਆ।

'ਮਸੰਦ' ਪ੍ਰਣਾਲੀ ਦਾ ਆਰੰਭ ਵੀ ਆਪ ਦਾ ਇੱਕ ਅਹਿਮ ਫ਼ੈਸਲਾ ਸੀ। ਮਸੰਦਾਂ ਨੇ ਗੁਰੂ ਘਰ ਦੇ ਪ੍ਰਚਾਰ-ਪ੍ਰਸਾਰ ਲਈ ਅਹਿਮ ਭੂਮਿਕਾ ਨਿਭਾਈ। ਮਸੰਦ ਸਿੱਖੀ ਦੇ ਉਹ ਪ੍ਰਚਾਰਕ ਸਨ ਜੋ ਸੰਗਤਾਂ ਤੋਂ ਗੁਰੂ-ਘਰ ਲਈ ਭੇਟਾ ਇਕੱਠੀ ਕਰਦੇ ਤੇ ਸਿੱਖੀ ਦਾ ਪ੍ਰਚਾਰ ਕਰਦੇ ਸਨ। ਇਸੇ ਤਰ੍ਹਾਂ ਹੀ ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖੀ ਦੀਆਂ ਪਰੰਪਰਾਵਾਂ ਦੇ ਪਾਲਣ ਲਈ ਸੰਗਤਾਂ ਨੂੰ ਪ੍ਰੇਰਿਆ ਤੇ ਸਿੱਖੀ ਮਰਯਾਦਾ ਨੂੰ ਹੋਰ ਪੱਕਿਆਂ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਆਰੰਭ ਕੀਤੀ ਗਈ ਲੰਗਰ ਦੀ ਮਰਯਾਦਾ ਨੂੰ ਅੱਗੇ ਤੋਰਨ ਵਿਚ ਵੀ ਆਪ ਦਾ ਵਡਮੁੱਲਾ ਯੋਗਦਾਨ ਹੈ।

ਆਪ ਜੀ ਨੇ ਧੁਰ ਕੀ ਬਾਣੀ ਦੀ ਅਮੁੱਲ ਤੇ ਵੱਡਾ ਭੰਡਾਰ ਮਨੁੱਖਤਾ ਦੀ ਝੋਲੀ ਪਾਇਆ। ਗੁਰੂ ਪਾਤਸ਼ਾਹ ਦੀ ਬਾਣੀ ਮਨੁੱਖ ਮਾਤਰ ਲਈ ਸੁੱਖਾਂ ਦਾ ਖ਼ਜ਼ਾਨਾ ਤੇ ਆਤਮਿਕ ਅਨੰਦ ਪ੍ਰਦਾਨ ਕਰਨ ਵਾਲੀ ਹੈ। ਇਸ ਵਿਚ ਮਨੁੱਖ ਮਾਤਰ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਮੌਜੂਦ ਹੈ। ਇਹ ਸਾਡੀ ਅਧਿਆਤਮਿਕ ਤੇ ਸਮਾਜਿਕ ਅਗਵਾਈ ਕਰਦੀ ਹੋਈ ਚੰਗੇ ਜੀਵਨ ਜਿਊਣ ਲਈ ਮਾਰਗ ਦਰਸ਼ਨ ਦਿੰਦੀ ਹੈ। ਆਪ ਜੀ ਦੀ ਸੁਖਦਾਈ ਗੁਰਬਾਣੀ ਦੀ ਵਡਿਆਈ ਕਰਦੇ ਹੋਏ ਗਿਆਨੀ ਗਿਆਨ ਸਿੰਘ ਪੰਥ ਪ੍ਰਕਾਸ਼ ਅੰਦਰ ਲਿਖਦੇ ਹਨ :

ਗੁਰ ਉਚਰੈਂ ਬਾਨੀ ਅਮ੍ਰਤ ਸਾਂਨੀ ਬੇਦ ਅਧਕਾਨੀ ਸੁਖਦਾਨੀ।
ਜੋ ਸੁਨ ਨਰ ਨਾਰੀ ਕਟੈਂ ਬਿਕਾਰੀ ਲਹਿ ਫਲ ਚਾਰੀ ਮੁਦ ਖਾਨੀ।

ਗੁਰੂ ਰਾਮਦਾਸ ਜੀ ਦੇ ਪਾਵਨ ਪ੍ਰਕਾਸ਼ ਪੁਰਬ ਮੌਕੇ ਮੇਰੀ ਸਮੂਹ ਸੰਗਤ ਨੂੰ ਅਪੀਲ ਹੈ ਕਿ ਆਓ ਆਪਾਂ ਸਾਰੇ ਗੁਰੂ ਸਾਹਿਬ ਦੇ ਮਹਾਨ ਜੀਵਨ ਨੂੰ ਯਾਦ ਕਰਦਿਆਂ ਆਪਣੇ ਅੰਦਰ ਨਿਮਰਤਾ, ਸੇਵਾ ਅਤੇ ਸਿਮਰਨ ਦੇ ਭਾਵ ਪੈਦਾ ਕਰਦੇ ਹੋਏ ਸਿੱਖ-ਪੰਥ ਦੇ ਸਿਧਾਂਤਾਂ ਨੂੰ ਵਿਵਹਾਰਕ ਜੀਵਨ ਦਾ ਹਿੱਸਾ ਬਣਾਈਏ। ਜੇ ਅਸੀਂ ਆਪ ਜੀ ਦੀ ਬਾਣੀ ਦੇ ਸੁਨੇਹੇ ਦਾ ਸਹੀ ਬੋਧ ਪ੍ਰਾਪਤ ਕਰ ਕੇ ਅਮਲ ਵਿਚ ਲਿਆਉਣ ਲਈ ਯਤਨਸ਼ੀਲ ਹੋਵਾਂਗੇ ਤਾਂ ਯਕੀਨਨ ਸਾਡੀ ਜੀਵਨ ਯਾਤਰਾ ਸਫ਼ਲ ਹੋ ਸਕਦੀ ਹੈ। •

**(ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ)**

ਸੰਤ ਜੈਮਲ ਸਿੰਘ ਭੂਰੀ ਵਾਲਿਆਂ ਨੇ ਲਾਇਲਪੁਰ ਸਥਿਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਗ੍ਰੰਥੀ ਵਜੋਂ ਵੀ ਸੇਵਾ ਨਿਭਾਈ। ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਪਰਿਕਰਮਾ ਦੀ ਸਫ਼ਾਈ ਦੀ ਸੇਵਾ ਦੇ ਨਾਲ-ਨਾਲ ਉਨ੍ਹਾਂ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਵੀ ਅਹਿਮ ਉਪਰਾਲੇ ਕੀਤੇ...

# ਗੁਰੂ ਘਰ ਦੇ ਅਨਿਨ ਸੇਵਕ ਸੰਤ ਜੈਮਲ ਸਿੰਘ

ਗਗਨਦੀਪ ਸਿੰਘ ਬੇਦੀ

ਸੇਵਾ, ਸਿਮਰਨ ਤੇ ਪਰਉਪਕਾਰ ਸਿੱਖ ਧਰਮ ਦਾ ਮੁੱਢਲਾ ਸਿਧਾਂਤ ਹੈ। ਗੁਰੂ ਨਾਨਕ ਦੇਵ ਜੀ ਨੇ ਸਿੱਖਾਂ ਨੂੰ ਨਾਮ ਜਪਣ, ਕਿਰਤ ਕਰਨ, ਵੰਡ ਛਕਣ, ਲੋੜਵੰਦਾਂ ਦੀ ਸਹਾਇਤਾ ਕਰਨ ਤੇ ਜ਼ੁਲਮ ਦਾ ਟਾਕਰਾ ਕਰਦੇ ਹੋਏ ਮਜ਼ਲੂਮਾ ਦੀ ਰੱਖਿਆ ਕਰਨ ਦਾ ਸੰਦੇਸ਼ ਦਿੱਤਾ। ਗੁਰੂ ਸਾਹਿਬ ਦੀਆਂ ਸਿੱਖਿਆਵਾਂ 'ਤੇ ਪਹਿਰਾ ਦਿੰਦੇ ਹੋਏ ਐਸੇ ਹੀ ਮਹਾਪੁਰਖ ਸੰਤ ਬਾਬਾ ਜੈਮਲ ਸਿੰਘ ਭੂਰੀਵਾਲੇ ਹੋਏ, ਜਿਨ੍ਹਾਂ ਨੇ ਗੁਰਮਤਿ ਦੇ ਰਾਹ 'ਤੇ ਚੱਲਦਿਆਂ ਸੇਵਾ, ਸਿਮਰਨ, ਕਿਰਤ, ਪਰਉਪਕਾਰ ਤੇ ਬਿਨਾ ਭੇਦ-ਭਾਵ ਲੋਕਾਈ ਦੇ ਭਲੇ ਲਈ ਕਾਰਜ ਕੀਤੇ ਤੇ ਗੁਰੂ ਘਰ ਨਾਲ ਆਪਣੀ ਪ੍ਰੀਤ ਨੂੰ ਤੋੜ ਨਿਭਾਇਆ।

ਬਾਬਾ ਜੈਮਲ ਸਿੰਘ ਦਾ ਜਨਮ 1892 ਵਿਚ ਪਿੰਡ ਗਾਹ ਜ਼ਿਲ੍ਹਾ ਜਿਹਲਮ (ਪਾਕਿਸਤਾਨ) ਵਿਖੇ ਮਾਤਾ ਸਤਭਰਾਈ ਤੇ ਪਿਤਾ ਸ਼ੇਰ ਸਿੰਘ ਦੇ ਗ੍ਰਹਿ ਵਿਖੇ ਹੋਇਆ। ਮੁੱਢਲੀ ਵਿੱਦਿਆ ਪ੍ਰਾਪਤ ਕਰਨ ਉਪਰੰਤ ਬਾਬਾ ਜੀ ਨੂੰ ਉਨ੍ਹਾਂ ਦੇ ਪਿਤਾ ਨੇ ਕਰਿਆਨੇ ਦੀ ਦੁਕਾਨ ਪਾ ਦਿੱਤੀ। ਦਿਆਲੂ ਸੁਭਾਅ ਕਾਰਨ ਆਪ ਲੋੜਵੰਦਾਂ ਨੂੰ ਬਿਨਾ ਪੈਸੇ ਸੌਦਾ ਦੇ ਦਿੰਦੇ। ਇਸ ਲਈ ਦੁਕਾਨ ਜ਼ਿਆਦਾ ਦੇਰ ਨਾ ਚੱਲ ਸਕੀ। ਅੱਠੇ ਪਹਿਰ ਵਾਹਿਗੁਰੂ ਸਿਮਰਨ ਦੇ ਨਾਲ-ਨਾਲ ਆਪ ਮਰਦਾਨ ਵਿਖੇ ਪਾਂਡੀ ਵਜੋਂ ਮਿਹਨਤ ਮੁਸ਼ੱਕਤ ਕਰਦਿਆਂ ਸਮਾਂ ਕੱਢ ਕੇ ਸੰਤਾਂ ਮਹਾਂਪੁਰਖਾਂ ਨਾਲ ਗੁਰਮਤਿ ਦੀ ਸਾਂਝ ਵੀ ਪਾਉਂਦੇ। ਪਿੰਡੋਂ ਬਾਹਰਵਾਰ ਰਹਿੰਦੇ ਉੱਚੇ-ਸੁੱਚੇ ਜੀਵਨ ਦੇ ਧਾਰਨੀ ਨਿਰਮਲੇ ਸੰਤ ਗੋਪਾਲ ਸਿੰਘ ਦੀ ਸ਼ਖ਼ਸੀਅਤ ਦਾ ਆਪ ਦੇ ਜੀਵਨ 'ਤੇ ਗਹਿਰਾ ਪ੍ਰਭਾਵ ਪਿਆ।

ਉਨ੍ਹਾਂ ਕੁਝ ਸਮਾਂ ਲਾਇਲਪੁਰ 'ਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਗ੍ਰੰਥੀ ਵਜੋਂ ਵੀ ਸੇਵਾ ਨਿਭਾਈ। ਉਨ੍ਹਾਂ ਦੇ ਉੱਚੇ ਆਚਰਣ ਤੇ ਗੁਣਾਂ ਸਦਕਾ ਸੰਗਤਾਂ 'ਚ ਬਹੁਤ ਸਤਿਕਾਰ ਸੀ ਪਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੇਵਾ ਕਰਨ ਦੀ ਤਾਂਘ ਉਨ੍ਹਾਂ ਨੂੰ ਅੰਮ੍ਰਿਤਸਰ ਲੈ ਆਈ। ਇਥੇ ਉਨ੍ਹਾਂ ਨੇ ਦੋਹਾਂ ਹੱਥਾਂ 'ਚ ਝਾੜੂ ਫੜ ਲਏ ਤੇ ਪਰਿਕਰਮਾ ਵਿਚ ਦਿਨ-ਰਾਤ ਸਫ਼ਾਈ ਦੀ ਸੇਵਾ 'ਚ ਜੁਟੇ ਰਹਿੰਦੇ। ਜੇ ਕਦੇ ਪਰਿਕਰਮਾ 'ਚ ਸਫ਼ਾਈ ਨਾ ਹੋਣੀ ਤਾਂ ਇਹ ਗੱਲ ਆਮ ਪ੍ਰਚਲਿਤ ਹੋ ਗਈ ਸੀ ਕਿ 'ਬੁਲਾਓ ਭੂਰੀ ਵਾਲੇ ਬਾਬੇ ਨੂੰ।' ਸਧਾਰਣ ਲਿਬਾਸ, ਸੇਵਾ, ਨਿਮਰਤਾ ਤੇ ਪਰਉਪਕਾਰੀ ਗੁਣਾਂ ਕਰਕੇ ਸੰਗਤਾਂ ਉਨ੍ਹਾਂ ਨੂੰ 'ਭੂਰੀ ਵਾਲੇ ਬਾਬਾ ਜੀ' ਆਖਦੀਆਂ ਸਨ।

ਬਾਬਾ ਜੀ ਨੇ ਪਰਿਕਰਮਾ ਦੀ ਸੇਵਾ ਦੌਰਾਨ ਸੰਤ ਅਮੀਰ ਸਿੰਘ, ਗਲੀ ਸੱਤੋ ਵਾਲੀ ਅੰਮ੍ਰਿਤਸਰ ਪਾਸੋਂ ਗੁਰਬਾਣੀ ਦੀ ਸੰਥਿਆ ਲਈ ਤੇ ਸਿੱਖੀ ਦੇ ਪ੍ਰਚਾਰ 'ਚ ਅਹਿਮ ਯੋਗਦਾਨ ਪਾਇਆ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 500 ਸਾਲਾ ਪ੍ਰਕਾਸ਼ ਪੁਰਬ ਸਮੇਂ ਉਨ੍ਹਾਂ ਵਿਸ਼ਾਲ ਗੁਰਮਤਿ ਸਮਾਗਮ ਕੀਤੇ। ਸਮਾਗਮ ਦੌਰਾਨ ਜਦ ਕੋਈ ਬੁਲਾਰਾ ਉਨ੍ਹਾਂ ਨੂੰ ਵਡਿਆਉਣ ਦਾ ਯਤਨ ਕਰਦਾ ਤਾਂ ਆਪ ਤੁਰੰਤ ਟੋਕ ਦਿੰਦੇ ਤੇ ਆਖਦੇ, 'ਅਜਿਹੀ ਵਡਿਆਈ ਹੰਕਾਰ ਪੈਦਾ ਕਰਦੀ ਹੈ ਤੇ ਹੰਕਾਰ ਮਨੁੱਖ ਨੂੰ ਵਾਹਿਗੁਰੂ ਤੋਂ ਦੂਰ ਕਰਦਾ ਹੈ। ਬਾਬਾ ਜੈਮਲ ਸਿੰਘ ਦੀ ਸੇਵਾ ਭਾਵਨਾ ਨੂੰ ਵੇਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 1948 ਵਿਚ ਉਨ੍ਹਾਂ ਨੂੰ ਤੇ ਸੰਤ ਗੁਰਮੁਖ ਸਿੰਘ ਪਟਿਆਲਾ ਵਾਲਿਆਂ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਦੱਖਣੀ ਬਾਹੀ (ਪਰਿਕਰਮਾ) ਨੂੰ ਖੁਲ੍ਹਿਆਂ ਕਰਨ ਦੀ ਸੇਵਾ ਸੌਂਪੀ, ਜੋ ਦੋਵਾਂ ਮਹਾਂਪੁਰਖਾਂ ਨੇ ਸ਼ਰਧਾ ਪੂਰਵਕ ਨਿਭਾਈ। ਇਸ ਉਪਰੰਤ ਸ਼੍ਰੋਮਣੀ ਕਮੇਟੀ ਨੇ ਉਨ੍ਹਾਂ ਪਾਸੋਂ ਹੋਰਨਾਂ ਗੁਰਧਾਮਾਂ ਦੇ ਸੇਵਾ ਕਾਰਜ ਵੀ ਕਰਵਾਏ।



ਬਿਰਧ ਅਵਸਥਾ ਹੋਣ ਕਾਰਨ ਆਪ ਨੇ 1958 ਵਿਚ ਤਰਨਤਾਰਨ ਰੋਡ 'ਤੇ ਰਿਹਾਇਸ਼ ਲਈ ਡੇਰਾ ਨਿਰਮਲੇ ਤਪੋਬਨ ਸਥਾਪਤ ਕੀਤਾ। 29 ਅਕਤੂਬਰ 1976 ਨੂੰ ਬਾਬਾ ਜੈਮਲ ਸਿੰਘ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੀ ਅੰਤਮ ਅਰਦਾਸ ਸਮਾਗਮ ਸਮੇਂ ਵੱਖ-ਵੱਖ ਸੰਪਰਦਾਵਾਂ ਤੇ ਨਿਰਮਲ ਪੰਥ ਦੇ ਮੁਖੀਆਂ ਨੇ ਬਾਬਾ ਗੁਰਦਿਆਲ ਸਿੰਘ ਨੂੰ ਅਗਲਾ ਮੁਖੀ ਥਾਪਿਆ। ਸੰਤ ਗੁਰਦਿਆਲ ਸਿੰਘ ਨੇ ਇਨ੍ਹਾਂ ਸੇਵਾਵਾਂ ਨੂੰ ਨਿਭਾਉਂਦੇ ਹੋਏ 10 ਅਪ੍ਰੈਲ 1999 ਨੂੰ ਅਕਾਲ ਚਲਾਣਾ ਕਰਨ ਤੋਂ ਪਹਿਲਾਂ ਸੰਤ ਬਾਬਾ ਕਸ਼ਮੀਰ ਸਿੰਘ ਨੂੰ ਸੰਪਰਦਾਇ ਦਾ ਅਗਲਾ ਮੁਖੀ ਥਾਪਿਆ। ਸੰਤ ਕਸ਼ਮੀਰ ਸਿੰਘ ਨੇ ਬਾਬਾ ਜੈਲਮ ਸਿੰਘ ਤੇ ਬਾਬਾ ਗੁਰਦਿਆਲ ਸਿੰਘ ਭੂਰੀ ਵਾਲਿਆਂ ਵੱਲੋਂ ਆਰੰਭੇ ਸੇਵਾ ਕਾਰਜਾਂ ਨੂੰ ਤਨਦੇਹੀ ਨਾਲ ਨੇਪਰੇ ਚਾੜ੍ਹਿਆ।

ਸੰਤ ਕਸ਼ਮੀਰ ਸਿੰਘ ਤੇ ਉਨ੍ਹਾਂ ਦੇ ਸਹਿਯੋਗੀ ਬਾਬਾ ਸੁਖਵਿੰਦਰ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੌਂਪੀ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੀ ਕਾਰ ਸੇਵਾ, ਸੰਗਤ ਦੀ ਸਹੂਲਤ ਲਈ ਸਰਾਵਾਂ, ਛਬੀਲਾਂ, ਪਾਰਕਾਂ ਆਦਿ ਬਣਾਉਣ ਦੇ ਨਾਲ-ਨਾਲ ਪਟਨਾ ਸਾਹਿਬ ਵਿਖੇ ਅਤਿ ਆਧੁਨਿਕ ਸਰਾਵਾਂ ਦੀ ਉਸਾਰੀ ਕਰ ਕੇ ਸੰਗਤਾਂ ਦੀ ਰਿਹਾਇਸ਼ ਲਈ ਸ਼ਾਨਦਾਰ ਪ੍ਰਬੰਧ ਕੀਤੇ ਹਨ। ਸੇਵਾ ਵਿਚ ਉਨ੍ਹਾਂ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਲੰਬੀ ਤਫਸੀਲ ਹੈ।

ਸੰਤ ਬਾਬਾ ਜੈਮਲ ਸਿੰਘ ਤੇ ਬਾਬਾ ਗੁਰਦਿਆਲ ਸਿੰਘ ਦੀ ਯਾਦ ਵਿਚ 29 ਅਕਤੂਬਰ ਨੂੰ ਨਿਰਮਲੇ ਤਪੋਬਨ, ਤਰਨਤਾਰਨ ਰੋਡ, ਅੰਮ੍ਰਿਤਸਰ ਵਿਖੇ ਸ਼ਰਧਾ ਭਾਵਨਾ ਨਾਲ ਸਾਲਾਨਾ ਸਮਾਗਮ ਕਰਵਾਏ ਜਾ ਰਹੇ ਹਨ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਪੰਥ ਪ੍ਰਸਿੱਧ ਰਾਗੀ ਜਥੇ ਇਲਾਹੀ ਬਾਣੀ ਦੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ, ਉਪਰੰਤ ਢਾਡੀ ਤੇ ਕਵੀਸ਼ਰੀ ਜਥੇ ਵਾਰਾਂ ਗਾਇਨ ਕਰ ਕੇ ਸਿੱਖ ਇਤਿਹਾਸ 'ਤੇ ਚਾਨਣਾ ਪਾਉਣਗੇ ਤੇ ਪ੍ਰਸਿੱਧ ਵਿਦਵਾਨ ਸੰਗਤਾਂ ਨੂੰ ਕਥਾ-ਵਿਚਾਰ ਸਰਵਣ ਕਰਵਾਉਣਗੇ। ਇਸ ਮੌਕੇ ਗੁਰੂ ਕੇ ਅਤੁੱਟ ਲੰਗਰ ਵੀ ਵਰਤਾਏ ਜਾਣਗੇ। •

88728-70111



# ਪਰਮਾਤਮਾ ਦਾ ਚਿੰਤਨ

ਸੰਜੀਵ ਧਰਮਾਣੀ

ਇਕ ਪਰਮ ਪਵਿੱਤਰ ਆਤਮਾ ਪਰਮੇਸ਼ਰ ਦਾ ਚਿੰਤਨ ਕਰਦੀ ਹੈ। ਇਹ ਪਾਕ ਰੂਹ ਬਾਹਰੀ ਭੇਖਾਂ ਤੋਂ ਰਹਿਤ ਹੋ ਕੇ ਪਰਮ ਪਿਤਾ ਨਾਲ ਲਿਵ ਜੋੜਦੀ ਹੈ। ਜਦੋਂ ਮਨ ਦੀ ਮਾਲਾ ਪਰਮਾਤਮਾ ਦੀ ਯਾਦ ਤੇ ਉਸ ਦੇ ਅਟੱਲ ਵਿਸ਼ਵਾਸ ਅਧੀਨ ਜਪੀ ਜਾਂਦੀ ਹੈ ਤਾਂ ਆਤਮਿਕ ਬਲ ਬੁਲੰਦੀ 'ਤੇ ਪਹੁੰਚਦਾ ਹੈ, ਭਾਵ ਅਡੋਲ ਬਣਨ ਲਗਦਾ ਹੈ ਪਰ 'ਮਨ ਦਾ ਚਿੰਤਨ' ਹੈ ਬੜਾ ਕਠਿਨ ਤੇ ਅਦਭੁੱਤ। ਜਦੋਂ ਮਨ ਪਰਮਾਤਮਾ ਨਾਲ ਲਿਵ ਜੋੜਨ ਦੀ ਕੋਸ਼ਿਸ਼ ਕਰਦਾ ਹੈ ਤਾਂ ਪਰਮਾਤਮਾ ਦਾ ਨਾਮ ਜਪਣ ਸਮੇਂ ਵੀ ਆਪ-ਮੁਹਾਰੇ ਇਧਰ-ਉਧਰ ਚਲਾਏਮਾਨ ਰਹਿੰਦਾ ਹੈ। ਪ੍ਰਭੂ ਨਾਲ ਮਨ ਜੋੜਨਾ ਬੜਾ ਕਠਿਨ ਹੈ ਤੇ ਜਿਸ ਦਾ ਮਨ ਉਸ ਪਰਮ-ਪਿਤਾ ਨਾਲ ਜੁੜ ਜਾਂਦਾ ਹੈ, ਉਹ ਉਸ ਦੇ ਰੰਗ 'ਚ ਰੰਗਿਆ ਜਾਂਦਾ ਹੈ। ਉਸ ਦਾ ਮਨੋਬਲ ਫਿਰ ਸੁਮੇਰ ਪਰਬਤ ਵਰਗਾ ਅਡੋਲ ਹੋ ਜਾਂਦਾ ਹੈ।

ਪ੍ਰਭੂ ਅਸੰਖ ਵਿਰੋਧਾਂ ਨੂੰ ਦੂਰ ਕਰਨ ਵਾਲਾ ਤੇ ਸੰਕਟਾਂ ਦਾ ਹਰਨ ਕਰਨ ਵਾਲਾ ਹੈ। ਚਿੰਤਨ ਉਹੀ ਮਹਾਨ ਵਿਅਕਤੀਤਵ ਕਰ ਸਕਦਾ ਹੈ, ਜਿਸ ਨੂੰ ਪ੍ਰਭੂ ਬੁੱਧੀ, ਵਿਵੇਕ ਤੇ ਸਿਆਣਪ ਦੇਵੇ। ਮਨ ਦੇ ਚਿੰਤਨ ਦੇ ਨਾਲ ਹੀ ਦੁਨਿਆਵੀ ਕਾਰਜਾਂ 'ਚ ਵਿਚਰਦੇ ਹੋਏ ਕਰਮ-ਭਾਵ ਦਾ ਹੋਣਾ ਵੀ ਜ਼ਰੂਰੀ ਹੈ। ਕਰਮ-ਵਿਹੂਣੇ ਮਨ ਦਾ ਚਿੰਤਨ ਅਧੂਰਾ ਹੁੰਦਾ ਹੈ। ਇਸੇ ਲਈ ਵਿਦਵਾਨਾਂ ਨੇ 'ਕਰਮ' ਨੂੰ ਵੀ 'ਪੂਜਾ' ਮੰਨਿਆ ਹੈ। ਇਹ ਇਕ ਅਟੱਲ ਸੱਚਾਈ ਵੀ ਹੈ ਕਿਉਂਕਿ ਕਰਮ ਤੋਂ ਬਿਨਾਂ ਦੁਨਿਆਵੀ ਕਾਰਜ ਤੇ ਜੀਵਨ ਨਿਰਬਾਹ ਅਸੰਭਵ ਹੁੰਦਾ ਹੈ।

ਗੁਰੂਆਂ, ਪੀਰਾਂ, ਤੇ ਮਹਾਂਪੁਰਖਾਂ ਨੇ ਵੀ ਸਾਨੂੰ ਪਰਮੇਸ਼ਰ ਦਾ ਨਾਮ ਜਪਣ ਦੇ ਨਾਲ-ਨਾਲ ਕਿਰਤ-ਕਮਾਈ ਕਰਨ ਦੀ ਵੀ ਸਿੱਖਿਆ ਦਿੱਤੀ ਹੈ। ਪ੍ਰਭੂ ਦੇ ਚਿੰਤਨ 'ਚ ਲੱਗੀ ਰੂਹ ਅਡੋਲ, ਭਾਵ ਥਿਰ ਰਹਿੰਦੀ ਹੈ ਤੇ ਦੁਨਿਆਵੀ ਕਾਰਜ ਕਰਦੇ ਹੋਏ ਵੀ ਪਰਮਾਤਮਾ ਨਾਲ ਇਕ-ਮਿੱਕ ਰਹਿੰਦੀ ਹੈ। ਮਨ ਦੇ ਚਿੰਤਨ ਰਾਹੀਂ ਅਸੀਂ ਪਰਮਾਤਮਾ ਦੀ ਨੇੜਤਾ, ਰਹਿਮਤਾਂ, ਬਰਕਤਾਂ ਤੇ ਅਡੋਲਤਾ ਪ੍ਰਾਪਤ ਕਰਨ ਦੇ ਪਾਤਰ ਬਣਦੇ ਹਾਂ। •

94785-61356



# ਅਕਾਲੀ

ਪ੍ਰਿੰ. ਗੁਰਬਚਨ ਸਿੰਘ ਪੰਨਵਾਂ

ਗੁਰਮਤਿ ਮਾਰਤੰਡ ਭਾਗ-ਪਹਿਲਾ ਵਿਚ ਭਾਈ ਕਾਨ੍ਹ ਸਿੰਘ ਨਾਭਾ 'ਅਕਾਲੀ' ਸਿਰਲੇਖ ਹੇਠ ਲਿਖਦੇ ਹਨ - 'ਅਕਾਲ ਦਾ ਉਪਾਸ਼ਕ ਅਕਾਲੀ ਸੱਦੀਦਾ ਹੈ। ਭਾਵੇਂ ਅਕਾਲ ਉਪਾਸ਼ਕ ਸਾਰੇ ਗੁਰਸਿੱਖ ਅਕਾਲੀ ਹਨ ਪਰ ਵਿਸ਼ੇਸ਼ ਕਰਕੇ ਇਹ ਨਾਮ ਅੰਮ੍ਰਿਤਧਾਰੀ ਨਿਹੰਗ ਸਿੰਘਾਂ ਦਾ ਹੈ। ਪਹਿਲਾਂ ਅਕਾਲੀ (ਨਿਹੰਗ ਸਿੰਘ) ਸੁਰਮਈ ਵਸਤਰ, ਪੰਜ ਸ਼ਸਤਰ (ਕ੍ਰਿਪਾਨ, ਧਨੁੱਖ, ਬੰਦੂਕ, ਕਟਾਰ, ਬਰਛਾ) ਰੱਖਦੇ ਸਨ ਤੇ ਗੁਰਮਖਈ ਦਸਤਾਰਾ ਹੋਇਆ ਕਰਦਾ ਸੀ।' ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ - 'ਅਕਾਲੀ ਸਿੰਘ ਰਹਿਤ ਦੇ ਪੱਕੇ, ਹਠੀ, ਤਪੀ, ਗੁਰਬਾਣੀ ਦੇ ਪ੍ਰੇਮੀ, ਸੰਤੋਖੀ, ਨਿਰਭੈ ਤੇ ਵੱਡੇ ਉਦਾਰਤਮ ਹਨ। ਇਨ੍ਹਾਂ ਨੇ ਬਾਰਾਂ ਮਿਸਲਾਂ ਤੇ ਸਿੰਘ ਸਾਹਿਬ ਦੀ ਬਾਦਸ਼ਾਹਤ ਵੇਲੇ ਪੰਥ ਦੀ ਰਾਖੀ ਤੇ ਰਾਹਨੁਮਾਈ ਕੀਤੀ।'

## ਮਹਾਨ ਕੋਸ਼ ਅਨੁਸਾਰ

ਅਕਾਲੀ ਦੀ ਵਿਆਖਿਆ ਕਰਦਿਆਂ ਭਾਈ ਕਾਨ੍ਹ ਸਿੰਘ ਨਾਭਾ ਮਹਾਨ ਕੋਸ਼ 'ਚ ਲਿਖਦੇ ਹਨ, 'ਅਕਾਲੀ ਉਹ, ਜਿਸ ਦਾ ਅਕਾਲ ਨਾਲ ਸਬੰਧ ਹੈ-ਸੰਗਯਾ-ਅਕਾਲ ਉਪਾਸ਼ਕ, ਵਾਹਗੁਰੂ ਜੀ ਕਾ ਖ਼ਾਲਸਾ। ਉਨ੍ਹਾਂ ਦਾ ਕਬਿੱਤ ਹੈ :

*ਕਮਲ ਜਯੋਂ ਮਾਯਾ ਜਲ ਵਿਚ ਹੈ ਅਲੇਪ ਸਦਾ,*
*ਸਭ ਦਾ ਸਨੇਹੀ ਚਾਲ ਸਭ ਤੋਂ ਨਿਰਾਲੀ ਹੈ।*
*ਕਰ ਕੇ ਕਮਾਈ ਖਾਵੇ ਮੰਗਣਾ ਹਰਾਮ ਜਾਣੇ,*
*ਭਾਣੇ ਵਿਚ ਬਿਪਤਾ ਨੂੰ ਮੰਨੇ ਖ਼ੁਸ਼ਹਾਲੀ ਹੈ।*
*ਸਵਾਰਥ ਤੋਂ ਬਿਨਾ ਗੁਰਦੁਆਰਿਆਂ ਦਾ ਚੌਂਕੀਦਾਰ,*
*ਧਰਮ ਦੇ ਜੰਗ ਲਈ ਚੜ੍ਹੇ ਮੁੱਖ ਲਾਲੀ ਹੈ।*
*ਪੂਜੇ ਨਾ ਅਕਾਲ ਬਿਨਾ ਹੋਰ ਕੋਈ ਦੇਵੀ ਦੇਵ,*
*ਸਿੱਖ ਦਸਮੇਸ਼ ਦਾ ਸੁ ਕਹੀਏ ਅਕਾਲੀ ਹੈ।*

## ਸਦਾਚਰਕ ਬੁਨਿਆਦ

ਜਪੁ ਬਾਣੀ ਦੇ ਮੁੱਢ ਵਿਚ ਮੰਗਲਾ-ਚਰਣ ਲਿਖ ਕੇ ਰੱਬੀ ਗੁਣਾਂ ਦੀ ਵਿਆਖਿਆ ਕੀਤੀ ਹੈ। ਇਨ੍ਹਾਂ ਗੁਣਾਂ ਨੂੰ ਧਾਰਨ ਕਰ ਕੇ ਅਕਾਲ ਪੁਰਖ ਨਾਲ ਅਭੇਦ ਹੋਣਾ ਹੀ 'ਸਚਿਆਰ' ਮਨੁੱਖ ਦੀ ਸਿਰਜਣਾ ਹੈ। ਦੈਵੀ ਗੁਣਾਂ ਨਾਲ ਭਰਪੂਰ ਮਨੁੱਖ ਨੂੰ ਹੀ 'ਸਚਿਆਰ' ਕਿਹਾ ਗਿਆ ਹੈ। ਸਚਿਆਰ ਮਨੁੱਖ ਸੰਤੋਖ, ਧੀਰਜ, ਹਲੀਮੀ, ਧਰਮ, ਦਇਆ, ਪਰਉਪਕਾਰ, ਸੇਵਾ ਲਈ ਤਤਪਰ, ਸਹਿਜ, ਆਤਮਿਕ ਸੂਝ, ਭਾਈਚਾਰਕ ਸਾਂਝ, ਸਫ਼ਾਈ ਪਸੰਦ, ਹੁਕਮੀ ਹੋਣਾ, ਮਿਲਵਰਤਣ, ਦਰਦ ਵੰਡਾਉਣ ਵਾਲਾ ਤੇ ਅੰਦਰੋਂ-ਬਾਹਰੋਂ ਇੱਕੋ ਜਿਹਾ ਹੋਣਾ ਤਸੱਵਰ ਕੀਤਾ ਗਿਆ ਹੈ। ਮਨ ਦੇ ਭੈੜੇ ਫੁਰਨਿਆਂ ਨੂੰ ਕਾਬੂ ਰੱਖਣਾ, ਵਿਕਾਰੀ ਦ੍ਰਿਸ਼ਟੀ ਦਾ ਤਿਆਗੀ ਹੋਣਾ, ਲਾਲਚ ਨੂੰ ਨੇੜੇ ਨਾ ਆਉਣ ਦੇਣ ਵਾਲਾ, ਕਾਮੀ ਬਿਰਤੀਆਂ ਦਾ ਤਿਆਗੀ, ਨਵਾਬੀਆਂ ਨੂੰ ਠੋਕਰ ਮਾਰਨ ਵਾਲਾ ਮੰਨਿਆ ਗਿਆ ਹੈ- ਭਾਈ ਸੋਹਣ ਸਿੰਘ ਘੁੱਕੇਵਾਲੀ ਦੀਆਂ ਭਾਵ ਪੂਰਤ ਸਤਰਾਂ ਹਨ :

*ਇਕ ਮੁੱਠ ਛੋਲਿਆਂ ਦੀ ਖਾ ਕੇ ਤੇਰੇ ਲੰਗਰਾਂ 'ਚੋਂ,*
*ਘੂਰ ਘੂਰ ਮੌਤ ਨੂੰ ਬੁਲਾਵੇ ਤੇਰਾ ਖ਼ਾਲਸਾ।*
*ਪੰਜ ਘੁੱਟ ਪੀ ਕੇ ਤੇਰੇ ਬਾਟਿਓਂ ਪ੍ਰੇਮ ਵਾਲੇ,*
*ਮਸਤ ਹੋਏ ਹਾਥੀਆਂ ਨੂੰ ਢਾਵੇ ਤੇਰਾ ਖ਼ਾਲਸਾ।*
*ਪਵੇ ਕਿਤੇ ਲੋੜ ਜੇਕਰ ਸ਼ਾਨ ਅਜਮਾਉਣ ਲਈ,*
*ਮੂਹਰੇ ਹੋ ਛਾਤੀਆਂ ਨੂੰ ਡਾਹਵੇ ਤੇਰਾ ਖ਼ਾਲਸਾ।*
*ਏਦੇ ਦਿਲ 'ਚ ਪਿਆਰ, ਨੈਨਾਂ 'ਚ ਅਕਾਲ ਵੱਸੇ,*
*ਠੋਕਰਾਂ ਨਵਾਬੀਆਂ ਨੂੰ ਲਾਵੇ ਤੇਰਾ ਖ਼ਾਲਸਾ।*

ਲਾਲਚ ਦਾ ਤਿਆਗੀ ਤੇ ਝੁੰਗੇ 'ਚ ਮਿਲੀਆਂ ਰਾਜ-ਗੱਦੀਆਂ ਨੂੰ ਨਕਾਰਨ ਵਾਲਾ ਹੀ ਸਚਿਆਰ ਮਨੁੱਖ ਦਾ ਉਘੜਵਾਂ ਰੂਪ ਹੋ ਸਕਦਾ ਹੈ। ਸਚਿਆਰ ਮਨੁੱਖ ਨੇ ਇਕ ਪੈਂਡਾ ਤਹਿ ਕੀਤਾ ਹੈ। ਦੈਵੀ ਗੁਣਾਂ ਵਾਲਾ ਅੰਦਰਲਾ ਪਹਿਰਾਵਾ ਇਕ ਹੀ ਰਿਹਾ ਹੈ ਪਰ ਸਮੇਂ ਅਨੁਸਾਰ ਨਾਵਾਂ 'ਚ ਤਬਦੀਲੀ ਜ਼ਰੂਰ ਆਈ। ਕਦੇ ਆਸ਼ਕ ਦੇ ਨਾਂ ਨਾਲ ਯਾਦ ਕੀਤਾ ਗਿਆ ਹੈ ਤੇ ਕਦੇ ਸੇਵਕ ਦੇ ਰੂਪ ਵਿਚ। ਗੁਰੂ ਅਮਰਦਾਸ ਜੀ ਦਾ ਫ਼ਰਮਾਨ ਹੈ :

*ਨਾਨਕ ਆਸਕੁ ਕਾਂਢੀਐ*
*ਸਦ ਹੀ ਰਹੈ ਸਮਾਇ॥*

ਇਕ ਹੋਰ ਫ਼ੁਰਮਾਨ ਹੈ :

*ਨਾਨਕ ਸੇਵਕੁ ਸੋਈ ਆਖੀਐ*
*ਜੋ ਸਿਰੁ ਧਰੇ ਉਤਾਰਿ॥*
*ਸਤਿਗੁਰ ਕਾ ਭਾਣਾ ਮੰਨਿ ਲਏ,*
*ਸਬਦੁ ਰਖੈ ਉਰਧਾਰਿ॥*

ਸਦਾ ਸਿੱਖਣ ਦੀ ਚਾਹਤ ਰੱਖਣ ਵਾਲਾ, ਅੰਦਰੋਂ-ਬਾਹਰੋਂ ਇਕਸਾਰ ਰਹਿਣ ਵਾਲਾ, ਗੁਰੂ ਦੇ ਚਰਨਾਂ ਨੂੰ ਹਿਰਦੇ ਵਿਚ ਟਿਕਾਉਣ ਵਾਲਾ, ਸਚਿਆਰ ਸਿੱਖ ਹੀ ਗੁਰੂ ਦਾ ਰੂਪ ਹੋ ਨਿਬੜਦਾ ਹੈ। ਗੁਰੂ ਅਮਰਦਾਸ ਜੀ ਰਾਗ ਰਾਮਕਲੀ ਵਿਚ ਅਨੰਦ ਦੀ ਬਾਣੀ 'ਚ ਪੰਨਾ ਨੰਬਰ 919 ਉੱਪਰ ਫਰਮਾਉਂਦੇ ਹਨ :

*ਜੇ ਕੋ ਸਿਖੁ, ਗੁਰੂ ਸੇਤੀ ਸਨਮੁਖੁ ਹੋਵੈ॥*
*ਹੋਵੈ ਤ ਸਨਮੁਖੁ ਸਿਖੁ ਕੋਈ,*
*ਜੀਅਹੁ ਰਹੈ ਗੁਰ ਨਾਲੈ॥*
*ਗੁਰ ਕੇ ਚਰਨ ਹਿਰਦੈ ਧਿਆਏ,*
*ਅੰਤਰ ਆਤਮੈ ਸਮਾਲੇ॥*
*ਆਪੁ ਛਡਿ ਸਦਾ ਰਹੈ ਪਰਣੈ,*
*ਗੁਰ ਬਿਨੁ ਅਵਰੁ ਨ ਜਾਣੈ ਕੋਏ॥*
*ਕਹੈ ਨਾਨਕੁ ਸੁਣਹੁ ਸੰਤਹੁ,*
*ਸੋ ਸਿਖੁ ਸਨਮੁਖੁ ਹੋਏ॥*

ਭਾਵ, ਜੇ ਕੋਈ ਸਿੱਖ ਗੁਰੂ ਦੇ ਸਾਹਮਣੇ ਸੁਰਖ਼ਰੂ ਹੋਣਾ ਚਾਹੁੰਦਾ ਹੈ ਕਿ ਕਿਸੇ ਲੁਕਵੇਂ ਖੋਟ ਕਾਰਨ ਉਸ ਨੂੰ ਗੁਰੂ ਦੇ ਸਾਹਮਣੇ ਅੱਖਾਂ ਨੀਵੀਆਂ ਨ ਕਰਨੀਆਂ ਪੈਣ ਤਾਂ ਰਸਤਾ ਇੱਕੋ ਹੈ ਕਿ ਉਹ ਸੱਚੇ ਦਿਲੋਂ ਗੁਰੂ ਦੇ ਚਰਨਾਂ 'ਚ ਟਿਕੇ। ਸਿੱਖ ਗੁਰੂ ਦੇ ਚਰਨਾਂ ਨੂੰ ਹਿਰਦੇ ਵਿਚ ਥਾਂ ਦੇਵੇ, ਆਪਣੀ ਆਤਮਾ ਅੰਦਰ ਸੰਭਾਲ ਰੱਖੇ, ਆਪਾ-ਭਾਵ ਛੱਡ ਕੇ ਗੁਰੂ ਦੇ ਆਸਰੇਤੋਂ ਬਿਨਾ ਕਿਸੇ ਹੋਰ ਨੂੰ ਆਤਮਕ ਜੀਵਨ ਦਾ ਵਸੀਲਾ ਨਾ ਸਮਝੇ। ਗੁਰੂ ਨਾਨਕ ਦੇਵ ਜੀ ਆਖਦੇ ਹਨ - ਹੇ ਸੰਤ ਜਨੋ ! ਉਸ ਸਿੱਖ ਦੇ ਹੀ ਅੰਦਰ ਆਤਮਕ ਖੇੜਾ ਹੋ ਸਕਦਾ ਹੈ, ਉਹੀ ਆਤਮਕ ਆਨੰਦ ਮਾਣ ਸਕਦਾ ਹੈ। ਭਾਵ, ਉਹੀ ਮਨੁੱਖ ਆਤਮਕ ਆਨੰਦ ਮਾਣ ਸਕਦਾ ਹੈ, ਜਿਹੜਾ ਸੱਚੇ ਦਿਲੋਂ ਗੁਰੂ ਦੇ ਚਰਨਾਂ ਵਿਚ ਟਿਕਿਆ ਰਹਿੰਦਾ ਹੈ, ਜਿਹੜਾ ਆਪਾ-ਭਾਵ ਛੱਡ ਕੇ ਗੁਰੂ ਨੂੰ ਆਪਣਾ ਆਸਰਾ ਬਣਾਈ ਰੱਖਦਾ ਹੈ।

ਸਚਿਆਰ ਮਨੁੱਖ ਹੀ ਉਹ ਨਰ ਮਨੁੱਖ ਹੈ, ਜਿਹੜਾ ਦੁੱਖ-ਸੁੱਖ ਨੂੰ ਇਕਸਾਰ ਬਿਰਤੀ ਨਾਲ ਜਾਣਦਾ ਹੈ। ਇਨ੍ਹਾਂ ਅਸੂਲਾਂ ਦੀ ਪਕਿਆਈ ਵਿੱਚੋਂ ਉਸ ਮਨੁੱਖ ਦੀ ਘਾੜਤ ਘੜੀ ਗਈ ਹੈ, ਜਿਸ ਦਾ ਸਿੱਧਾ ਸਬੰਧ ਅਕਾਲ ਪੁਰਖ ਨਾਲ ਹੁੰਦਾ ਹੈ। ਇਸ ਅਵਸਥਾ ਵਿਚ ਖੋਟ, ਕਪਟ, ਵਿਕਾਰ ਬਿਰਤੀ ਲਈ ਕੋਈ ਥਾਂ ਨਹੀਂ ਹੁੰਦਾ। ਗੁਰੂ ਨਾਨਕ ਸਾਹਿਬ ਜੀ ਦੇ ਦਸਵੇਂ ਜਾਮੇ ਵਿਚ ਇਸ 'ਸਚਿਆਰ' ਨੂੰ 'ਖ਼ਾਲਸਾ' ਆਖਿਆ ਜਾਣ ਲੱਗ ਪਿਆ। ਇਸ 'ਖ਼ਾਲਸਾ' ਸ਼ਬਦ ਦੀ ਡੂੰਘੀ ਨੀਂਹ ਵਿਚ 230 ਸਾਲ ਦੀ ਗੁਰਬਾਣੀ ਵਾਲੀ ਰੂਹਾਨੀਅਤ, ਗੁਰੂ ਸਾਹਿਬਾਨ ਦੀਆਂ ਸ਼ਹੀਦੀਆਂ, ਮਾਸੂਮ ਜਿੰਦਾਂ ਦਾ ਖ਼ੂਨ ਤੇ ਸਿੱਖਾਂ ਵੱਲੋਂ ਆਪਣੇ ਗੁਰੂ ਤੋਂ ਆਪਾ ਵਾਰਨ ਦੀ ਭਾਵਨਾ ਦੇ ਅਟੁੱਟ ਰਿਸ਼ਤੇ ਦੀ ਸਾਂਝ ਨਾਲ ਭਰੀ ਹੋਈ ਹੈ। ਇਹ ਸ਼ਹੀਦੀਆਂ ਜ਼ਰ, ਜ਼ੋਰੂ ਤੇ ਜ਼ਮੀਨ ਲਈ ਨਹੀਂ ਹੋਈਆਂ ਤੇ ਨਾ ਹੀ ਕਿਸੇ ਡਰ ਅਧੀਨ ਦਿੱਤੀਆਂ ਗਈਆਂ। ਇਹ ਮਨੁੱਖੀ ਹੱਕਾਂ ਦੀ ਰਾਖੀ ਤੇ ਹਲੇਮੀ ਰਾਜ ਦੀ ਸਥਾਪਤੀ ਨੂੰ ਕਾਇਮ ਕਰਨ ਲਈ ਹੋਈਆਂ ਹਨ। ਸਿਦਕ-ਸਬੂਰੀ, ਸੰਤੋਖ, ਧਰਮ, ਦਇਆ, ਸੇਵਾ-ਭਾਵਨਾ ਤੇ ਦ੍ਰਿੜਤਾ ਦਾ ਨਾਂ 'ਖ਼ਾਲਸਾ' ਹੈ। ਖ਼ਾਲਸਾ ਇਕ ਕੁਠਾਲੀ ਵਿੱਚੋਂ ਦੀ ਹੁੰਦਾ ਹੋਇਆ ਆਇਆ ਹੈ। ਇਸ ਦਾ ਸਿੱਧਾ ਸਬੰਧ ਅਕਾਲੀ ਗੁਣਾਂ, ਭਾਵ ਅਕਾਲ-ਪੁਰਖ ਨਾਲ ਹੈ।

## ਖ਼ਾਲਸੇ ਦੀ ਪ੍ਰਪੱਕਤਾ

ਖ਼ਾਲਸੇ ਦੇ ਤਸੱਵਰ 'ਚ ਮੌਤ ਦੇ ਭੈਅ ਦਾ ਕੋਈ ਥਾਂ ਨਹੀਂ ਹੈ। ਬਾਬਾ ਬੰਦਾ ਸਿੰਘ ਬਹਾਦਰ ਸਿੱਖ ਕੌਮ ਦਾ ਉਹ ਧ੍ਰੂ ਤਾਰਾ ਹੈ, ਜਿਸ ਦੇ ਪੱਟਾਂ 'ਤੇ ਪਿਆ ਮਾਸੂਮ ਬੱਚਾ ਸ਼ਹੀਦੀ ਦਾ ਜਾਮ ਪੀਂਦਾ ਹੈ ਪਰ ਖ਼ਾਲਸਾ ਡੋਲਿਆ ਨਹੀਂ, ਥਿੜਕਿਆ ਨਹੀਂ ਤੇ ਬਾਕੀ ਦੇ ਸਿੰਘ ਇਕ ਦੂਜੇ ਨਾਲੋਂ ਪਹਿਲਾਂ ਮਰਨ ਲਈ ਆਪਣੀ ਵਾਰੀ ਦੀ ਉਡੀਕ ਵਿਚ ਤਿਆਰ ਖੜ੍ਹੇ ਹਨ। ਖ਼ਾਲਸੇ ਨੂੰ ਦੁਨੀਆ ਦਾ ਕੋਈ ਲਾਲਚ, ਡਰਾਵਾ ਡਰਾ ਧਮਕਾ ਨਹੀਂ ਸਕਿਆ। ਆਪਣੇ ਸੁੱਖ ਨੂੰ ਗੁਰੂ ਦੇ ਅਰਪਣ ਕਰਦਿਆਂ ਜਾਨਾਂ ਦੀ ਪਰਵਾਹ ਨਹੀਂ ਕੀਤੀ। ਘੋੜਿਆਂ ਦੀ ਕਾਠੀਆਂ 'ਤੇ ਰਾਤਾਂ ਕੱਟੀਆਂ। ਕਾਹਨੂੰਵਾਨ ਦਾ ਛੰਭ ਹੈ ਜਾਂ ਮਲੇਰਕੋਟਲੇ ਨੇੜੇ ਕੁਪ-ਰਹੀੜੇ ਦਾ ਮੈਦਾਨ, ਹਜ਼ਾਰਾਂ ਦੀ ਗਿਣਤੀ 'ਚ ਸਿੰਘ-ਸਿੰਘਣੀਆਂ ਤੇ ਬੱਚੇ ਸ਼ਹੀਦ ਕਰਾ ਕੇ ਸ਼ਾਮ ਨੂੰ ਏਹੀ ਪੜ੍ਹਿਆ- ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ।' ਖ਼ਾਲਸੇ ਦੀ ਮੂੰਹ ਬੋਲਦੀ ਤਸਵੀਰ ਸਬੰਧੀ ਪੰਥ ਪ੍ਰਸਿੱਧ ਵਿਦਵਾਨ ਗਿਆਨੀ ਗਿਆਨ ਸਿੰਘ ਨੇ ਕੈਸਾ ਸੁੰਦਰ ਲਿਖਿਆ ਹੈ :

*ਫਿੱਡਾ ਜੈਸਾ ਟੱਟੂਆ, ਔ ਜੁਲਫੂ ਸਾ ਕਾਠੀ ਪਾਏ,*
*ਰੱਸੜੂ ਲਗਾਮ ਤੇ ਰੱਸੜੂ ਰਕਾਬ ਜੂ।*
*ਪਾਟਿਆ ਸਾ ਕੱਛੜੂ, ਨੀਲੜੂ ਸਾ ਚਾਦਰੂ ਹੈ,*
*ਛੁੱਚੂ ਜੈਸਾ ਪੱਗੜੂ ਬਣਾਇਆ ਸਿਰਤਾਜ ਜੂ।*
*ਟੁੱਟਿਆ ਜੈਸਾ ਤੇਗੜੂ ਤੇ ਲੀਰੜੂ ਮਿਆਨ ਜਾ ਕੇ,*
*ਗਠ ਸਠ ਗਾਤਰਾ ਬਣਾਇਆ ਸਭ ਸਾਜ ਜੂ।*
*ਨਾਮ ਤੋ ਅਕਾਲੜੂ, ਸੋ ਫਿਰੇ ਬੁਰੇ ਹਾਲੜੂ ਸੋ,*
*ਲੂਟ ਕੂਟ ਖਾਵਣੇ ਕੋ ਡਾਢੇ ਉਸਤਾਜ ਜੂ।*

ਤਿੱਖੀਆਂ ਰੰਬੀਆਂ, ਆਰੇ ਦੰਦੇ, ਉਬਲਦੀਆਂ ਦੇਗਾਂ, ਬੰਦ-ਬੰਦ ਕੱਟ ਦੇਣ ਵਾਲੀਆਂ ਤੇ ਭੈ-ਭੀਤ ਕਰਨ ਵਾਲੀਆਂ ਸਜ਼ਾਵਾਂ ਵਿੱਚੋਂ ਹਮੇਸ਼ਾ ਕੁੰਦਨ ਬਣ ਕੇ ਨਿਕਲਿਆ। ਇਸ ਕਿਰਦਾਰ ਦੇ ਮੁਹਵਰੇ ਬਣ ਗਏ ਸਨ -'ਆਏ ਨੀ ਨਿਹੰਗ ਕੁੰਡਾ ਖੋਲ੍ਹਦੇ ਨਿਸੰਗ।' ਅਜਿਹੇ ਲਕਬਾਂ ਨਾਲ ਖ਼ਾਲਸੇ ਦੀ ਸ਼ਾਨ ਨੂੰ ਚਾਰ ਚੰਨ ਲੱਗਦੇ ਰਹੇ ਹਨ।

## ਰਾਜ ਭਾਗ ਦੇ ਮਾਲਕ

ਖ਼ਾਲਸੇ ਨੇ ਪ੍ਰਗਟ ਹੋਣ ਦੇ ਸੌ ਸਾਲ ਉਪਰੰਤ ਰਾਜ ਭਾਗ ਨੂੰ ਆਪਣੇ ਪੈਰਾਂ ਹੇਠ ਕਰ ਲਿਆ ਕਿਉਂਕਿ ਅੰਤਰ ਆਤਮਾ 'ਚ ਗੁੜ੍ਹਤੀ ਇਕ-ਓਂਕਾਰ ਦੀ ਸੀ। ਅਰਦਾਸ 'ਚ ਵੀ ਇਨ੍ਹਾਂ ਸ਼ਬਦਾਂ ਦਾ ਦੁਹਰਾਓ ਹੈ ਕਿ 'ਖਾਲਸਾ ਜੀ ਕੇ ਬੋਲ ਬਾਲੇ।' ਸਮੇਂ ਨੇ ਪ੍ਰਸਥਿਤੀਆਂ ਬਦਲੀਆਂ ਤੇ ਆਪਣੀ ਤਾਕਤ ਨਾਲ ਖ਼ਾਲਸੇ ਨੇ ਰਾਜ ਭਾਗ ਕਾਇਮ ਕੀਤਾ।

ਇਸ ਸਮੇਂ ਵਿਚ ਖ਼ਾਲਸੇ ਨੇ ਇਕ ਹੋਰ ਸ਼ਬਦ ਨੂੰ ਜਨਮ ਦਿੱਤਾ। ਮਹਾਨ ਕੋਸ਼ ਅਨੁਸਾਰ ਬਾਬਾ ਨੈਣਾ ਸਿੰਘ ਦਾ ਚਾਟੜਾ ਅਕਾਲੀ ਫੂਲਾ ਸਿੰਘ ਸਿੱਖ ਦਲ 'ਚ ਪ੍ਰਸਿੱਧ ਸੈਨਾਪਤੀ ਹੋਇਆ ਹੈ। ਨਿਹੰਗ ਸਿੰਘ ਅਕਾਲ ਦੇ ਉਪਾਸ਼ਕ ਤੇ ਅਕਾਲ! ਅਕਾਲ! ਜਪਦੇ ਹਨ, ਇਸ ਕਾਰਨ ਇਨ੍ਹਾਂ ਦਾ ਨਾਂ 'ਅਕਾਲੀ' ਮਸ਼ਹੂਰ ਹੋਇਆ। ਅਕਾਲੀ ਦਾ ਤਸੱਵਰ ਸਚਿਆਰ ਮਨੁੱਖ ਤੋਂ ਹੀ ਹੈ।

## 1920 ਤੋਂ ਬਾਅਦ ਅਕਾਲੀ

ਡਾ. ਹਰਜਿੰਦਰ ਸਿੰਘ ਦਿਲਗੀਰ 'ਸਿੱਖ ਤਵਾਰੀਖ' ਵਿਚ ਲਿਖਦੇ ਹਨ ਕਿ 1920 ਵਿਚ ਸੰਜੀਦਾ ਸਿੱਖ ਆਗੂਆਂ ਨੇ ਅੰਮ੍ਰਿਤ ਪਰਚਾਰ ਦੀ ਲਹਿਰ ਚਲਾਈ। ਇਸ ਦੇ ਨਾਲ ਹੀ ਸਿੱਖਾਂ ਦੇ ਧਾਰਮਿਕ ਤੇ ਸਿਆਸੀ ਹਾਲਾਤ ਬਾਰੇ ਵਿਚਾਰਾਂ ਕੀਤੀਆਂ। ਗੁਰਦੁਆਰਿਆਂ ਦੀ ਹਾਲਤ ਦੀ ਵੀ ਚਰਚਾ ਚੱਲੀ। ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਹੋਏ ਸਿੰਘ ਟੋਲੀਆਂ ਬਣਾ ਕੇ ਸ਼ਾਹਿਰਾਂ ਤੋਂ ਪਿੰਡਾਂ ਵੱਲ ਨੂੰ ਨਿਕਲਣ ਲੱਗੇ। ਖੁੱਲ੍ਹਾ ਦਾਹੜਾ, ਹੱਥ 'ਚ ਕਿਰਪਾਨ ਹਰ ਸੰਜੀਦਾ ਸਿੱਖ ਦਾ ਹਿੱਸਾ ਬਣ ਗਈ ਸੀ। ਪਹਿਲੀ ਮਈ 1920 ਨੂੰ ਸੁੰਦਰ ਸਿੰਘ, ਹਰਚੰਦ ਸਿੰਘ ਲਾਇਲਪੁਰੀ, ਹੀਰਾ ਸਿੰਘ ਦਰਦ, ਸਰਦੂਲ ਸਿੰਘ ਤੇ ਸਾਥੀਆਂ ਨੇ ਲਾਹੌਰ ਵਿਖੇ ਰੋਜ਼ਾਨਾ 'ਅਕਾਲੀ' ਅਖ਼ਬਾਰ ਕੱਢਣ ਦਾ ਫ਼ੈਸਲਾ ਕੀਤਾ। ਉਨ੍ਹਾਂ ਨੇ ਇਹ ਨਾਂ ਅਕਾਲੀ ਫੂਲਾ ਸਿੰਘ ਦੀ ਖਾੜਕੂ ਸੋਚ ਕਾਰਨ ਚੁਣਿਆ ਸੀ। 21 ਮਈ 1920 ਅਕਾਲੀ ਅਖ਼ਬਾਰ ਦਾ ਪਹਿਲਾ ਦਿਨ ਸੀ। ਅਕਾਲੀ ਅਖਬਾਰ ਦੁਆਰਾ ਅਕਾਲੀ ਨਾਂ ਦੀ ਹਰ ਪਾਸੇ ਬੱਲੇ-ਬੱਲੇ ਹੋਣ ਲੱਗੀ ਤੇ ਇੰਜ ਅਕਾਲੀ ਲਹਿਰ ਚੱਲੀ। ਇਸ ਅਖ਼ਬਾਰ 'ਚ ਭਾਈ ਹੀਰਾ ਸਿੰਘ ਦਰਦ ਦੀ ਕਵਿਤਾ ਛਪੀ ਸੀ, ਜਿਹੜੀ ਹਰ ਅਕਾਲੀ ਨੂੰ ਜ਼ੁਬਾਨੀ ਯਾਦ ਸੀ :

*ਅੱਖਾਂ ਖੋਲ੍ਹੋ ਢਿੱਲੜ ਵੀਰੋ*
*ਆ ਗਿਆ ਫਿਰ ਅਕਾਲੀ ਜੇ।*

ਖੰਡਾ ਫੜਿਆ ਹੱਥ ਵਿਚ ਸੱਚ ਦਾ, ਜੋਤ ਮਾਰਦੀ ਲਾਲੀ ਜੇ।
ਧਰਮੀ ਯੋਧੇ ਕੌਮੀ ਰਾਖੇ ਦਿੱਤੀ ਆਣ ਵਿਖਾਲੀ ਜੇ।
ਅੱਖਾਂ ਖੋਲ੍ਹੋ ਢਿੱਲੜ ਵੀਰੋ ਆ ਗਿਆ ਫਿਰ ਅਕਾਲੀ ਜੇ।

ਹਰ ਪਾਸੇ ਨੀਲੀਆਂ ਪੱਗਾਂ ਤੇ ਕਿਰਪਾਨ ਧਾਰੀ ਅਕਾਲੀ ਨਜ਼ਰ ਆਉਣ ਲੱਗੇ। ਸਮਾਂ ਆਪਣੀ ਤੋਰ ਤੁਰਦਾ ਗਿਆ, ਅਖ਼ੀਰ ਗੁਰਦੁਆਰਾ ਸੇਵਕ ਦਲ ਤੋਂ ਸ਼੍ਰੋਮਣੀ ਅਕਾਲੀ ਦਲ ਨਾਂ ਰੱਖਿਆ ਗਿਆ ਉਦੋਂ ਜਦੋਂ ਗੁਰਦੁਆਰਾ ਪੰਜਾ ਸਾਹਿਬ ਨੂੰ ਮਹੰਤ ਦੇ ਕਬਜ਼ੇ 'ਚੋਂ ਮੁਕਤ ਕਰਵਾਇਆ ਸੀ। 26 ਨਵੰਬਰ 1920 ਨੂੰ ਇਸ ਗੱਲ ਦੀ ਵਿਚਾਰ ਹੋਈ ਕਿ ਗੁਰਦੁਆਰਾ ਸੇਵਕ ਦਲ ਨਾਂ ਰੱਖਿਆ ਜਾਏ ਜਾਂ ਅਕਾਲੀ ਦਲ ਨਾਂ ਰੱਖਿਆ ਜਾਏ। ਇਸ ਲਹਿਰ ਵਿਚ ਬਹੁਤ ਵੱਡਾ ਜੋਸ਼ ਵੇਖਣ ਨੂੰ ਮਿਲਿਆ। 14 ਦਸੰਬਰ 1920 ਨੂੰ ਮੁੜ ਅਕਾਲ ਤਖ਼ਤ ਵਿਖੇ ਭਾਈ ਕਰਤਾਰ ਸਿੰਘ ਝੱਬਰ ਦੀਆਂ ਕੋਸ਼ਿਸ਼ਾਂ ਸਦਕਾ ਭਾਰੀ ਇਕੱਠ ਹੋਇਆ ਤੇ ਡੂੰਘੇ ਵਿਚਾਰ-ਵਟਾਂਦਰੇ ਤੋਂ ਬਾਅਦ ਸਿਆਸੀ ਵਿੰਗ ਦੇ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ ਹੋਂਦ 'ਚ ਆਇਆ। ਇਸ ਅਕਾਲੀ ਦਲ ਦਾ ਦੋ ਨੁਕਾਤੀ ਪ੍ਰੋਗਰਾਮ ਸੀ। ਇਕ ਇਹ ਕਿ ਸਾਰੇ ਜਥਿਆਂ ਨੂੰ ਇਕੱਠਾ ਕਰ ਕੇ ਪੰਥ ਦੀ ਸੇਵਾ ਕਰਨੀ ਅਤੇ ਅਕਾਲੀ ਦਲ ਦਾ ਦੂਸਰਾ ਮਤਾ ਬੜਾ ਅਹਿਮ ਸੀ ਕਿ ਗੁਰਦੁਆਰਿਆਂ ਦੀ ਸੇਵਾ ਲਈ ਸ਼੍ਰੋਮਣੀ ਕਮੇਟੀ ਦੇ ਹੁਕਮਾਂ 'ਤੇ ਅਮਲ ਕਰਨਾ।

ਡਾ. ਹਰਜਿੰਦਰ ਸਿੰਘ ਜੀ ਦਿਲਗੀਰ ਸਿੱਖ ਤਵਾਰੀਖ਼ ਦੇ ਪੰਨਾ ਨੰਬਰ 821 'ਤੇ ਲਿਖਦੇ ਹਨ ਕਿ ਹਰ ਅਕਾਲੀ ਨੂੰ ਇਕ ਸੌਂਹ ਚੁਕਾਈ ਜਾਂਦੀ ਸੀ, 'ਮੈਂ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਵਾਅਦਾ ਕਰਦਾ ਹਾਂ ਕਿ ਮੈਂ ਗੁਰਦੁਆਰਾ ਸੁਧਾਰ ਲਹਿਰ ਵਾਸਤੇ ਤਨ, ਮਨ ਕੁਰਬਾਨ ਕਰ ਦੇਵਾਂਗਾ। ਇਸ ਸਬੰਧੀ ਮੈਂ ਆਪ ਜਥੇਦਾਰ ਦੇ ਹੁਕਮ ਵਿਚ ਰਹਾਂਗਾ। ਵੱਡੀ ਤੋਂ ਵੱਡੀ ਮੁਸੀਬਤ ਵਿਚ ਵੀ ਮੈਂ ਕਿਸੇ ਨੂੰ ਕੁਬੋਲ ਨਹੀਂ ਕਰਾਂਗਾ ਤੇ ਨਾ ਹੀ ਤਸ਼ੱਦਦ ਕਰਾਂਗਾ।' ਡਾ. ਦਿਲਗੀਰ ਲਿਖਦੇ ਹਨ ਕਿ ਔਰਤਾਂ ਵੱਡੀ ਗਿਣਤੀ ਵਿਚ ਅਕਾਲਣਾ ਬਣ ਰਹੀਆਂ ਸਨ ਪਰ ਉਨ੍ਹਾਂ ਦਾ ਕੰਮ ਸਟੇਜ 'ਤੇ ਬੋਲਣਾ ਤੇ ਅਕਾਲੀ ਦਲ ਲਈ ਕੰਮ ਕਰਨ ਤਕ ਸੀਮਤ ਸੀ। ਇੰਜ ਅਕਾਲੀ ਦਲ ਵੱਡੀ ਡਿਸਿਪਲਿਨ ਵਾਲੀ ਜਥੇਬੰਦੀ ਬਣੀ ਤੇ ਬੜੀ ਤੇਜ਼ੀ ਨਾਲ ਇਨ੍ਹਾਂ ਨੇ ਗੁਰਦੁਆਰਾ ਸੁਧਾਰ ਲਹਿਰ ਨੂੰ ਅੱਗੇ ਵਧਾਇਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਰ ਹੁਕਮ 'ਤੇ ਅਕਾਲੀ ਦਲ ਫੁੱਲ ਚੜ੍ਹਾਉਂਦੇ ਸਨ। ਜਦੋਂ ਮੋਰਚਾ ਲਗਦਾ ਤਾਂ ਜੱਥੇ ਵਿੱਚੋਂ ਕਈ ਅਕਾਲੀ ਲਿਖ ਕੇ ਦਿੰਦੇ ਸਨ ਕਿ ਜੇ ਮੈਂ ਸ਼ਹੀਦ ਹੋ ਗਿਆ ਤਾਂ ਮੇਰੀ ਜਾਇਦਾਦ ਗੁਰੂ ਨੂੰ ਅਰਪਣ ਹੋਵੇ। ਸਚਿਆਰ ਤੋਂ ਤੁਰਿਆ ਸਫ਼ਰ ਸਮੁੱਚੀ ਸਿੱਖ ਕੌਮ ਨੂੰ 'ਖ਼ਾਲਸਾ' ਸ਼ਬਦ ਨਾਲ ਬੁਲਾਇਆ ਜਾਣ ਲੱਗ ਪਿਆ।

## ਮੌਜੂਦਾ ਸਮੇਂ ਦੇ ਅਕਾਲੀ

ਇਸ ਵਿਚ ਦੋ ਰਾਏ ਨਹੀਂ ਕਿ ਅਕਾਲੀ ਦਲ ਦੇ ਸੇਵਾਦਾਰਾਂ ਨੇ ਗੁਰੂ ਦੀ ਸਿੱਖੀ ਨੂੰ ਜੀਵਿਆ ਤੇ ਪਹਿਰਾ ਦਿੰਦਿਆਂ ਸ਼ਹੀਦੀਆਂ ਦਿੱਤੀਆਂ ਪਰ ਕੌਮ ਦੀ ਬਦਕਿਸਮਤੀ ਹੈ ਕਿ ਸ਼ਹੀਦਾਂ ਦੀ ਜਥੇਬੰਦੀ ਕੇਵਲ ਚੰਦ ਪਰਿਵਾਰਾਂ ਤੀਕ ਸੀਮਤ ਹੋ ਕੇ ਰਹਿ ਗਈ ਹੈ। ਅਕਾਲੀ ਦਲ ਦਾ ਕੇਵਲ ਨਾਂ ਹੀ ਰਹਿ ਗਿਆ ਹੈ ਬਾਕੀ ਸਿਧਾਂਤ ਵਾਲੀ ਕੋਈ ਕਹਾਣੀ ਨਹੀਂ ਹੈ। ਹੁਣ ਤੇ ਸ਼ਹੀਦਾਂ ਦੀ ਜਥੇਬੰਦੀ ਪੰਜਾਬੀ ਪਾਰਟੀ ਦਾ ਰੂਪ ਵਟਾ ਚੁੱਕੀ ਹੈ। ਹਾਂ, ਕਦੇ-ਕਦੇ ਆਪਣੇ ਹਿੱਤਾਂ ਦੀ ਖ਼ਾਤਰ ਪੰਥ ਨੂੰ ਖ਼ਤਰਾ ਦਸਦਿਆਂ ਪੰਥ ਹਿਤੈਸ਼ੀ ਹੋਣ ਦਾ ਢੰਡੋਰਾ ਜ਼ਰੂਰ ਪਿੱਟਿਆ ਜਾਂਦਾ ਹੈ ਪਰ ਮੌਜੂਦਾ ਅਕਾਲੀ ਦਲ 'ਅਕਾਲੀ' ਵਾਲੇ ਕਰਤੱਵ ਭੁੱਲ ਗਿਆ ਹੈ। ਕਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਕਾਲੀ ਦਲ ਨੂੰ ਚਲਾਉਂਦੀ ਸੀ ਪਰ ਅੱਜ ਪੰਜਾਬੀ ਪਾਰਟੀ 'ਸ਼੍ਰੋਮਣੀ ਅਕਾਲੀ ਦਲ' ਦਾ ਨਾਂ ਵਰਤ ਕੇ ਸ਼੍ਰੋਮਣੀ ਕਮੇਟੀ ਨੂੰ ਚਲਾ ਰਹੀ ਹੈ। ਅਖ਼ਬਾਰੀ ਤਸਵੀਰਾਂ ਅਨੁਸਾਰ ਬਹੁਤਾ ਅਕਾਲੀ ਦਲ ਘੋਨ-ਮੋਨ ਹੋ ਚੁੱਕਾ ਹੈ। ਜਿਹੜੇ ਅਸਲੀ ਅਕਾਲੀ ਹਨ, ਉਹ ਧਾਕੜ ਹਾਕਮਾਂ ਕੋਲੋਂ ਡਰਦਿਆਂ ਚੁੱਪ 'ਚ ਭਲੀ ਸਮਝ ਰਹੇ ਹਨ। ਭਾਈ ਹੀਰਾ ਸਿੰਘ ਦਰਦ ਦੀ ਕਵਿਤਾ ਦਾ ਇਹ ਬੰਦ ਬੜਾ ਭਾਵ ਪੂਰਤ ਹੈ :

*ਅੱਖੀਂ ਵੇਖ ਬੇਅਦਬੀ ਹੁੰਦੀ ਬੀਰ ਨਾ ਕਦੇ ਸਹਾਰ ਸਕੇ।*
*ਜਿਸ ਨੇ ਸੀਸ ਤਲੀ 'ਤੇ ਧਰਿਆ ਉਸ ਨੂੰ ਕੋਈ ਨਾ ਮਾਰ ਸਕੇ।*
*ਜਿਊਂਦੇ ਹੋਣ ਅਕਾਲੀ ਵਰਗੇ ਕੌਮ ਕਦੀ ਨਾ ਹਾਰ ਸਕੇ।*
*ਨਾ ਕੋਈ ਉਸ ਦਾ ਕਾਲਜ ਖੋਹੇ ਨਾ ਕੋਈ ਖੋਹ ਦਰਬਾਰ ਸਕੇ।*
*ਇਕ ਅਕਾਲੀ ਬਾਝੋਂ ਯਾਰੋ, ਬਣ ਗਈ ਕੌਮ ਪਰਾਲੀ ਜੇ।*
*ਅੱਖਾਂ ਖੋਲ੍ਹੋ ਢਿੱਲੜ ਵੀਰੋ ਆ ਗਿਆ ਫੇਰ ਅਕਾਲੀ ਜੇ।*

ਅੱਜ ਅਕਾਲੀ ਦਲ ਨੂੰ ਪੰਥਕ ਮੁੱਦੇ ਭੁੱਲ ਗਏ ਲਗਦੇ ਹਨ। ਸੂਬਿਆਂ ਲਈ ਵੱਧ ਅਧਿਕਾਰ ਮੰਗਣ ਦੀ ਬਜਾਏ ਪਰਿਵਾਰਕ ਹਿੱਤਾਂ ਨੂੰ ਪਹਿਲ ਦਿੱਤੀ ਜਾ ਰਹੀ ਹੈ। ਅਕਾਲੀ ਦਲ ਦਾ ਨਸ਼ਿਆਂ ਸਬੰਧੀ ਨਾਂ ਅਖ਼ਬਾਰੀ ਸੁਰਖੀਆਂ ਬਣਨ ਨਾਲ ਆਮ ਸਿੱਖ ਨੂੰ ਦੁੱਖ ਮਹਿਸੂਸ ਹੁੰਦਾ ਹੈ। ਅਜੇ ਵੀ ਕੁਰਬਾਨੀ ਵਾਲੇ ਅਕਾਲੀ ਕੌਮ 'ਚ ਜਿਊਂਦੇ ਹਨ, ਲੋੜ ਹੈ ਉਨ੍ਹਾਂ ਨੂੰ ਮੈਦਾਨ ਵਿਚ ਆਉਣ ਦੀ। ਪੰਥ ਦਾ ਦਰਦ ਰੱਖਣ ਵਾਲੇ ਸਿੱਖਾਂ ਦੀ ਘਾਟ ਨਹੀਂ, ਸਿਰਫ ਸੁਹਿਰਦਤਾ ਦੀ ਲੋੜ ਹੈ। ਅੱਜ ਕਿਹਾ ਜਾ ਰਿਹਾ ਹੈ ਕਿ ਮੈਨੂੰ ਅਕਾਲੀ ਹੋਣ 'ਤੇ ਮਾਣ ਹੈ, ਇਹ ਸਿਰਫ਼ ਲੋਕ ਵਿਖਾਵਾ ਹੈ ਜਾਂ ਅਕਾਲੀ ਹੋਣ ਦਾ ਭਰਮ ਪਾਲਿਆ ਜਾ ਰਿਹਾ ਹੈ? ਅਸਲੀ ਅਕਾਲੀ ਨੂੰ ਆਪਣਾ ਦਿਖਾਵਾ ਕਰਨ ਦੀ ਲੋੜ ਨਹੀਂ, ਉਹਦੇ ਕਾਰ-ਵਿਹਾਰ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਉਹ ਅਕਾਲੀ ਹੈ।

ਇਕ ਦੰਦ ਕਥਾ ਹੈ ਕਿ ਜਦੋਂ ਭਾਈ ਕਰਤਾਰ ਸਿੰਘ ਨੂੰ ਕਿਹਾ ਗਿਆ ਕਿ 'ਤੁਹਾਡੀ ਸਰਕਾਰ ਦਾ ਸਮਾਂ ਖ਼ਤਮ ਹੁੰਦਾ ਹੈ, ਕੋਠੀ ਖ਼ਾਲੀ ਕਰ ਦਿਓ ਤਾਂ ਉਨ੍ਹਾਂ ਨੇ ਕੋਈ ਉਜਰ ਨਹੀਂ ਕੀਤਾ ਤੇ ਕਿੱਲੀ 'ਤੇ ਟੰਗਿਆ ਆਪਣਾ ਕਛਹਿਰਾ ਲਾਹਿਆ ਤੇ ਕਹਿਣ ਲੱਗੇ, 'ਭਾਈ, ਸੰਭਾਲੋ ਆਪਣੀ ਕੋਠੀ, ਅਸੀਂ ਚੱਲਦੇ ਹਾਂ।' •

991552-9725

# ਸ੍ਰੀ ਗੁਰੂ ਨਾਨਕ ਦੇਵ ਜੀ - ਜੀਵਨ ਤੇ ਵਿਚਾਰਧਾਰਾ

ਸੰਤ ਸੇਵਾ ਸਿੰਘ

ਜਿਸ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਸੰਸਾਰ ਵਿਚ ਪ੍ਰਕਾਸ਼ ਕੀਤਾ, ਉਸ ਸਮੇਂ ਹਿੰਦ ਵਾਸੀਆਂ ਦੀ ਰਾਜਨੀਤਕ, ਸਮਾਜਿਕ ਅਤੇ ਧਾਰਮਿਕ ਦਸ਼ਾ ਬੜੀ ਤਰਸਯੋਗ ਸੀ। ਰਾਜਨੀਤਕ ਤੌਰ ਤੇ ਸਾਰਾ ਹਿੰਦੁਸਤਾਨ ਵੱਖ-ਵੱਖ ਖੇਤਰਾਂ ਵਿਚ ਵੰਡਿਆ ਹੋਇਆ ਸੀ। ਇਕ ਖੇਤਰ ਦਾ ਰਜਵਾੜਾ ਦੂਸਰੇ ਨੂੰ ਵੇਖਣਾ ਪਸੰਦ ਨਹੀਂ ਕਰਦਾ ਸੀ। ਆਪਸੀ ਫੁਟ ਦੇ ਕਾਰਣ ਹਿੰਦੁਸਤਾਨ ਗੁਲਾਮਾਂ ਦਾ ਗੁਲਾਮ ਹੋ ਗਿਆ ਸੀ। ਹਰ ਪਾਸੇ ਬੇਚੈਨੀ ਹੀ ਬੇਚੈਨੀ ਫੈਲੀ ਹੋਈ ਸੀ। ਠਗੀ-ਠੋਰੀ, ਫਰੇਬ-ਧੋਖਾਧੜੀ, ਚਲਾਕੀ, ਮਕਾਰੀ ਦਾ ਬੋਲ ਬਾਲਾ ਸੀ। ਹਰ ਪਾਸੇ ਪਾਪ ਦੇ ਸੰਘਣੇ ਬੱਦਲ ਛਾਏ ਹੋਏ ਸਨ। ਜਿਨ੍ਹਾਂ ਰਾਜਿਆਂ ਨੇ ਪਰਜਾ ਦੀ ਰਖਵਾਲੀ ਕਰਨੀ ਸੀ, ਉਹ ਆਪ ਹੀ ਸ਼ੇਰਾਂ ਦਾ ਰੂਪ ਧਾਰ ਕੇ ਆਪਣੀ ਹੀ ਪਰਜਾ ਨੂੰ ਖਾ ਰਹੇ ਸਨ। ਅਹਿਲਕਾਰਾਂ ਦੀ ਬਿਰਤੀ ਕੁੱਤਿਆਂ ਵਰਗੀ ਹੋ ਚੁੱਕੀ ਸੀ। ਸਤਿਗੁਰੂ ਨਾਨਕ ਪਾਤਿਸ਼ਾਹ ਜੀ ਨੇ ਉਸ ਸਮੇਂ ਦੀ ਦਸ਼ਾ ਦਾ ਵਰਨਣ ਗੁਰਬਾਣੀ ਵਿਚ ਖੁਦ ਕੀਤਾ ਹੈ :

***ਰਾਜੇ ਸੀਹ ਮੁਕਦਮ ਕੁਤੇ ॥***
***ਜਾਇ ਜਗਾਇਨਿ੍ ਬੈਠੇ ਸੁਤੇ ॥***
***ਚਾਕਰ ਨਹਦਾ ਪਾਇਨਿ੍ ਘਾਉ ॥***
***ਰਤੁ ਪਿਤੁ ਕੁਤਿਹੋ ਚਟਿ ਜਾਹੁ ॥***

ਰਖਵਾਲੇ ਆਪਣੀ ਜ਼ਿੰਮੇਵਾਰੀ ਦਾ ਤਿਆਗ ਕਰਕੇ ਦਿਨ ਰਾਤ ਐਸ਼ਪ੍ਰਸਤੀ ਵਿਚ ਗਲਤਾਨ ਸਨ। ਪਰਜਾ ਬਿਲਕੁਲ ਬੇਸਹਾਰੀ ਹੋ ਕੇ ਬੇਬਸੀ ਦੀ ਦਸ਼ਾ ਵਿਚ ਜੂਝ ਰਹੀ ਸੀ। ਇਨਸਾਫ ਕਰਨ ਵਾਲੇ ਵੱਢੀ ਲੈ ਕੇ, ਸੱਚੇ ਦਾ ਹੱਕ ਝੂਠੇ ਨੂੰ ਦੇ ਦਿੰਦੇ ਸਨ। ਧਾਰਮਿਕ ਨਿਘਾਰ ਇੱਥੋਂ ਤਕ ਆ ਚੁੱਕਾ ਸੀ ਕਿ ਮਾਇਆ ਦੀ ਖਾਤਰ ਆਪਣੇ ਆਪ ਨੂੰ ਗੁਰੂ ਅਖਵਾਉਣ ਵਾਲੇ, ਚੇਲਿਆਂ ਦੇ ਘਰਾਂ ਵਿਚ ਜਾ ਕੇ ਉਨ੍ਹਾਂ ਦੇ ਕੰਨਾਂ ਵਿਚ ਉਪਦੇਸ਼ ਨੂੰ ਵੇਚਦੇ ਸਨ। ਇਸਤ੍ਰੀ-ਪੁਰਸ਼ ਦਾ ਸਤੀ-ਪਤੀ ਦਾ ਪਿਆਰ ਨਹੀਂ ਰਿਹਾ ਸੀ, ਕੇਵਲ ਮਾਇਆ ਦੀ ਖ਼ਾਤਰ ਹੀ ਸਬੰਧ ਸੀ। ਮਾਇਆ ਦੀ ਖ਼ਾਤਰ ਭਾਵੇਂ ਕੋਈ ਕਿਸੇ ਥਾਂ, ਕੁੱਥਾਂ ਤੁਰਿਆ ਫਿਰੇ, ਕੋਈ ਪੁੱਛਦਾ ਨਹੀਂ ਸੀ। ਉਸ ਸਮੇਂ ਹਰ ਪਾਸੇ ਪਾਪ ਦਾ ਹੀ ਵਰਤਾਰਾ ਵਰਤ ਰਿਹਾ ਸੀ।

ਸਤਿਗੁਰੂ ਨਾਨਕ ਪਾਤਿਸ਼ਾਹ ਜੀ ਦੇ ਫੁਰਮਾਨ ਅਨੁਸਾਰ ਉਸ ਸਮੇਂ ਕਿਹੋ ਜਿਹਾ ਅਧੋਗਤੀ ਦਾ ਵਰਤਾਰਾ ਹਰ ਪਾਸੇ ਵਰਤ ਰਿਹਾ ਸੀ। ਆਪ ਫੁਰਮਾਉਂਦੇ ਹਨ, ਰਾਜਿਆਂ ਨੇ ਕਸਾਈਆਂ ਦਾ ਰੂਪ ਧਾਰਨ ਕੀਤਾ ਹੋਇਆ ਸੀ। ਧਰਮ ਨਾਂ ਦੀ ਕੋਈ ਚੀਜ਼ ਹੀ ਨਹੀਂ ਦਿੱਸਦੀ ਸੀ। ਜਿਵੇਂ ਧਰਮ ਮਾਨੋਂ ਖੰਭ ਲਾ ਕੇ ਅਸਮਾਨੀ ਉੱਡ ਗਿਆ ਹੋਵੇ। ਹਰ ਪਾਸੇ ਕੂੜ ਕੁਸਤ ਦੀ ਕਾਲੀ ਬੋਲੀ ਰਾਤ ਛਾਈ ਹੋਈ ਸੀ। ਸੱਚ ਕਿਧਰੋਂ ਭਾਲਿਆਂ ਵੀ ਦਿਖਾਈ ਨਹੀਂ ਦਿੰਦਾ ਸੀ। ਹਰ ਪਾਸੇ ਹਉਮੈਂ ਹੀ ਪ੍ਰਧਾਨ ਸੀ, ਜਿਸ ਕਾਰਨ ਹਰ ਮਨੁੱਖ ਅਤਿਅੰਤ ਦੁੱਖਾਂ ਵਿਚ ਗ੍ਰਸਿਆ ਹੋਇਆ ਸੀ।

ਜਿਨ੍ਹਾਂ ਲੋਕਾਂ ਨੇ ਲੋਕਾਈ ਦੀ ਰੱਖਿਆ ਕਰਨਾ ਆਪਣਾ ਧਰਮ ਪ੍ਰਵਾਨਿਆ ਸੀ, ਉਹਾ ਵੀ ਆਪਣਾ ਧਰਮ ਛੱਡ ਕੇ ਦਿਲ ਹਾਰ ਬੈਠੇ ਸਨ ਅਤੇ ਮਲੇਸ਼ਾਂ ਦੀ ਬੋਲੀ ਬੋਲਦੇ ਸਨ।

ਸਾਰੀ ਲੋਕਾਈ ਜਾਤਾਂ ਪਾਤਾਂ ਵਿਚ ਵੰਡੀ ਹੋਈ ਸੀ। ਇੱਕ ਮਨੁੱਖ ਦੂਜੇ ਮਨੁੱਖ ਤੋਂ ਨਫ਼ਰਤ ਕਰਦਾ ਸੀ। ਇਕ ਫਿਰਕਾ ਦੂਜੇ ਨੂੰ ਵੱਢੂ-ਖਾਊ ਕਰਦਾ ਸੀ। ਧਾਰਮਿਕ ਕਰਮ ਕਾਂਢ ਕੇਵਲ ਵਿਖਾਵੇ ਦੇ ਹੀ ਰਹਿ ਗਏ ਸਨ।

ਸਾਰਾ ਧਰਮ ਕਰਮ ਮਾਇਆ ਦੀ ਖਾਤਰ ਹੀ ਹੁੰਦਾ ਸੀ। ਧਰਮ ਬਿਲਕੁਲ ਨਿਰਜਿੰਦ ਲੋਥ ਬਣ ਕੇ ਰਹਿ ਗਿਆ ਸੀ। ਧਰਮ ਦੇ ਠੇਕੇਦਾਰ ਕਹਿਲਾਉਣ ਵਾਲਿਆਂ ਦੀ ਕਿਹੋ ਜਿਹੀ ਦਸ਼ਾ ਹੋ ਗਈ ਸੀ। ਸਤਿਗੁਰ ਜੀ ਨੇ ਖੁਦ ਧਨਾਸਰੀ ਰਾਗ ਵਿਚ ਅੰਕਿਤ ਕੀਤੀ ਹੈ।

ਪਰਮੇਸ਼ਰ ਸਰੂਪ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਇਹੋ ਜਿਹੀ ਅਧਗੋਤੀ ਦੀ ਜਿਲ੍ਹਣ ਵਿਚੋਂ ਲੋਕਾਈ ਨੂੰ ਨਿਜਾਤ ਦਿਵਾਉਣ ਲਈ 20.10.1469 ਈ: (ਕੱਤਕ ਕੀ ਪੂਰਨਮਾਸ਼ੀ 1526 ਬਿਕਰਮੀ ਨੂੰ) ਰਾਏ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ, ਜ਼ਿਲ੍ਹਾ ਸ਼ੇਖੂਪੁਰਾ, ਪਾਕਿਸਤਾਨ) ਵਿਖੇ ਅਵਤਾਰ ਧਾਰਿਆ।

ਆਪ ਜੀ ਨੇ ਛੋਟੀ ਆਯੂ ਤੋਂ ਹੀ ਜਿਸ ਕਾਰਜ ਵਾਸਤੇ ਆਗਮਨ ਕੀਤਾ ਸੀ ਉਸ ਕਾਰਜ ਕਰਨ ਦਾ ਬੀੜਾ ਚੁੱਕ ਲਿਆ। ਫੋਕੀਆਂ ਰੀਤਾਂ ਰਿਵਾਜਾਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਬੜੀ ਦਲੇਰੀ ਨਾਲ ਸੱਚ ਦੀ ਆਵਾਜ਼ ਨੂੰ ਬੁਲੰਦ ਕੀਤਾ।

ਮਨੁੱਖਤਾ ਨੂੰ ***"ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥"*** ਦਾ ਸਬਕ ਦ੍ਰਿੜ੍ਹ ਕਰਾਉਣ ਲਈ ਦਾਨੇ ਮਰਾਸੀ ਨੂੰ ਭਾਈ ਮਰਦਾਨਾ ਬਣਾ ਕੇ ਸੰਸਾਰ ਤਾਰਨ ਲਈ ਭਾਈਵਾਲ ਬਣਾਇਆ- ਦੇ ਪੂਰਨੇ ਪਾਉਣ ਵਾਸਤੇ ਆਪ ਜੀ ਦੇ ਨੇ ਖੁਦ ਗ੍ਰਹਿਸਤ ਧਰਮ ਨੂੰ ਧਾਰਨ ਕੀਤਾ।

ਆਪ ਨੇ ਪੂਰਨੇ ਪਾਉਣ ਵਾਸਤੇ ਪਹਿਲੀ ਉਮਰ ਵਿਚ ਮੋਦੀ ਖਾਨੇ ਦੀ ਬੜੀ ਤਨ ਦੇਹੀ ਨਾਲ ਨੌਕਰੀ ਕੀਤੀ ਅਤੇ ਆਖਰੀ ਉਮਰੇ ਖੇਤੀ ਕਰਨ ਦੀ ਕਿਰਤ ਕਰਕੇ ਵੰਡ ਛੱਕਣ ਅਤੇ ਨਾਮ ਜਪਣ ਦੇ ਅਸੂਲਾਂ ਤੇ ਬੜੀ ਦ੍ਰਿੜ੍ਹਤਾ ਨਾਲ ਪਹਿਰਾ ਦਿੱਤਾ।

ਰੱਜਿਆਂ ਨੂੰ ਰਜਾਉਣ ਦੀ ਪ੍ਰੰਪਰਾ ਤਾਂ ਪਹਿਲਾਂ ਤੋਂ ਚੱਲ ਰਹੀ ਸੀ। ਪਰ ਆਪ ਜੀ ਨੇ ਭੁਖਿਆਂ ਅਤੇ ਲੋੜਵੰਦਾਂ ਦੀ ਲੋੜ ਪੂਰੀ ਕਰਕੇ ਖਰਾ ਸੌਦਾ ਕਰਨ ਦੀ ਜਾਚ ਸਿਖਾਈ। ਭਾਵੇਂ ਇਸ ਖਰੇ ਸੌਦੇ ਨੂੰ ਕਰਨ ਲਈ ਆਪ ਜੀ ਨੂੰ ਪਿਤਾ ਜੀ ਦੀ ਕਰੋਪੀ ਦਾ ਸ਼ਿਕਾਰ ਹੋਣਾ ਪਿਆ। ਆਪ ਜੀ ਨੇ ਸਾਰੇ ਭਾਰਤ ਵਰਸ਼ ਅਤੇ ਦੇਸ਼ਾਂ ਵਿਦੇਸ਼ਾਂ ਦਾ 24 ਸਾਲ ਪੈਦਲ ਰਟਨ ਕਰਕੇ, ਥਾਵਾਂ-ਥਾਵਾਂ ਤੇ ਪੁੱਜ ਕੇ ਸੱਚ ਧਰਮ ਦਾ ਪੈਗਾਮ ਲੋਕਾਈ ਨੂੰ ਬਖਸ਼ਿਸ਼ ਕੀਤਾ।

ਆਪ ਜੀ ਹਰਿਦੁਆਰ, ਜਗਨਨਾਥ, ਬੁੱਧ ਗਯਾ, ਦੁਆਰਕਾ, ਕੁਰਕਸ਼ੇਤਰ ਆਦਿ ਸਾਰੇ ਹਿੰਦੂ ਤੀਰਥਾਂ ਤੇ ਗਏ। ਬ੍ਰਾਹਮਣਾਂ ਨੂੰ ਫੋਕਟ ਕਰਮਾਂ ਦਾ ਤਿਆਗ ਕਰਕੇ ਅਮਲੀ ਜੀਵਨ ਜੀਉਣ ਅਤੇ ਸੱਚੇ-ਸੁੱਚੇ ਬ੍ਰਾਹਮਣ ਬਣਨ ਵਾਸਤੇ ਅਗਵਾਈ ਦਿੱਤੀ, ਕਿ ਨਿਰਾ ਅੰਨ ਦਾ ਤਿਆਗ ਕਰਕੇ ਭੁੱਖੇ ਰਹਿਣ ਨਾਲ ਕੁਝ ਨਹੀਂ ਬਣਨਾ। ਜੇ ਪ੍ਰਭੂ ਦਰ ਵਿਚ ਪ੍ਰਵਾਨਗੀ ਲੈਣੀ ਹੈ ਤਾਂ ਝੂਠ ਦੇ ਤਿਆਗੀ ਬਣੋ। ਸਰੀਰਕ ਇਸ਼ਨਾਨ ਕਰੋ, ਪਰ ਨਾਲ ਸੰਤੋਖੀ ਵੀ ਬਣੋ। ਨਿਰਾ ਸਰੀਰਕ ਸੁੱਚਮਤਾ ਕਰਨ ਨਾਲ ਆਤਮਾ ਪਵਿੱਤਰ ਨਹੀਂ ਹੋਣੀ। ਦਇਆ ਤੇ ਖਿਮਾ ਨੂੰ ਜੀਵਣ ਆਧਾਰ ਬਣਾ ਕੇ ਸੁਰਤ ਪ੍ਰਭੁ ਚਰਨਾਂ ਨਾਲ ਜੋੜ ਕੇ ਸ਼੍ਰੇਸ਼ਟ ਸਦਾਚਾਰੀ ਗੁਣਾਂ ਦੇ ਧਾਰਨੀ ਬਣੋ। ਤਦ ਤੁਸੀਂ ਬ੍ਰਾਹਮਣ ਕਹਿਲਾਉਣ ਦੇ ਹੱਕਦਾਰ ਹੋ।

ਬ੍ਰਾਹਮਣ ਅਖਵਾਉਣ ਲਈ ਸਮਸਤ ਸ੍ਰਿਸ਼ਟੀ ਵਿਚ ਬ੍ਰਹਮ ਦੀ ਜੋਤਿ ਵੇਖੋ। ਕਠਿਨ ਜਪ, ਤਪ ਕਰਨ ਦੀ ਥਾਂ ਤੇ ਸ਼੍ਰੇਸ਼ਠ ਕਰਮਾਂ ਦੇ ਧਾਰਨੀ ਬਣਕੇ, ਮਿੱਠਾ ਬੋਲਣਾ ਤੇ ਸੰਤੋਖੀ ਜੀਵਨ ਬਣਾਓ। ਪ੍ਰਭੂ ਦਰ ਦੀ ਪ੍ਰਵਾਨਗੀ ਲਈ ਮੋਹ ਮਾਇਆ ਦੀਆਂ ਫਾਹੀਆਂ ਤੋੜ ਕੇ ਮਾਇਆ ਵਿਚ ਨਿਰਲੇਪ ਜੀਵਨ ਬਤੀਤ ਕਰਕੇ ਹੀ ਬ੍ਰਾਹਮਣ ਕਹਿ ਸਕੋਗੇ।

ਸਤਿਗੁਰੂ ਜੀ ਮੁਸਲਮਾਨਾਂ ਦੇ ਗੜ੍ਹ, ਮੱਕੇ ਵਿਚ ਗਏ। ਆਪ ਜੀ ਨੇ ਉੱਥੇ ਵੀ "ਸਚੁ ਸੁਣਾਇਸੀ ਸਚ ਕੀ ਬੇਲਾ" ਦੇ ਪੂਰਨੇ ਵਾਹੇ। ਮੁਲਸਮਾਨਾਂ ਦੇ ਪੁੱਛ ਕਰਨ ਤੇ ਕਿ ਹਿੰਦੂ ਵੱਡੇ ਹਨ, ਕਿ ਮੁਸਲਮਾਨ ? ਆਪ ਨੇ ਉਨ੍ਹਾਂ ਨੂੰ ਉੱਤਰ ਦਿਤਾ, ਵੱਡਾ ਉਹ ਜਿਸਦੇ ਕਰਮ ਚੰਗੇ ਹਨ। ਜਿਸ ਦੇ ਅਮਲ ਚੰਗੇ ਨਹੀਂ ਉਸ ਨੂੰ ਇਸ ਲੋਕ ਵਿਚ ਫਿਟਕਾਰਾਂ ਅਤੇ ਪ੍ਰਲੋਕ ਵਿਚ ਉਸਦੇ ਪੱਲੇ ਰੋਣਾ ਪਵੇਗਾ।

ਜੇ ਸੱਚੇ ਮੁਸਲਮਾਨ ਬਣਨਾ ਹੈ, ਅੱਲ੍ਹਾ ਦੀ ਦ੍ਰਿਸ਼ਟੀ ਵਿਚ ਪ੍ਰਵਾਨਗੀ ਪ੍ਰਾਪਤ ਕਰਨੀ ਹੈ ਫਿਰ ਪੰਜ ਨਿਵਾਜ਼ਾਂ ਦੇ ਨਾਲ-ਨਾਲ ਪੰਜ ਸੁਭ ਗੁਣ ਵੀ ਧਾਰਨ ਕਰੋ, ਸੱਚੇ ਨਾਮ ਦੀ ਕਮਾਈ ਕਰੋ, ਹੱਕ ਹਲਾਲ ਦੀ ਕਿਰਤ ਤੇ ਸ਼ਾਕਰ ਰਹਿ, ਵੰਡ ਕੇ ਛਕਣ ਦਾ ਸੁਭਾਅ ਧਾਰਨ ਕਰਕੇ ਮਨ ਨੂੰ ਪਵਿੱਤ੍ਰ ਕਰਨ ਦਾ ਜਤਨ ਕਰੋ। ਜਦੋਂ ਸ੍ਰੇਸ਼ਟ ਕਰਣੀ ਦਾ ਕਲਮਾਂ ਪੜ੍ਹੋਗੇ, ਖੁਦਾ ਤੁਹਾਨੂੰ ਰਹਿਮਤ ਦੀ ਨਿਗਾਹ ਨਾਲ ਨਿਵਾਜੇਗਾ।

ਗੁਰੂ ਨਾਨਕ ਪਾਤਿਸ਼ਾਹ, ਸੁਮੇਰ ਪਰਬਤ ਤੇ ਸਿੱਧਾਂ ਨੂੰ ਜਾ ਮਿਲੇ, ਸਿੱਧਾਂ ਨੂੰ ਵੀ ਸੰਤੋਖ ਦੇ ਧਾਰਨੀ ਬਣਨ ਵਾਸਤੇ ਪ੍ਰੇਰਨਾ ਦਿੱਤੀ। ਮੌਤ ਨੂੰ ਯਾਦ ਰੱਖਦੇ ਹੋਏ ਧਿਆਨ ਹਮੇਸ਼ਾਂ ਪ੍ਰਭੂ ਨਾਲ ਜੋੜੀ ਰੱਖਣ ਦੀ ਸਿਖਿਆ ਪ੍ਰਦਾਨ ਕੀਤੀ, ਕਿਉਂਕਿ ਜਿਸ ਨੂੰ ਆਪਣਾ ਅੰਤ ਯਾਦ ਰਹਿੰਦਾ ਹੈ ਉਹ ਅਨੰਤ ਨੂੰ ਕਦੇ ਨਹੀਂ ਭੁਲਦਾ। ਸੱਚਾ ਜੋਗੀ ਬਣਨ ਵਾਸਤੇ ਪ੍ਰਭੂ ਉੱਤੇ ਅਟਲ ਵਿਸ਼ਵਾਸ ਦੇ ਧਾਰਨੀ ਬਣਨਾ ਲਾਜ਼ਮੀ ਹੈ। ਵਿਕਾਰਾਂ ਵਲੋਂ ਬਿਰਤੀ ਤੋੜ ਕੇ ਹਮੇਸ਼ਾਂ ਮਨ ਨੂੰ ਆਪਣੇ ਕਾਬੂ ਵਿਚ ਰੱਖ ਕੇ ਜਿਹੜਾ ਸਮ-ਬਿਰਤੀ ਵਿਚ ਵਿਚਰਦਾ ਹੈ, ਐਸਾ ਜੋਗੀ ਹਰ ਕਿਸੇ ਨੂੰ ਨਮਸਕਾਰ ਨਹੀਂ ਕਰਦਾ, ਉਹ ਬੇਪ੍ਰਵਾਹ ਹੋ ਕੇ ਆਦਿ ਅਨੀਲ ਅਬਿਨਾਸੀ ਜੁਗਾਂ-ਜੁਗੰਤਰਾਂ ਤੋਂ ਇਕ ਰਸ ਪ੍ਰਭੂ ਨੂੰ ਹਮੇਸ਼ਾਂ ਨਮਸਕਾਰ ਕਰਦਾ ਹੈ। ਉਸ ਦੀ ਪ੍ਰਭੂ ਦਰ ਰੀਸਾਈ ਹੋ ਜਾਂਦੀ ਹੈ।

ਗੁਰੂ ਨਾਨਕ ਪਾਤਿਸ਼ਾਹ ਮਲਕ ਭਾਗੋ, ਦੁਨੀਚੰਦ, ਹਮੀਦ ਕਾਰੂ ਵਰਗਿਆਂ ਪਾਸ ਵੀ ਗਏ। ਉਨ੍ਹਾਂ ਨੂੰ ਵੀ ਮਾਰਗ ਦਰਸ਼ਨ ਕੀਤਾ ਕਿ ਜ਼ਿੰਦਗੀ ਦਾ ਮਨੋਰਥ ਨਿਰਾ ਮਾਇਆ ਇਕੱਤਰ ਕਰਨਾ ਹੀ ਨਹੀਂ ਹੈ, ਜ਼ਿੰਦਗੀ ਦਾ ਮਨੋਰਥ ਆਪਣੇ ਮੂਲ ਨਾਲ ਜੋੜਨਾ ਹੈ। ਸੰਸਾਰ ਦੇ ਵਰਤੋਂ ਵਲੇਵੇਂ ਵਾਸਤੇ ਮਾਇਆ ਚਾਹੀਦੀ ਹੈ ਪਰ ਲੋੜ ਤੋਂ ਵੱਧ ਦੁੱਖਾਂ ਦਾ ਕਾਰਣ ਬਣਦੀ ਹੈ। ਮਨੁੱਖ ਪਾਪ ਕਰਮਾਂ ਦੁਆਰਾ ਮਾਇਆ ਇਕੱਤਰ ਕਰਦਾ ਹੈ।

ਪਰ ਅੰਤ ਸਮੇਂ ਮਾਇਆ ਇੱਥੇ ਹੀ ਰਹਿ ਜਾਂਦੀ ਹੈ ਅਤੇ ਮਨੁੱਖ ਦੇ ਪੱਲੇ ਪਛਤਾਵਾ ਹੀ ਪੈਂਦਾ ਹੈ। ਮਾਇਆ ਉਸ ਦੇ ਜੀਵਨ ਪੰਧ ਵਿਚ ਰੁਕਾਵਟ ਨਹੀਂ ਬਣਦੀ ਜਿਹੜਾ ਮਾਇਆ ਦੀ ਹਿਰਸ ਦਾ ਤਿਆਗ ਕਰ ਦਿੰਦਾ ਹੈ। ਜਿੱਥੇ ਸਤਿਗੁਰ ਜੀ ਮਾਇਆ ਧਾਰੀਆਂ ਪਾਸ ਉਨ੍ਹਾਂ ਨੂੰ ਮਾਇਆ ਦੇ ਚੁੰਗਲ ਵਿਚੋਂ ਕਢੱਣ ਵਾਸਤੇ ਗਏ, ਉੱਥੇ ਗੁਰਦੇਵ ਮਾਇਆ ਤੋਂ ਅਤੀਤ ਸਿੱਧਾਂ ਜੋਗੀਆਂ ਉਦਾਸੀਆਂ, ਬ੍ਰਾਹਮਣਾਂ ਅਤੇ ਮੁਸਲਮਾਨ ਸਾਧਕਾਂ ਪਾਸ ਵੀ ਗਏ। ਸੱਜਣ ਠੱਗ, ਭੂਮੀਏ ਚੋਰ, ਕੌਡੇ ਰਾਕਸ਼ ਵਰਗਿਆਂ ਪਾਸ ਜਾ ਕੇ ਉਨ੍ਹਾਂ ਨੂੰ ਵੀ ਕੂੜ-ਕੁਸੱਤ, ਠੱਗੀ-ਠੋਗੀ, ਵਲ-ਛੱਲ ਦਾ ਤਿਆਗ ਕਰਕੇ ਸੱਚੀ ਸਿਖਿਆ ਪ੍ਰਦਾਨ ਕਰ ਸ੍ਰੇਸ਼ਟ ਜੀਵਨ ਦੇ ਧਾਰਨੀ ਬਣਾਇਆ।

ਸਰਬ ਮਨੁੱਖਤਾ ਦੇ ਰਹਿਬਰ ਗੁਰੂ ਨਾਨਕ ਪਾਤਿਸ਼ਾਹ ਜੀ, ਸਭ ਤੋਂ ਪਹਿਲਾਂ ਗਰੀਬ ਕਿਰਤੀ ਭਾਈ ਲਾਲੋ ਦੇ ਘਰ ਗਏ। ਉੱਥੇ ਸਮੂਹ ਕਿਰਤੀਆਂ ਨੂੰ ਵੀ ਉਪੇਦਸ਼ ਕੀਤਾ ਕਿ ਸਾਰੀ ਉਮਰ ਪੇਟ ਪੂਰਤੀ ਦੀ ਖਾਤਰ ਕਿੱਲੇ ਵੀ ਨਹੀਂ ਘੜੀ ਜਾਣੇ, ਪ੍ਰਭੂ ਦਰ ਵਿਚ ਪ੍ਰਵਾਨਗੀ ਲਈ ਮਨ ਨੂੰ ਵੀ ਘੜਨ ਦੀ ਅਤਿਅੰਤ ਲੋੜ ਹੈ। ਕਿਰਤ ਦੇ ਸਮੇਂ ਵਿਚੋਂ ਸਮਾਂ ਕੱਢ ਕੇ ਅਤੇ ਕਿਰਤ ਕਰਦੇ-ਕਰਦੇ ਨਾਮ ਜੱਪਣ ਨਾਲ ਮਨ ਨੂੰ ਸ਼ਬਦ ਦੀ ਟਕਸਾਲ ਵਿਚ ਘੜਨਾ ਹੈ ਅਤੇ ***"ਘੜੀਐ ਸਬਦੁ ਸਚੀ ਟਕਸਾਲ"*** ਦੇ ਧਾਰਨੀ ਬਣਨਾ ਹੈ।

ਸੱਚ ਦਾ ਹੋਕਾ ਘਰ-ਘਰ, ਥਾਵਾਂ-ਥਾਵਾਂ, ਦੇਸ਼ਾਂ-ਵਿਦੇਸ਼ਾਂ ਵਿਚ ਪਹੁੰਚਾਇਆ। ਆਪ ਨੇ ਆਚਾਰ, ਬਿਉਹਾਰ, ਕਿਰਦਾਰ, ਸਦਾਚਾਰ ਨੂੰ ਸੱਚ ਦੇ ਸੰਚੇ ਵਿਚ ਢਾਲਣ ਲਈ ***"ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ।"*** ਦਾ ਸਿਧਾਂਤ ਲੋਕਾਈ ਨੂੰ ਬਖਸ਼ਿਆ। ਆਪ ਜੀ ਦੇ ਪ੍ਰਚਾਰੇ ਹੋਏ ਸੱਚ ਨੂੰ ਆਪ ਜੀ ਨੇ ਜੀਵਨ ਕਾਲ ਵਿਚ ਹੀ ਕਈ ਕ੍ਰੋੜਾਂ ਲੋਕਾਂ ਨੇ ਧਾਰਨ ਕਰ ਲਿਆ।

ਜਿਸ ਸਦਕਾ ਜਿੱਥੇ ਪੰਜਾਬ ਅਤੇ ਭਾਰਤਵਾਸੀ ਗੁਰੂ ਨਾਨਕ ਪਾਤਿਸ਼ਾਹ ਜੀ ਨੂੰ ਸਤਿਗੁਰੂ ਸੱਚੇ ਪਾਤਿਸ਼ਾਹ ਦੇ ਲਕਬ ਨਾਲ ਸਤਿਕਾਰਦੇ ਹਨ, ਉੱਥੇ ਅਰਬ ਦੇਸ਼ਾਂ ਵਿਚ ਪੀਰ ਬਾਬਾ ਨਾਨਕ ਸ਼ਾਹ ਦੇ ਨਾਮ ਨਾਲ ਆਪ ਨੂੰ ਯਾਦ ਕੀਤਾ ਜਾਂਦਾ ਹੈ। ਤਿੱਬਤੀ ਲੋਕ, ਨਾਨਕ ਲਾਮਾ ਜਾਂ ਭਦਰਾ ਗੁਰੂ ਕਹਿੰਦੇ ਹਨ। ਲੰਕਾ ਦੇ ਵਸਨੀਕ ਆਪ ਜੀ ਦੀ ਸਖਸ਼ੀਅਤ ਨੂੰ ਨਾਨਕ ਬੁੱਧਾ ਜਾ ਨਾਨਾ ਬੁਧਾ ਕਹਿ ਕੇ ਆਪਣੀ ਸ਼ਰਧਾ ਭੇਟ ਕਰਦੇ ਹਨ। ਰੂਸ ਆਦਿ ਦੇਸ਼ਾਂ ਵਿਚ ਆਪ ਨੂੰ ਵਲੀ ਹਿੰਦ ਬਾਬਾ ਨਾਨਕ ਸ਼ਾਹ ਕਹਿ ਕੇ ਸਨਮਾਨਿਆ ਜਾਂਦਾ ਹੈ। ਵੀਅਤਨਾਮ, ਮੰਗੋਲੀਆ, ਚੀਨ ਆਦਿ ਦੇਸ਼ਾਂ ਵਿਚ ਆਪ ਜੀ ਨੂੰ ਨਾਨਕ ਭੁਸਾ ਕਹਿ ਕੇ ਵਡਿਆਈ ਦਿੱਤੀ ਜਾਂਦੀ ਹੈ। ਭੁਟਾਨ, ਨੇਪਾਲ, ਸਿਕਮ ਵਿਚ ਲੋਕ ਆਪ ਨੂੰ ਅਥਾਹ ਸ਼ਰਧਾ ਪਿਆਰ ਨਾਲ ***"ਹਿਮਪੋਜੇ"*** ਰਿਮਪੋਜੀ ਲਕਬ ਨਾਲ ਯਾਦ ਕਰਕੇ ਆਪਣੀ ਦਿਲੀ ਅਕੀਦਤ ਭੇਟ ਕਰਦੇ ਹਨ। ਉਸੇ ਸਮੇਂ ਤੋਂ ਆਪ ਜੀ ਦੇ ਸਤਿਕਾਰ ਵਿਚ ਸਥਾਨਕ ਲੋਕਾਂ ਨੇ ਝੀਲਾਂ, ਤਲਾਵਾਂ, ਕੁੰਡਾਂ, ਸਰੋਵਰਾਂ, ਚਸ਼ਮਿਆਂ, ਥਾਵਾਂ ਤੇ ਸ਼ਹਿਰਾਂ ਤਦੇ ਨਾਉਂ ਵੀ ਆਪ ਜੀ ਦੇ ਨਾਉਂ ਤੇ ਰੱਖ ਕੇ ਸਦੀਵੀਂ ਯਾਦਾਂ ਕਾਇਮ ਕੀਤੀਆਂ ਹੋਈਆਂ ਹਨ।

ਆਪ ਜੀ ਸਰਬ ਸਾਂਝੇ ਸਮੁਚੀ ਮਨੁੱਖਤਾ ਦੇ ਰਹਿਬਰ ਸਨ। ਆਪ ਸਭ ਨਾਲ ਪਿਆਰ ਕਰਦੇ ਅਤੇ ਸਰਬ ਦਾ ਭਲਾ ਲੋਚਦੇ ਸਨ। ਜਿਸ ਸਦਕਾ ਸੁਮੱਚੀ ਮਾਨਵਤਾ ਗੁਰੂ ਨਾਨਕ ਪਾਤਿਸ਼ਾਹ ਜੀ ਨੂੰ ਆਪਣਾ ਰਹਿਬਰ, ਆਪਣਾ ਗੁਰੂ, ਆਪਣਾ ਪੀਰ, ਆਪਣਾ ਮੁਰਸ਼ਦ ਤਸਲੀਮ ਕਰਦੀ ਸੀ। ਇਸ ਦੀ ਉਦਾਹਰਣ ਉਸ ਸਮੇਂ ਦੀ ਹੈ ਜਦੋਂ ਆਪ ਜੀ ਨੇ ਆਪਣੀ ਆਤਮਿਕ ਜੋਤਿ ਬਾਬਾ ਲਹਿਣਾ ਜੀ ਵਿਚ ਧਰ ਕੇ ਫੁਰਮਾਇਆ ***"ਬਾਬਾ ਮੜੀ ਨ ਗੋਰ ਗੁਰ ਅੰਗਦ ਦੇ ਹੀਏ ਮੇ"*** ਆਪਣਾ ਸਰੀਰ ਅਲੋਪ ਕਰਨ ਤੋਂ ਪਹਿਲਾਂ ਆਪਣੇ ਜਿਉਂਦੇ ਜੀਅ :

***ਥਾਪਿਆ ਲਹਿਣਾ ਜੀਂਵਦੇ***
***ਗੁਰਿਆਈ ਸਿਰਿ ਛਤ੍ਰ ਫਿਰਾਯਾ ॥***

ਦੀ ਕਾਰ ਕਰ ਦਿੱਤੀ ਅਤੇ ਆਪ ਜੀ 7 ਸਤੰਬਰ 1539 ਈ. ਨੂੰ ਆਪਣੇ ਹੱਥੀਂ ਵਸਾਏ ਕਰਤਾਪੁਰ ਦੇ ਅਸਥਾਨ ਤੇ ਜੋਤੀ-ਜੋਤਿ ਸਮਾ ਗਏ। ਆਪ ਜੀ ਦੇ ਸ਼ਰਧਾਲੂ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਝਗੜਾ ਖੜਾ ਹੋ ਗਿਆ। ਦੋਵੇਂ ਆਪੋ ਆਪਣੇ ਅਕੀਦੇ ਅਨੁਸਾਰ ਆਪ ਜੀ ਦੇ ਸਰੀਰ ਦੀਆਂ ਆਖਰੀ ਰਸਮਾਂ ਕਰਨਾ ਚਾਹੁੰਦੇ ਸਨ। ਗੁਰੂ ਨਾਨਕ ਪਾਤਿਸ਼ਾਹ ਸਰੀਰ ਤਾਂ ਹੈ ਨਹੀਂ ਸਨ, ਉਹ ਤਾਂ ਜੋਤਿ ਸਨ। ਆਖਿਰ ਦੋਵਾਂ ਨੇ ਉਸ ਚਾਦਰ ਨੂੰ ਜੋ ਉਨ੍ਹਾਂ ਆਖਰੀ ਸਮੇਂ ਉਪਰ ਓਢੀ ਹੋਈ ਸੀ, ਅੱਧੀ-ਅੱਧੀ ਕਰਕੇ ਮੁਸਲਮਾਨਾਂ ਨੇ ਕਬਰ ਵਿਚ ਦਫ਼ਨਾ ਦਿੱਤੀ ਤੇ ਹਿੰਦੂ ਸ਼ਰਧਾਲੂਆਂ ਨੇ ਸਸਕਾਰ ਕਰਕੇ ਦੇਹੁਰਾ ਬਣਾ ਲਿਆ।

ਅੱਜ ਵੀ ਸੰਸਾਰ ਵਿਚ ਇਕੋ ਇਕ ਥਾਂ ਕਰਤਾਰਪੁਰ ਵਿਚ ਅਜੇਹਾ ਹੈ ਜਿੱਥੇ ਇਕੋ ਦਰਵਾਜੇ ਵਿਚ ਦੀ ਲੰਘ ਕੇ ਦੋਵੇਂ ਅਕੀਦਿਆਂ ਦੇ ਸ਼ਰਧਾਲੂ ਜਾਂਦੇ ਹਨ। ਮੁਸਲਮਾਨ ਆਪਣੇ ਅਕੀਦੇ ਅਨੁਸਾਰ ਗੁਰੂ ਨਾਨਕ ਦੇਵ ਜੀ ਨੂੰ ਨਾਨਕ ਸ਼ਾਹ ਵਲੀ ਕਹਿ ਕੇ ਇਬਾਦਤ ਕਰਦੇ ਤੇ ਲੋਕ ਪ੍ਰਲੋਕ ਦੀਆਂ ਦਾਤਾਂ ਲਈ ਦੁਆਵਾਂ ਕਰਦੇ ਹਨ। ਨਾਨਕ ਸ਼ਾਹ ਪੀਰ ਜੀ ਦੀ ਕਬਰ ਤੋਂ ਥੋੜ੍ਹਾ ਅੱਗੇ ਜਾਈਏ, ਉੱਥੇ ਕੇਸਰੀ ਨਿਸ਼ਾਨ ਝੂਲ ਰਿਹਾ ਹੈ, ਅਗੇ ਧਰਮਸਾਲ ਹੈ, ਜਿੱਥੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ ਅਤੇ ਗੁਰੂ ਕੀ ਬਾਣੀ ਦਾ ਕੀਰਤਨ ਹੁੰਦਾ ਹੈ। ਜੋ ਅੱਜ ਵੀ ਸਮੁੱਚੀ ਮਾਨਵਤਾ ਨੂੰ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਦੇ ਰਿਹਾ ਹੈ ਕਿ ਗੁਰੂ ਨਾਨਕ ਦੇਵ ਜੀ ਕਿਸੇ ਇਕ ਫਿਰਕੇ, ਕਿਸੇ ਇਕ ਜਾਤ ਦੇ, ਕਿਸੇ ਇਕ ਦੇਸ਼ ਦੇ ਹੀ ਰਹਿਬਰ ਨਹੀਂ ਸਨ ਸਗੋਂ ਉਹ ਸਮੁੱਚੀ ਮਾਨਤਵਾ ਦੇ ਪੈਗੰਬਰ ਸਨ। ਆਪ ਜੀ ਨੇ ਸਮੁੱਚੀ ਮਨੁੱਖਤਾ ਨੂੰ ਉਪਦੇਸ਼ ਦਿੱਤਾ ਕਿ ਕਿਰਤ ਕਰੋ, ਨਾਮ ਜਪੋ, ਵੰਡ ਕੇ ਛਕੋ, ਸਰਬੱਤ ਦਾ ਭਲਾ ਮੰਗੋ, ਹਉ ਹੰਗਤਾ ਦੇ ਤਿਆਗੀ ਬਣੋ, ਸਾਰੀ ਮਨੁੱਖਤਾ ਨੂੰ ਪ੍ਰਮਾਤਮਾ ਦਾ ਰੂਪ ਜਾਣ ਕੇ ਸੇਵਾ ਅਤੇ ਪਿਆਰ ਕਰੋ। ਇਕ ਅਕਾਲ ਪੁਰਖ ਨਾਲ ਜੁੜਨ ਲਈ ਅਨੇਕਤਾ ਦਾ ਤਿਆਗ ਕਰਕੇ ਇਕ ਨੂੰ ਹਿਰਦੇ ਵਿਚ ਵਸਾਉ। ਦਇਆ ਅਤੇ ਖਿਮਾਂ ਦੇ ਧਾਰਨੀ ਬਣ ਕੇ, ਆਪਣੇ ਆਚਾਰ ਵਿਚ ਸੱਚ, ਆਪਣੇ ਬਿਉਹਾਰ ਵਿਚ ਸੱਚ, ਆਪਣੇ ਸਦਾਚਾਰ ਵਿਚ ਸੱਚ, । ਆਪਣੇ ਕਿਰਦਾਰ ਵਿਚ ਸੱਚ, ਆਪਣੇ ਬੋਲਣ ਵਿਚ ਸੱਚ, ਆਪਣੀ ਦ੍ਰਿਸ਼ਟੀ ਵਿਚ ਸੱਚ ਅਤੇ ਆਪਣੇ ਸੁਣਨ ਵਿਚ ਸੱਚ ਨੂੰ ਧਾਰਨ ਕਰੋ ਸੱਚ ਦੇ ਧਾਰਨੀ ਬਣਨ ਨਾਲ ਹੀ ਸੱਚ ਦੇ ਨਾਲ ਅਭੇਦ ਹੋ ਸਕੋਗੇ। ਤਦ ਹੀ ਬਲਵੰਡ ਜੀ ਨੇ ਸਾਖ ਭਰੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪ੍ਰਭੂ ਪ੍ਰਮੇਸ਼ਰ ਦੀ ਪਾਤਿਸ਼ਾਹੀ ਕਾਇਮ ਕੀਤੀ ਅਤੇ ਸੱਚ ਦਾ ਕੋਟ ਉਸਾਰਿਆ ਜਿਸ ਦੀ ਨੀਂਹ ਬਹੁਤ ਮਜ਼ਬੂਤ ਰੱਖੀ, ਜਿਸ ਸੱਚ ਨੂੰ ਸਾਰੇ ਹੀ ਨਮਸਕਾਰਾਂ ਕਰਦੇ ਹਨ ਇਹ ਹੀ ਸਤਿਗੁਰੂ ਨਾਨਕ ਦੇਵ ਜੀ ਦਾ ਵਿਸ਼ਵਵਿਆਪੀ ਚਿੰਤਨ ਹੈ ਸਮੁੱਚੀ ਲੋਕਾਈ ਦਾ ਪਾਰ ਉਤਾਰਾ ਕਰਨਾ ਹੈ। ਕਲਿਜੁਗ ਦਾ ਉਧਾਰ ਕਰਨਾ ਹੈ। ਨਿਰਾ ਸਤਿਗੁਰੂ ਜੀ ਨੇ ਉਪਦੇਸ਼ ਹੀ ਨਹੀਂ ਕੀਤਾ, ਆਪਣੇ ਸਮੁੱਚੇ ਜੀਵਨ ਵਿਚ ਲੋਕਾਈ ਨੂੰ ਦਿੱਤੇ ਉਪਦੇਸ਼ ਅਤੇ ਸੱਚ ਨੂੰ ਹੰਢਾ ਕੇ ਦਰਸਾਇਆ ਹੈ। ਬਾਬਰ ਨੂੰ ਉਸ ਦੇ ਸਾਹਮਣੇ ਜਾਬਰ ਅਤੇ ਅਹਿਲਕਾਰਾਂ ਨੂੰ ਕੁੱਤੇ ਕਹਿ ਕੇ ਪਾਪ ਕੀ ਜੰਞ ਕਹਿਣਾ ਕੈਸਾ ***"ਸਚੁ ਸੁਣਾਇਸੀ ਸਚ ਕੀ ਬੇਲਾ"*** ਦਾ ਕਮਾਲ ਹੈ।

ਇੰਝ ਕਹਿ ਲਈਏ ਤਾਂ ਕੋਈ ਅੱਤ ਕਥਨੀ ਨਹੀਂ ਹੋਵੇਗੀ ਕਿ ਜਿੱਥੇ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਮਰੀ ਹੋਈ ਜ਼ਮੀਰ ਵਾਲੀ ਲੋਕਾਈ ਵਿਚ ਨਵੀਂ ਰੂਹ ਫੂਕੀ, ਉੱਥੇ ਫੋਕਟ ਕਰਮ ਕਾਂਡ ਬਣ ਕੇ ਰਹਿ ਗਏ ਧਰਮ ਦੀ ਲੋਥ ਨੂੰ ਨਵਾਂ ਜੀਵਨ ਪ੍ਰਦਾਨ ਕੀਤਾ। ਸਮਰੱਥ ਗੁਰੂ ਦੀ ਮਹਿਮਾ, ਉਪਦੇਸ਼, ਬਖਸ਼ਿਸ਼ਾਂ, ਸ਼ਬਦਾਂ ਦੁਆਰਾ ਕਲਮਬੰਦ ਨਹੀਂ ਕੀਤੀਆਂ ਜਾ ਸਕਦੀਆਂ। ਤਦ ਹੀ ਪ੍ਰਿੰਸੀਪਲ ਸਤਿਬੀਰ ਸਿੰਘ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਥਾਇ ਲਿਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਕਿਹੋ ਜਿਹੀ ਸਖਸ਼ੀਅਤ ਦੇ ਮਾਲਕ ਹੋਣਗੇ ਜੋ ਮਾਇਆਧਾਰੀ ਦੁਨੀਚੰਦ ਨੂੰ ਦੀਨ, ਲਾਲੋ ਨੂੰ ਲਾਲੀ, ਭਾਗੋ ਦੇ ਉੱਚੇ ਭਾਗ, ਠੱਗ ਨੂੰ ਸੱਜਣ, ਹੰਕਾਰੀ ਨੂੰ ਵਲੀ, ਮਾਨਸ ਖਾਣਿਆ ਨੂੰ ਮਨੁੱਖ ਅਤੇ ਨੂਰੀ ਨੂੰ ਨੂਰ ਪ੍ਰਦਾਨ ਕਰ ਗਏ ਅੱਜ ਲੋੜ ਹੈ ਗੁਰੂ ਬਾਬੇ ਜੀ ਦੇ ਉਪਦੇਸ਼ਾਂ ਨੂੰ ਆਪਣੇ ਜੀਵਨ ਵਿਚ ਘਟਾਈਏ ਤੇ ਗੁਰੂ ਉਪਦੇਸ਼ਾਂ ਨੂੰ ਦੂਸਰਿਆਂ ਤਕ ਪਹੁੰਚਾਈਏ ਤਾਂ ਜੋ ਸਮੁੱਚੀ ਮਨੁੱਖਤਾ ਸਤਿਗੁਰ ਨਾਨਕ ਜੀ ਦੇ ਦਰਸਾਏ ਮਾਰਗ ਤੋਂ ਲਾਹਾ ਪ੍ਰਾਪਤ ਕਰ ਸਕੇ।



# ਗੁਰੂ ਨਾਨਕ ਦੇਵ ਜੀ ਇਕ ਮਹਾਨ ਯੁਗ ਪੁਰਸ਼

- ਸ. ਉੱਜਲ ਸਿੰਘ*

ਪ੍ਰਾਚੀਨ ਸਮਿਆਂ ਤੋਂ ਲੈ ਕੇ ਹੁਣ ਤਕ ਭਾਰਤ ਰਿਸ਼ੀਆਂ ਤੇ ਸੰਤਾਂ ਦਾ ਘਰ ਰਿਹਾ ਹੈ। ਜਿਹੜੇ ਸਮੇਂ -ਸਮੇਂ ਭੁਲੜ ਮਨੁੱਖਤਾ ਨੂੰ ਚਾਨਣ ਵਿਖਾਉਂਦੇ ਰਹੇ ਹਨ। ਇਸ ਸੰਬੰਧ ਵਿਚ ਸਾਨੂੰ ਆਪਣੇ ਪਿਛੋਕੜ ਤੇ ਝਾਤੀ ਮਾਰਨ ਦੀ ਲੋੜ ਹੈ। ਅਸੀਂ ਉੱਚਿਤ ਰੂਪ ਵਿਚ ਆਪਣੀਆਂ ਪਰੰਪਰਾਵਾਂ ਤੇ ਆਪਣੇ ਆਦਰਸ਼ਾਂ ਦੀ ਕਦਰ ਕਰਦੇ ਹਾਂ। ਕਿਉਂਕਿ ਉਹ ਸਾਡੀ ਮੂਲ ਸਭਿਆਚਾਰਕ ਏਕਤਾ ਵਿਚ ਭਾਰੀ ਹਿੱਸਾ ਪਾਉਂਦੇ ਹਨ ਤੇ ਸਾਨੂੰ ਜੀਵਨ ਦੀਆਂ ਅਧਿਆਤਮਿਕ ਤੇ ਨੈਤਿਕ ਕਦਰਾਂ ਨੂੰ ਸਮਝਣ ਵਿਚ ਸਹਾਇਤਾ ਦਿੰਦੇ ਹਨ। ਸਾਡੀ ਰਾਸ਼ਟਰੀ ਜੀਵਨ ਵਿਚ ਧਰਮ ਦੀ ਭਾਰੀ ਮਹੱਤਤਾ ਹੈ। ਨਾਲੇ ਇਹ ਗੱਲ ਵੀ ਖਾਸ ਤੌਰ ਤੇ ਯਾਦ ਰੱਖਣ ਵਾਲੀ ਹੈ ਕਿ ਭਾਰਤ ਬਹੁਤ ਸਾਰੇ ਧਰਮਾਂ ਦਾ ਘਰ ਰਿਹਾ ਹੈ ਤੇ ਏਥੇ ਵੱਖ ਵੱਖ ਧਰਮਾਂ ਦੇ ਲੋਕ ਰਲ ਮਿਲ ਕੇ ਰਹਿੰਦੇ ਹਨ। ਨਾਲ ਹੀ ਸਾਨੂੰ ਤਸਵੀਰ ਦਾ ਦੂਜਾ ਪਾਸਾ ਵੀ ਅੱਖੋਂ ਉਹਲੇ ਨਹੀਂ ਕਰਨਾ ਚਾਹੀਦਾ। ਧਰਮਾਂ, ਰੀਤੀਆ ਤੇ ਪੱਕੀਆਂ ਪੀਡੀਆਂ ਪਿਰਤਾਂ ਉੱਤੇ ਆਧਾਰਿਤ ਜਾਤ ਪਾਤ ਦੀਆਂ ਵੰਡੀਆਂ ਨੇ ਕਈ ਵਾਰ ਲੋਕਾਂ ਦੇ ਦਿਲ ਢਾਹੇ ਹਨ ਤੇ ਸਮਾਜ ਨੂੰ ਛੋਟੇ ਛੋਟੇ ਬਨਾਉਟੀ ਹਲਕਿਆਂ ਦਰ ਹਲਕਿਆਂ ਵਿਚ ਵੰਡ ਕੇ ਰੱਖ ਦਿਤਾ ਹੈ। ਇਸ ਦਾ ਨਤੀਜਾ ਇਹ ਹੋਇਆ ਹੈ ਕਿ ਕਈ ਸਮੇਂ ਅਜਿਹੇ ਆਏ ਹਨ ਜਦੋਂ ਲੋਕਾਂ ਦੀ ਦ੍ਰਿਸ਼ਟੀ ਸਉੜੀ ਹੋ ਗਈ ਤੇ ਵਹਿਮਾਂ ਨੇ ਉਨ੍ਹਾਂ ਦੀ ਨਿਰਣੇ ਸ਼ਕਤੀ ਨੂੰ ਕਮਜ਼ੋਰ ਕਰ ਦਿਤਾ। ਲੋਕ ਨਾਬਰਾਬਰੀਆਂ ਤੇ ਅਯੋਗਤਾਵਾਂ ਦੇ ਸ਼ਿਕਾਰ ਹੋ ਗਏ। ਸਮਾਜ ਗਿਰਾਵਟ ਵਿਚ ਆ ਗਿਆ ਤੇ ਇਕ ਸ਼੍ਰੇਣੀ ਦੀ ਦੂਜੀ ਸ਼੍ਰੇਣੀ ਵਲੋਂ ਲੁਟ ਖਸੁਟ ਹੋਣ ਲਗੀ। ਅੰਦਰਲੀ ਖਹਿਬੜ ਤੇ ਖਿਚੋਤਾਣ ਨੇ ਸਾਡੀ ਉੱਨਤੀ ਦੀ ਰਾਹ ਵਿਚ ਰੁਕਾਵਟ ਪਾ ਦਿਤੀ। ਜਦੋਂ ਵੀ ਅਜਿਹਾ ਸਮਾਂ ਆਇਆ ਓਦੋਂ ਵਿਦੇਸ਼ੀਆਂ ਲਈ ਮੌਕਾ ਸੀ ਕਿ ਉਹ ਸਾਡੇ ਤੇ ਹਮਲਾ ਕਰਨ ਤੇ ਸਾਡੀ ਆਜ਼ਾਦੀ ਖੋਹ ਲੈਣ। ਇਹ ਦੁਖਾਂਤ ਕਹਾਣੀ ਭਾਰਤ ਵਿਚ ਵਾਰ ਵਾਰ ਦੁਹਰਾਈ ਗਈ। ਨਿਰਾਸ਼ਤਾ ਦੇ ਵਾਤਾਵਰਣ ਵਿਚ ਇਕ ਆਸ ਦੀ ਕਿਰਨ ਇਹ ਰਹੀ ਹੈ ਕਿ ਸਮੇਂ ਸਮੇਂ ਮਹਾਨ ਸੰਤ ਤੇ ਸੁਧਾਰਕ ਪ੍ਰਗਟ ਹੁੰਦੇ ਰਹੇ। ਉਨ੍ਹਾਂ ਸਮੁੱਚੇ ਦੇਸ਼ ਦੇ ਲੋਕਾਂ ਉਤੇ ਆਪਣਾ ਪ੍ਰਭਾਵ ਪਾਇਆ ਤੇ ਲੋਕਾਂ ਨੂੰ ਨਿਕੰਮੇ ਰਸਮਾਂ ਰਿਵਾਜਾਂ ਵਲੋਂ ਮੋੜਿਆ। ਉਨ੍ਹਾਂ ਆਮ ਜਨਤਾ ਵਿਚ ਭਾਰੀ ਜਾਗ੍ਰਿਤੀ ਲਿਆਂਦੀ, ਉਨ੍ਹਾਂ ਨੂੰ ਧਰਮ ਦੇ ਨਾਂ ਤੇ ਹੋ ਰਹੀਆਂ ਕੁਰੀਤੀਆਂ ਤੋਂ ਹਟਾਇਆ ਤੇ ਵਿਸ਼ਵ ਪ੍ਰੇਮ ਤੇ ਮਾਨਵ ਵਾਦ ਦਾ ਸੁਨੇਹਾ ਦੇ ਕੇ ਉਨ੍ਹਾਂ ਵਿਚ ਏਕਤਾ ਲਿਆਂਦੀ। ਇਹ ਇਕ ਖਾਸ ਧਿਆਨ



ਯੋਗ ਗੱਲ ਹੈ ਕਿ ਸਾਡੇ ਸਾਰੇ ਰਿਸ਼ੀ ਮੁਨੀ ਤੇ ਮਹਾਤਮਾ ਨਾਲ ਹੀ ਧਾਰਮਕ ਤੇ ਸਮਾਜਕ ਸੁਧਾਰਕ ਵੀ ਸਨ। ਇਸ ਤਰ੍ਹਾਂ ਨਿਰਾਸਤਾ ਦੇ ਹਨੇਰੇ ਵਿਚ ਭਟਕ ਰਹੇ ਲੋਕਾਂ ਨੂੰ ਚਾਨਣ ਵਿਖਾਉਣ ਵਾਲੇ ਮਹਾਂ ਪੁਰਸ਼ਾਂ ਵਿਚ ਗੌਤਮ ਬੁੱਧ, ਰਾਮਾਨੰਦ, ਸੰਤ ਕਬੀਰ, ਗੁਰੂ ਨਾਨਕ ਸ਼ਾਮਲ ਹਨ। ਭਾਰਤ ਵਿਚ ਧਾਰਮਕ ਨੇਤਾਵਾਂ ਤੇ ਸਮਾਜਕ ਸੁਧਾਰਕਾਂ ਦੀ ਇਕ ਅਟੁੱਟ ਲੜੀ ਦੇ ਇਹ ਸਾਰੇ ਚਮਕਦਾਰ ਮੋਤੀ ਹਨ। ਇਹ ਸਾਲ ਸਿੱਖ ਧਰਮ ਦੇ ਬਾਨੀ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸੈਂਤੀ ਸਾਲਾ ਪ੍ਰਕਾਸ਼ ਉਤਸਵ ਦਾ ਸਾਲ ਹੈ। ਉਹ ਕੇਵਲ ਇਕ ਧਰਮ ਦੇ ਬਾਨੀ ਹੀ ਨਹੀਂ ਸਨ ਸਗੋਂ ਇਕ ਜਗਤ ਗੁਰੂ ਸਨ, ਦਾਰਸ਼ਨਿਕ ਸਨ ਤੇ ਸਭ ਤੋਂ ਵੱਧ ਇਕ ਮਹਾਨ ਸਮਾਜ ਸੁਧਾਰਕ ਸਨ। ਜਿਸ ਯੁੱਗ ਵਿਚ ਗੁਰੂ ਨਾਨਕ ਦਾ ਪ੍ਰਕਾਸ਼ ਹੋਇਆ ਓਦੋਂ ਭਾਰਤੀ ਸਮਾਜ ਭਾਰੀ ਪਤਨ ਦੀ ਹਾਲਤ ਵਿਚ ਸੀ, ਉਸ ਉਤੇ ਜਾਤ ਪਾਤ ਦਾ ਤਕੜਾ ਜੱਫਾ ਸੀ ਤੇ ਉਹ ਆਪਣੇ ਆਪ ਨੂੰ ਆਪੇ ਖਤਮ ਕਰ ਰਿਹਾ ਸੀ। ਇਸ ਤੋਂ ਇਲਾਵਾ ਉਸ ਸਮੇਂ ਦੀ ਰਾਜਸੀ ਹਾਲਤ ਹੋਰ ਵੀ ਚਿੰਤਾਜਨਕ ਤੇ ਨਿਰਾਸ ਕਰਨ ਵਾਲੀ ਸੀ। ਦੇਸ਼ ਦੇ ਵੱਡੇ ਹਿੱਸਿਆਂ ਤੇ ਵਿਦੇਸ਼ੀ ਹਮਲਾਆਵਰਾਂ ਦਾ ਰਾਜ ਸੀ ਜਿਹੜੇ ਆਪਣੇ ਲਾਭਾਂ ਲਈ ਲੋਕਾਂ ਨੂੰ ਲੁੱਟ ਰਹੇ ਸਨ। ਲੋਕਾਂ ਵਿਚ ਫੁਟ ਸੀ ਤੇ ਉਹ ਸਮਾਜਕ ਤੇ ਰਾਜਸੀ ਅਤਿਆਚਾਰਾਂ ਹੇਠ ਕਰਾਹ ਰਹੇ ਸਨ।

ਗੁਰੂ ਨਾਨਕ ਨੇ ਇਸ ਹਨੇਰੇ ਨੂੰ ਦੂਰ ਕਰਨ ਦਾ ਯਤਨ ਕੀਤਾ ਤੇ ਮਨੁਖਤਾ ਨੂੰ ਆਸ ਤੇ ਵਿਸ਼ਵਾਸ ਦਾ ਸੁਨੇਹਾ ਦਿਤਾ।

ਗੁਰੂ ਨਾਨਕ ਦੀ ਸ਼ਖ਼ਸੀਅਤ ਬਹੁ ਪੱਖੀ ਸੀ ਰਹਿਸਵਾਦੀ, ਸੰਤ, ਕਵੀ ਤੇ ਸੁਧਾਰਕ। ਏਥੇ ਅਸੀਂ ਇਕ ਸਮਾਜ ਸੁਧਾਰਕ ਤੇ ਯੁਗ ਪੁਰਸ਼ ਦੇ ਰੂਪ ਵਿਚ ਉਨ੍ਹਾਂ ਦੇ ਕੰਮ ਤੇ ਹੀ ਵਿਚਾਰ ਕਰ ਰਹੇ ਹਾਂ। ਉਨ੍ਹਾਂ ਦੂਰ ਦੂਰ ਤਕ ਸਫਰ ਕੀਤਾ ਤੇ ਆਪਣਾ ਇਹ ਸੁਨੇਹਾ ਹਰ ਥਾਂ ਪਹੁੰਚਾਇਆ ਕਿ ਰੱਬ ਇਕ ਹੈ। ਸਾਰੇ ਮਨੁੱਖ ਆਪੋ ਵਿਚ ਭਰਾ ਹਨ ਤੇ ਸਭ ਨੂੰ ਆਪੋ ਵਿਚ ਪ੍ਰੇਮ ਤੇ ਸਹਿਣ ਸ਼ੀਲਤਾ ਨਾਲ ਰਹਿਣਾ ਚਾਹੀਦਾ ਹੈ। ਉਨ੍ਹਾਂ ਇਸ ਗੱਲ ਤੇ ਜ਼ੋਰ ਦਿਤਾ ਕਿ ਮਨੁੱਖ ਨੂੰ ਦੁਨੀਆਂ ਵਿਚ ਭਰਪੂਰ ਜੀਵਨ ਜੀਊਣਾ ਚਾਹੀਦਾ ਹੈ ਪਰ ਆਪਣੇ ਆਪ ਨੂੰ ਸੰਸਾਰ ਦੀ ਮੋਹ ਮਾਇਆ ਤੋਂ ਓਸੇ ਤਰ੍ਹਾਂ ਨਿਰਲੇਪ ਰੱਖਣਾ ਚਾਹੀਦਾ ਹੈ ਜਿਸ ਤਰ੍ਹਾਂ ਕੰਵਲ ਦਾ ਫੁੱਲ ਆਪਣੇ ਆਪ ਨੂੰ ਰੱਖਦਾ ਹੈ। ਗੁਰੂ ਨਾਨਕ ਨਾਮ ਜਪਣ ਤੇ ਵਾਹਿਗੁਰੂ ਦੀ ਇਛਿਆ ਅਨੁਸਾਰ ਚੱਲਣ ਦੇ ਨਾਲ ਨਾਲ ਨੇਕ ਵਿਹਾਰ ਰੱਖਣ ਤੇ ਵੀ ਜ਼ੋਰ ਦਿੰਦੇ ਸਨ। ਉਨ੍ਹਾਂ ਦਾ ਕਥਨ ਹੈ :

ਸਚਹੁ ਉਰੇ ਸਭ ਕੋ,
ਉਪਰ ਸਚ ਆਚਾਰ।

ਉਹ ਸਮਝਦੇ ਹਨ ਕਿ ਸਾਰੇ ਮਨੁੱਖ ਇਕ ਈਸ਼ਵਰ ਦੇ ਬੱਚੇ ਹਨ ਤੇ ਇਸ ਲਈ ਆਪੋ ਵਿਚ ਭਰਾਵਾਂ ਵਾਂਗ ਹਨ। ਦੇਸ਼ ਦੇ ਵੱਖ ਵੱਖ ਹਿੱਸਿਆਂ ਤੇ ਵੱਖ ਵੱਖ ਧਰਮਾਂ ਦੇ ਲੋਕਾਂ ਵਿਚ ਬਰਾਬਰੀ ਦੀ ਭਾਵਨਾ ਪੈਦਾ ਕਰਨ ਲਈ ਇਹ ਇਕ ਪੱਕੀ ਨੀਂਹ ਸੀ ਜਿਹੜੀ ਗੁਰੂ ਨਾਨਕ ਨੇ ਰਖੀ। ਗੁਰੂ ਨਾਨਕ ਨਾ ਕੱਟੜ ਪੰਥੀ ਸਨ ਤੇ ਨਾ ਹੀ ਜਨੂੰਨੀ। ਉਨ੍ਹਾਂ ਇਸ ਗੱਲ ਤੇ ਜ਼ੋਰ ਦਿਤਾ ਕਿ ਸਾਰੇ ਧਰਮ ਬੁਨਿਆਦੀ ਤੌਰ ਤੇ ਸੱਚੇ ਹਨ। ਉਨ੍ਹਾਂ ਕਿਸੇ ਨੂੰ ਵੀ ਆਪਣਾ ਧਰਮ ਛੱਡਣ ਲਈ ਨਹੀਂ ਕਿਹਾ। ਗੁਰੂ ਮਹਾਰਾਜ ਦੀਆਂ ਨਜ਼ਰਾਂ ਵਿਚ ਕੋਈ ਹਿੰਦੂ, ਮੁਸਲਮਾਨ ਨਹੀਂ ਸੀ ਸਭ ਕੇਵਲ ਮਨੁੱਖ ਸਨ। ਉਹ ਕਿਸੇ ਉਚ ਨੀਚ ਨੂੰ ਨਹੀਂ ਸਨ ਮੰਨਦੇ ਸਗੋਂ ਸਭ ਨੂੰ ਬਰਾਬਰ ਸਮਝਦੇ ਸਨ। ਉਨ੍ਹਾਂ ਵਿਚ ਨਿਮਰਤਾ ਕੁਟ ਕੁਟ ਕੇ ਭਰੀ ਹੋਈ ਸੀ ਤੇ ਉਹ ਨਿਮਰਤਾ ਨੂੰ ਨੇਕੀ ਤਾ ਤੱਤ ਸਮਝਦੇ ਸਨ। ਜਾਤ ਪਾਤ ਤੇ ਛੂਤ ਛਾਤ ਦੀਆਂ ਲਾਹਨਤਾਂ ਤੋਂ ਸਾਡਾ ਸਮਾਜ ਅੱਜ ਵੀ ਪੀੜਤ ਹੈ। ਇਹ ਯੁੱਗਾਂ ਤੋਂ ਸਾਡੇ ਨਾਲ ਚੰਬੜੀਆ ਹੋਈਆਂ ਹਨ ਤੇ ਅਸੀਂ ਅਜੇ ਵੀ ਇਨ੍ਹਾਂ ਵਿਰੁੱਧ ਘਾਲਣਾ ਕਰ ਰਹੇ ਹਾਂ। ਗੁਰੂ ਨਾਨਕ ਨੇ ਜਾਤ ਪਾਤ ਤੇ ਛੂਤ ਛਾਤ ਦੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਹੈ ਕਿ ਚੰਗੇ ਕਰਮਾਂ ਨਾਲ ਹੀ ਕੋਈ ਉੱਚਾ ਹੁੰਦਾ ਹੈ, ਜਨਮ ਨਾਲ ਨਹੀਂ। ਨੀਚ ਕੇਵਲ ਉਹ ਹੁੰਦੇ ਹਨ ਜਿਹੜੇ ਆਪਣੇ ਕਰਤਾ ਨੂੰ ਭੁਲ ਜਾਂਦੇ ਹਨ। ਇਸ ਤਰ੍ਹਾਂ ਉਨ੍ਹਾਂ ਮਨੁਖਾਂ ਵਿਚ ਬਰਾਬਰੀ ਦਾ ਪ੍ਰਚਾਰ ਕੀਤਾ ਤੇ ਈਸ਼ਵਰ ਵਿਚ ਸਾਡੀ ਆਸਥਾ ਨੂੰ ਹੋਰ ਵੀ ਦ੍ਰਿੜ੍ਹ ਕੀਤਾ। ਗੁਰੂ ਨਾਨਕ ਆਪ ਅਮਲ ਵਿਚ ਵਿਸ਼ਵਾਸ਼ ਰੱਖਦੇ ਸਨ ਤੇ ਉਨ੍ਹਾਂ ਕਦੇ ਵੀ ਕਿਸੇ ਅਜਿਹੀ ਗੱਲ ਦਾ ਪ੍ਰਚਾਰ ਨਹੀਂ ਕੀਤਾ ਜਿਸ ਨੂੰ ਉਨ੍ਹਾਂ ਆਪ ਗ੍ਰਹਿਣ ਨਾ ਕੀਤਾ ਹੋਵੇ। ਜਾਤ ਪਾਤ ਦੀਆਂ ਵੰਡੀਆਂ ਖਤਮ ਕਰਨ ਲਈ ਉਨ੍ਹਾਂ ਗੁਰੂ ਕੇ ਲੰਗਰ ਵਿਚ ਇਕੋ ਪੰਗਤ ਵਿਚ ਬਹਿਣ ਦੀ ਪ੍ਰਥਾ ਚਲਾਈ। ਗੁਰੂ ਨਾਨਕ ਵਿਚ ਅਸਾਧਾਰਨ ਅਖ਼ਲਾਕੀ ਦਲੇਰੀ ਤੇ ਆਜ਼ਾਦੀ ਸੀ। ਉਨ੍ਹਾਂ ਦੇ ਉਪਦੇਸ਼ਾਂ ਨੇ ਜਨ-ਸਮੂਹ ਨੂੰ ਆਪਦੇ ਵੱਲ ਖਿਚਿਆ ਤੇ ਉਨ੍ਹਾਂ ਦੇ ਮਨਾਂ ਨੂੰ ਮੋਹਿਆ। ਉਹ ਹਿੰਦੂਆਂ ਤੇ ਮੁਸਲਮਾਨਾਂ ਵਿਚ ਇਕ ਪੁੱਲ ਵਾਂਗ ਸਨ। ਸਾਰੇ ਉਨ੍ਹਾਂ ਨੂੰ ਇਕੋ ਜਿਹਾ ਪਿਆਰ ਕਰਦੇ ਸਨ। ਉਨ੍ਹਾਂ ਦੇ ਜੀਵਨ ਤੇ ਉਪਦੇਸ਼ਾਂ ਤੋਂ ਸਿੱਧ ਹੁੰਦਾ ਹੈ ਕਿ ਸਮਾਜਕ ਬੁਰਾਈਆਂ ਤੇ ਫੁੱਟ ਪਾਉਣ ਵਾਲੀਆਂ ਸ਼ਕਤੀਆਂ ਵਿਰੁੱਧ ਉਨ੍ਹਾਂ ਕਿਵੇਂ ਡਟ ਕੇ ਸੰਘਰਸ਼ ਕੀਤਾ। ਉਹ ਅਧਿਆਤਮਿਕ ਤੇ ਸਮਾਜਕ ਸੁਧਾਰ ਦੀ ਇਕ ਜ਼ੋਰਦਾਰ ਲਹਿਰ ਦੇ ਸਫਲ ਮੋਢੀ ਸਨ। ਭਾਰਤ ਵਿਚ ਅਨੇਕਾਂ ਮਹਾਪੁਰਸ਼ਾਂ ਦੇ ਉਪਦੇਸ਼, ਸਾਡੇ ਵਰਤਮਾਨ ਸੰਵਿਧਾਨ ਦੀਆਂ ਪ੍ਰਸੰਸਾ ਯੋਗ ਵਿਵਸਥਾਵਾਂ ਤੇ ਕਈ ਮਹਾਨ ਲਹਿਰਾਂ ਦੇ ਬਾਵਜੂਦ ਵੀ ਅਸੀਂ ਅਜੇ ਵੀ ਕਿਸੇ ਨਾ ਕਿਸੇ ਰੂਪ ਵਿਚ ਜਾਤ ਪਾਤ ਦੇ ਸ਼ਿਕਾਰ ਹਾਂ। ਨਸਲ, ਧਰਮ, ਪ੍ਰਦੇਸ਼ ਤੇ ਭਾਸ਼ਾ ਦੇ ਆਧਾਰ ਤੇ ਮਤਭੇਦ ਅਜੇ ਵੀ ਕਾਇਮ ਹਨ। ਪਰ ਸਾਨੂੰ ਨਿਰਾਸ਼ ਨਹੀਂ ਹੋਣਾ ਚਾਹੀਦਾ। ਸਾਨੂੰ ਉਹ ਮਹਾਨ ਆਦਰਸ਼ ਆਪਣੇ ਸਾਹਮਣੇ ਰੱਖਣੇ ਚਾਹੀਦੇ ਹਨ ਜਿਨ੍ਹਾਂ ਲਈ ਗੁਰੂ ਮਹਾਰਾਜ ਜੀਵੇ ਤੇ ਜਿਨ੍ਹਾਂ ਦਾ ਅੰਤ ਤਕ ਉਨ੍ਹਾਂ ਪ੍ਰਚਾਰ ਕੀਤਾ। ਸਾਨੂੰ ਸੱਚੇ ਮਨ ਨਾਲ ਉਨ੍ਹਾਂ ਦੇ ਪ੍ਰੇਮ ਤੇ ਭਰਾਵਲੀ ਦੇ ਸੁਨੇਹੇ ਤੇ ਚਲਣਾ ਚਾਹੀਦਾ ਹੈ।

## ਸੰਪਾਦਕੀ

# ਆਧੁਨਿਕ ਜੀਵਨ ਸ਼ੈਲੀ ਦਾ ਸਭ ਤੋਂ ਘਾਤਕ ਪ੍ਰਦੂਸ਼ਣ ਮਹੀਨ ਪਲਾਸਟਿਕ ਕਣ

ਸਮੁੱਚੀ ਦੁਨੀਆ 'ਚ ਹਰ ਸਾਲ 400 ਮਿਲੀਅਨ ਟਨ ਤੋਂ ਵੱਧ ਪਲਾਸਟਿਕ ਪੈਦਾ ਕੀਤਾ ਜਾਂਦਾ ਹੈ, ਜਿਸ ਵਿੱਚੋਂ ਇੱਕ ਤਿਹਾਈ ਹਿੱਸਾ ਸਿਰਫ਼ ਇੱਕ ਵਾਰ ਵਰਤਣ ਯੋਗ ਹੁੰਦਾ ਹੈ। ਇਸ ਦੇ ਸਿੱਟੇ ਵਜੋਂ ਹਰ ਸਾਲ ਪਲਾਸਟਿਕ ਕੂੜੇ ਦੇ 2000 ਦੇ ਕਰੀਬ ਟਰੱਕ ਵੱਖ-ਵੱਖ ਜਲ ਸਰੋਤਾਂ ਜਿਵੇਂ ਸਮੁੰਦਰਾਂ, ਦਰਿਆਵਾਂ, ਨਹਿਰਾਂ, ਛੱਪੜਾਂ ਅਤੇ ਤਲਾਬਾਂ ਵਿੱਚ ਸੁੱਟ ਦਿੱਤੇ ਜਾਂਦੇ ਹਨ। ਪਲਾਸਟਿਕ ਕੂੜੇ ਦਾ ਸਭ ਤੋਂ ਖ਼ਤਰਨਾਕ ਰੂਪ ਇਸ ਕੂੜੇ ਤੋਂ ਬਣਦੇ ਪਲਾਸਟਿਕ ਦੇ ਸੂਖ਼ਮ ਕਣ ਹਨ ਜਿਨ੍ਹਾਂ ਨੂੰ ਮਾਈਕ੍ਰੋਪਲਾਸਟਿਕਸ ਜਾਂ 'ਪਲਾਸਟਿਕ ਦੇ ਮਹੀਨ/ਸੂਖ਼ਮ ਕਣ' ਕਹਿੰਦੇ ਹਨ। ਇਹ 'ਪਲਾਸਟਿਕ ਸੂਖ਼ਮ ਕਣ' ਸਾਡੇ ਆਲੇ-ਦੁਆਲੇ ਭਾਵ ਸਾਡੀ ਮਿੱਟੀ, ਪਾਣੀ ਅਤੇ ਹਵਾ ਵਿੱਚ ਮੌਜੂਦ ਅਜਿਹੇ ਕਣ ਹਨ, ਜਿਨ੍ਹਾਂ ਦਾ ਆਕਾਰ 5 ਮਿਲੀਮੀਟਰ ਤੋਂ ਘੱਟ ਹੁੰਦਾ ਹੈ। ਮਨੁੱਖੀ ਕਿਰਿਆਵਾਂ ਨਾਲ ਇਨ੍ਹਾਂ ਕਣਾਂ ਦੀ ਮਾਤਰਾ ਵਿੱਚ ਹੋ ਰਹੇ ਲਗਾਤਾਰ ਵਾਧੇ ਤੋਂ ਦੁਨੀਆ ਭਰ ਦੇ ਵਿਗਿਆਨੀ ਬੇਹੱਦ ਫ਼ਿਕਰਮੰਦ ਹਨ। ਉਨ੍ਹਾਂ ਦੀ ਚਿੰਤਾ ਜਾਇਜ਼ ਵੀ ਹੈ ਕਿਉਂਕਿ ਇਹ ਸੂਖ਼ਮ ਕਣ ਮਨੁੱਖਾਂ ਤੋਂ ਇਲਾਵਾ ਬਾਕੀ ਜੀਵ-ਜੰਤੂਆਂ ਅਤੇ ਬਨਸਪਤੀ ਵਿੱਚ ਭਿਆਨਕ ਬਿਮਾਰੀਆਂ ਦਾ ਕਾਰਨ ਬਣ ਰਹੇ ਹਨ। ਇਹ ਕਣ ਟਾਇਰਾਂ ਦੇ ਰਗੜਨ, ਪਿੰਡਾਂ-ਸ਼ਹਿਰਾਂ ਵਿੱਚ ਲੱਗੇ ਕੂੜੇ ਦੇ ਢੇਰਾਂ ਉੱਤੇ ਗਰਮੀ ਅਤੇ ਵਰਖਾ ਦੇ ਪ੍ਰਭਾਵ ਕਾਰਨ, ਪਲਾਸਟਿਕ ਦੇ ਲਿਫ਼ਾਫ਼ੇ ਅਤੇ ਬੋਤਲਾਂ ਦੇ ਟੁੱਟਣ-ਭੱਜਣ, ਸਿਗਰਟਾਂ ਦੇ ਫਿਲਟਰਾਂ, ਭੋਜਨ ਅਤੇ ਹੋਰ ਵਸਤਾਂ ਦੀ ਪੈਕਿੰਗ ਕਰਨ ਲਈ ਵਰਤੇ ਜਾਂਦੇ ਪਲਾਸਟਿਕ ਬੈਗਾਂ, ਕੂੜੇ ਦੇ ਢੇਰਾਂ ਤੋਂ ਉੱਡਦੀ ਧੂੜ, ਪਲਾਸਟਿਕ ਦੀਆਂ ਘਰੇਲੂ ਵਸਤਾਂ ਦੀ ਟੁੱਟ-ਭੱਜ ਅਤੇ ਪੋਲਿਸਟਰ ਦੇ ਕੱਪੜਿਆਂ ਤੋਂ ਪੈਦਾ ਹੁੰਦੇ ਹਨ। ਇਨ੍ਹਾਂ ਤੋਂ ਇਲਾਵਾ ਗਰੀਨ ਟੀ ਦੀ ਪੈਕਿੰਗ, ਸਕਿਨ ਕ੍ਰੀਮ ਅਤੇ ਕੱਪੜਿਆਂ ਤੇ ਭਾਂਡਿਆਂ ਨੂੰ ਧੋਣ ਲਈ ਵਰਤੇ ਜਾਂਦੇ ਡਿਟਰਜੈਂਟਾਂ ਤੋਂ ਵੀ ਪਲਾਸਟਿਕ ਦੇ ਸੂਖ਼ਮ ਕਣ ਪੈਦਾ ਹੁੰਦੇ ਹਨ। ਇਨ੍ਹਾਂ ਜ਼ਹਿਰੀਲੇ ਪਲਾਸਟਿਕ ਕਣਾਂ ਦੀ ਸਭ ਤੋਂ ਮਾੜੀ ਗੱਲ ਇਹ ਹੈ ਕਿ ਇਹ ਹਜ਼ਾਰਾਂ ਸਾਲਾਂ ਬਾਅਦ ਵੀ ਖ਼ਤਮ ਨਹੀਂ ਹੁੰਦੇ ਹਨ ਭਾਵ ਇਨ੍ਹਾਂ ਵੱਲੋਂ ਇੱਕ ਵਾਰ ਪੈਦਾ ਕੀਤਾ ਗਿਆ ਪ੍ਰਦੂਸ਼ਣ ਆਉਣ ਵਾਲੀਆਂ ਅਣਗਿਣਤ ਪੀੜ੍ਹੀਆਂ ਲਈ ਸਿਰਦਰਦ ਬਣਿਆ ਰਹਿੰਦਾ ਹੈ।

ਇਹ ਕਣ ਬੋਤਲਬੰਦ ਪਾਣੀ, ਡੱਬਾਬੰਦ ਬਾਜ਼ਾਰੀ ਭੋਜਨ, ਸਮੁੰਦਰੀ ਭੋਜਨ ਖਾਣ, ਸਾਹ ਲੈਣ ਨਾਲ ਅਤੇ ਚਮੜੀ 'ਤੇ ਲਗਾਈ ਕਰੀਮ ਤੋਂ ਸਾਡੇ ਸਰੀਰ ਅੰਦਰ ਦਾਖ਼ਲ ਹੋ ਜਾਂਦੇ ਹਨ। ਸਰੀਰ 'ਚ ਦਾਖ਼ਲ ਹੋ ਕੇ ਇਹ ਸਾਡੇ ਜ਼ਰੂਰੀ ਅੰਗਾਂ ਜਿਵੇਂ ਫੇਫੜਿਆਂ, ਜਿਗਰ, ਦਿਲ, ਦਿਮਾਗ, ਪਤਾਲੂਆਂ, ਇੱਥੋਂ ਤੱਕ ਕਿ ਗਰਭਵਤੀਆਂ ਦੇ ਭਰੂਣ ਅੰਦਰ ਵੀ ਚਲੇ ਜਾਂਦੇ ਹਨ। 'ਐਨਵਾਇਰਨਮੈਂਟਲ ਸਾਇੰਸ ਅਤੇ ਤਕਨਾਲੋਜੀ ਜਨਰਲ' ਨਾਂ ਦੀ ਇੱਕ ਸੰਸਥਾ ਵੱਲੋਂ ਕਰਵਾਏ ਗਏ ਇੱਕ ਸਰਵੇਖਣ ਵਿੱਚ ਦੱਸਿਆ ਗਿਆ ਹੈ ਕਿ ਧਰਤੀ ਦਾ ਹਰ ਜੀਵ ਹਰ ਸਾਲ ਔਸਤ 52,000 ਦੇ ਕਰੀਬ ਇਨ੍ਹਾਂ ਕਣਾਂ ਨੂੰ ਆਪਣੇ ਅੰਦਰ ਬੇਧਿਆਨੇ ਹੀ ਨਿਗਲ ਜਾਂਦਾ ਹੈ।

ਸਰੀਰ ਅੰਦਰ ਇਹ ਮਹੀਨ ਕਣ ਭਿਆਨਕ ਬਿਮਾਰੀਆਂ ਨੂੰ ਜਨਮ ਦਿੰਦੇ ਹਨ ਜਿਵੇਂ ਸਰੀਰਕ ਸੋਜਾ ਪੈਣਾ, ਸਮੇਂ ਤੋਂ ਪਹਿਲਾਂ ਬੁੱਢੇ ਹੋਣਾ, ਮਾਨਸਿਕ ਤਣਾਅ, ਖ਼ੂਨ ਦੀਆਂ ਨਾਲੀਆਂ ਵਿੱਚ ਪਲਾਕ ਭਾਵ ਪਲਾਸਟਿਕ ਕਣਾਂ ਦੀ ਪਰਤ ਦਾ ਜਮ੍ਹਾਂ ਹੋਣਾ (ਜਿਸ ਨਾਲ ਦਿਲ ਦਾ ਦੌਰਾ ਪੈਣ ਦਾ ਖ਼ਤਰਾ ਵਧ ਜਾਂਦਾ ਹੈ), ਖ਼ੂਨ ਵਿੱਚ ਹਾਰਮੋਨਾਂ ਵਿੱਚ ਬਦਲਾਅ ਲਿਆ ਕੇ ਸ਼ੂਗਰ ਜਿਹੇ ਰੋਗਾਂ ਨੂੰ ਜਨਮ ਦੇਣਾ, ਅੰਤੜੀਆਂ ਦੀ ਅੰਦਰਲੀ ਪਰਤ ਨੂੰ ਨਸ਼ਟ ਕਰਨਾ (ਜਿਸ ਨਾਲ ਪੇਟ ਦੀਆਂ ਬਿਮਾਰੀਆਂ ਵਧ ਜਾਂਦੀਆਂ ਹਨ), ਇਨ੍ਹਾਂ ਕਣਾਂ ਦੇ ਫੇਫੜਿਆਂ ਵਿੱਚ ਜਮ੍ਹਾਂ ਹੋ ਜਾਣ ਨਾਲ ਦਮੇ ਵਰਗੇ ਸਾਹ ਦੇ ਰੋਗ ਲੱਗ ਜਾਂਦੇ ਹਨ। ਇਨ੍ਹਾਂ ਨਾਲ ਸਰੀਰ ਦੀ ਰੋਗ-ਰੋਕੂ ਸਮਰੱਥਾ ਵੀ ਘਟ ਜਾਂਦੀ ਹੈ, ਜਿਸ ਨਾਲ ਸਾਡਾ ਸਰੀਰ ਆਸਾਨੀ ਨਾਲ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦਾ ਹੈ। ਗਰਭਵਤੀਆਂ ਦੇ ਪੇਟ ਅੰਦਰ ਪਲ ਰਹੇ ਬੱਚਿਆਂ ਵਿੱਚ ਅਤੇ ਨਵਜੰਮੇ ਬੱਚਿਆਂ ਨੂੰ ਮਾਂ ਵੱਲੋਂ ਪਿਆਏ ਜਾਂਦੇ ਦੁੱਧ ਵਿੱਚ ਵੀ ਇਹ ਕਣ ਮੌਜੂਦ ਹੁੰਦੇ ਹਨ। ਇਸ ਤੋਂ ਇਲਾਵਾ ਇਹ ਕਣ ਅਜਿਹੀਆਂ ਅਨੇਕਾਂ ਬਿਮਾਰੀਆਂ ਲਈ ਜ਼ਿੰਮੇਵਾਰ ਹਨ, ਜਿਨ੍ਹਾਂ ਦਾ ਸਬੰਧ ਸਾਡੀ ਆਧੁਨਿਕ ਜੀਵਨ ਸ਼ੈਲੀ ਨਾਲ ਹੈ। ਸੰਸਾਰ ਦੇ ਵੱਖ-ਵੱਖ ਭਾਗਾਂ ਵਿੱਚ ਚੱਲ ਰਹੀਆਂ ਖੋਜਾਂ ਹਾਲੇ ਹੋਰ ਇਹ ਦੱਸਣਗੀਆਂ ਕਿ ਮਨੁੱਖ ਵੱਲੋਂ ਆਪਣੀ ਜ਼ਿੰਦਗੀ ਨੂੰ ਸੁਖਾਲਾ ਬਣਾਉਣ ਲਈ ਤਿਆਰ ਕੀਤੇ ਗਏ ਇਸ ਪਲਾਸਟਿਕ ਨੇ ਸਾਨੂੰ ਕਿੰਨਾ ਕੁ ਸੁਖ ਦਿੱਤਾ ਜਾਂ ਫਿਰ ਕਿੰਨੀਆਂ ਪ੍ਰੇਸ਼ਾਨੀਆਂ ਸਾਡੇ ਗਲ ਪਾਈਆਂ ਹਨ। ਸਿਹਤ ਸੇਵਾਵਾਂ ਨਾਲ ਜੁੜੇ ਮਾਹਿਰਾਂ ਵੱਲੋਂ ਤਾਂ ਬਾਂਝਪਣ ਅਤੇ ਨਾਮਰਦਗੀ ਜਿਹੇ ਭਿਆਨਕ ਰੋਗਾਂ ਲਈ ਵੀ ਮਹੀਨ ਪਲਾਸਟਿਕ ਕਣਾਂ ਨੂੰ ਹੀ ਜ਼ਿੰਮੇਵਾਰ ਦੱਸਿਆ ਗਿਆ ਹੈ। ਮਨੁੱਖ ਤੋਂ ਇਲਾਵਾ ਧਰਤੀ ਦੇ ਦੂਜੇ ਜੀਵ ਵੀ ਇਨ੍ਹਾਂ ਕਣਾਂ ਦੀ ਮਾਰ ਝੱਲਦੇ ਵੇਖੇ ਗਏ ਹਨ। ਅਨੇਕਾਂ ਜਲੀ ਅਤੇ ਥਲੀ ਜੀਵ ਇਨ੍ਹਾਂ ਨੂੰ ਆਪਣਾ ਭੋਜਨ ਸਮਝ ਕੇ ਨਿਗਲ ਜਾਂਦੇ ਹਨ, ਜਿਸ ਨਾਲ ਇਹ ਉਨ੍ਹਾਂ ਦੀ ਮੌਤ ਦਾ ਕਾਰਨ ਬਣ ਜਾਂਦੇ ਹਨ।

ਪਲਾਸਟਿਕ ਪਦਾਰਥਾਂ ਨੂੰ ਬਣਾਉਣ ਲਈ ਸੈਂਕੜੇ ਕਿਸਮ ਦੇ ਰਸਾਇਣਾਂ ਦੀ ਵਰਤੋਂ ਕੀਤੀ ਜਾਂਦੀ ਹੈ। ਅਜਿਹਾ ਕਰਨਾ ਇਨ੍ਹਾਂ ਵਿੱਚ ਲਚਕੀਲਾਪਣ ਅਤੇ ਮਜ਼ਬੂਤੀ ਜਿਹੇ ਗੁਣ ਪੈਦਾ ਕਰਨ ਲਈ ਜ਼ਰੂਰੀ ਹੁੰਦਾ ਹੈ। ਇਹੋ ਰਸਾਇਣ ਹੀ ਪਲਾਸਟਿਕ ਕਣਾਂ ਨੂੰ ਲੰਮੇ ਸਮੇਂ ਤੱਕ ਗੈਰ ਵਿਘਟਣਸ਼ੀਲ ਬਣਾਉਂਦੇ ਹਨ ਅਤੇ ਪਲਾਸਟਿਕ ਵਿੱਚ ਜ਼ਹਿਰੀਲਾਪਣ ਵੀ ਇਹ ਰਸਾਇਣ ਹੀ ਪੈਦਾ ਕਰਦੇ ਹਨ।

ਮਨੁੱਖੀ ਜੀਵਨ ਦਾ ਇੱਕ ਹੋਰ ਅਹਿਮ ਹਿੱਸਾ ਖੇਤੀਬਾੜੀ ਦਾ ਖੇਤਰ ਵੀ ਇਸ ਬਣਾਉਟੀ ਜ਼ਹਿਰ ਤੋਂ ਅਛੂਤਾ ਨਹੀਂ ਬਚਿਆ ਭਾਵ ਜ਼ਰਖ਼ੇਜ਼ ਜ਼ਮੀਨ, ਬੀਜ, ਪਾਣੀ ਅਤੇ ਪੈਦਾ ਹੋਈਆਂ ਫ਼ਸਲਾਂ ਵੀ ਪਲਾਸਟਿਕ ਦੇ ਮਹੀਨ ਕਣਾਂ ਰੂਪੀ ਜ਼ਹਿਰ ਦੇ ਚੱਕਰ ਵਿੱਚ ਫਸ ਚੁੱਕੀਆਂ ਹਨ। ਪਲਾਸਟਿਕ ਦਾ ਇੱਕ ਹੋਰ ਅਤੇ ਅਤਿ ਬਰੀਕ ਰੂਪ ਨੈਨੋਪਲਾਸਟਿਕ ਹੈ। ਨੈਨੋਪਲਾਸਟਿਕ ਕਣਾਂ ਦਾ ਆਕਾਰ ਇੱਕ ਮਿਲੀਮੀਟਰ ਤੋਂ ਵੀ ਛੋਟਾ ਹੁੰਦਾ ਹੈ। ਇਹ ਹਵਾ, ਪਾਣੀ ਅਤੇ ਜ਼ਮੀਨ ਵਿੱਚੋਂ ਹੁੰਦੇ ਹੋਏ ਸਾਡੇ ਸਰੀਰ ਵਿੱਚ ਦਾਖ਼ਲ ਹੋ ਜਾਂਦੇ ਹਨ। ਇਸ ਲਈ ਜੋ ਵੀ ਅਨਾਜ ਅਸੀਂ ਖਾਂਦੇ ਹਾਂ ਉਸ ਵਿੱਚ ਪਲਾਸਟਿਕ ਦੇ ਕਣ ਕਿਸੇ ਨਾ ਕਿਸੇ ਰੂਪ ਵਿੱਚ ਜ਼ਰੂਰ ਸ਼ਾਮਲ ਹੁੰਦੇ ਹਨ।

ਬਚਣ ਦੇ ਢੰਗ: ਹੁਣ ਮੁੱਖ ਮੁੱਦਾ ਇਹ ਹੈ ਕਿ ਅਸੀਂ ਪਲਾਸਟਿਕ ਦੇ ਮਹੀਨ ਕਣਾਂ ਦੇ ਜ਼ਹਿਰ ਤੋਂ ਬਚ ਕਿਵੇਂ ਸਕਦੇ ਹਾਂ? ਪਲਾਸਟਿਕ ਦੇ ਲਿਫ਼ਾਫ਼ਿਆਂ, ਕੋਲਡ ਡ੍ਰਿੰਕਸ ਦੀਆਂ ਬੋਤਲਾਂ, ਡੱਬਾਬੰਦ ਭੋਜਨਾਂ, ਬੋਤਲਬੰਦ ਪਾਣੀ, ਪਲਾਸਟਿਕ ਦੇ ਗਿਲਾਸ, ਕੱਪ, ਮਠਿਆਈਆਂ ਦੇ ਡੱਬੇ, ਪਲਾਸਟਿਕ ਦੀਆਂ ਜੁੱਤੀਆਂ, ਸਕਿਨ ਕਰੀਮਾਂ ਅਤੇ ਲੋਸ਼ਨ, ਪੋਲਿਸਟਰ ਦੇ ਕੱਪੜੇ, ਸਿਗਰਟਾਂ ਅਤੇ ਪਲਾਸਟਿਕ ਦੀਆਂ ਬੋਰੀਆਂ ਤੇ ਬਾਲਟੀਆਂ ਆਦਿ ਦੀ ਤਰਕਸੰਗਤ ਵਰਤੋਂ ਕਰ ਕੇ ਅਸੀਂ ਮਹੀਨ ਕਣਾਂ ਦੇ ਜ਼ਹਿਰ ਤੋਂ ਬਚ ਸਕਦੇ ਹਾਂ। ਘਰਾਂ ਵਿੱਚ ਲੱਗੇ ਪਾਣੀ ਦੇ ਆਰ.ਓ. ਪ੍ਰਣਾਲੀ ਵਿੱਚ ਐਕਟੀਵੇਟਡ ਕਾਰਬਨ ਵਾਲੇ ਫਿਲਟਰਾਂ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ ਕਿਉਂਕਿ ਇਹ ਪਾਣੀ ਵਿਚਲੇ ਕੀਟਨਾਸ਼ਕ ਰਸਾਇਣਾਂ ਨੂੰ ਬਾਹਰ ਕੱਢ ਕੇ ਅਤੇ ਪਾਣੀ ਦੇ ਪੋਸ਼ਕ ਤੱਤਾਂ ਨੂੰ ਬਚਾਅ ਕੇ ਰੱਖਦੇ ਹਨ। ਜੜ੍ਹਾਂ ਵਾਲੀਆਂ ਸਬਜ਼ੀਆਂ ਨੂੰ ਚੰਗੀ ਤਰ੍ਹਾਂ ਛਿੱਲ ਕੇ ਧੋ ਲੈਣਾ ਚਾਹੀਦਾ ਹੈ। ਮਾਈਕ੍ਰੋਵੇਵ ਜਾਂ ਓਵਨ ਵਿੱਚ ਖਾਣ ਵਾਲੀਆਂ ਵਸਤਾਂ ਨੂੰ ਕੱਚ ਜਾਂ ਮਿੱਟੀ ਦੇ ਬਰਤਨਾਂ ਵਿੱਚ ਹੀ ਗਰਮ ਕਰਨਾ ਚਾਹੀਦਾ ਹੈ। ਗਰਮ ਕੀਤੇ ਗਏ ਤਰਲ ਪਦਾਰਥਾਂ ਜਿਵੇਂ ਚਾਹ ਅਤੇ ਦੁੱਧ ਆਦਿ ਨੂੰ ਪਲਾਸਟਿਕ ਦੇ ਭਾਂਡਿਆਂ ਵਿੱਚ ਨਾ ਪਾਇਆ ਜਾਵੇ। ਰਸੋਈ ਵਿੱਚ ਪਲਾਸਟਿਕ ਦੇ ਚੌਪਿੰਗ ਬੋਰਡ (ਸਬਜ਼ੀਆਂ ਕੱਟਣ ਵਾਲਾ ਬੋਰਡ) ਦੀ ਬਜਾਏ ਲੱਕੜ ਦੇ ਬੋਰਡ ਦੀ ਵਰਤੋਂ ਕੀਤੀ ਜਾਵੇ। ਪਲਾਸਟਿਕ ਦੇ ਭਾਂਡਿਆਂ ਦੀ ਥਾਂ ਕੱਚ ਜਾਂ ਸਟੀਲ ਦੇ ਭਾਂਡੇ ਵਰਤੇ ਜਾਣ। ਕੋਸ਼ਿਸ਼ ਕੀਤੀ ਜਾਵੇ ਕਿ ਬਾਜ਼ਾਰੋਂ ਖਰੀਦੀਆਂ ਵਸਤਾਂ ਪਲਾਸਟਿਕ ਦੀ ਬਜਾਏ ਕਾਗਜ਼ ਦੀ ਪੈਕਿੰਗ ਵਿੱਚ ਹੋਣ। ਗਰੀਨ ਟੀ ਖਰੀਦਣੀ ਹੋਵੇ ਤਾਂ ਖੁੱਲ੍ਹੀ ਖਰੀਦੋ ਅਤੇ ਇਸ ਨੂੰ ਸਟੀਲ ਦੇ ਬਰਤਨ ਵਿੱਚ ਉਬਾਲੋ। ਸਨਸਕਰੀਨ ਅਤੇ ਮੌਇਸਚਰਾਈਜ਼ਰ ਖਰੀਦਦੇ ਸਮੇਂ ਧਿਆਨ ਰੱਖੋ ਕਿ ਇਹ ਜ਼ਿੰਕ ਆਕਸਾਈਡ ਅਤੇ ਟਾਈਟੇਨੀਅਮ ਆਕਸਾਈਡ ਆਧਾਰਿਤ ਖਣਿਜਾਂ ਤੋਂ ਹੀ ਬਣੇ ਹੋਣ। ਬਾਜ਼ਾਰ ਤੋਂ ਖਰੀਦਦਾਰੀ ਕਰਦਿਆਂ ਪਲਾਸਟਿਕ ਦੇ ਲਿਫ਼ਾਫ਼ਿਆਂ ਦੀ ਥਾਂ ਕੱਪੜੇ ਦੇ ਥੈਲੇ ਨਾਲ ਲੈ ਕੇ ਜਾਓ।

# ਸਰਵਜੀਤ ਕੌਰ ਮਾਣੂੰਕੇ ਨੇ ਲੜਕੀਆਂ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ 'ਚ ਉੱਤਮਤਾ ਹਾਸਲ ਕਰਨ ਲਈ ਕੀਤਾ ਉਤਸ਼ਾਹਿਤ

**ਜਲੰਧਰ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਦੀ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ ਨੇ ਚੇਅਰਪਰਸਨ ਸਰਵਜੀਤ ਕੌਰ ਮਾਣੂੰਕੇ ਦੀ ਅਗਵਾਈ ਵਿੱਚ ਅੱਜ ਡਾ. ਬੀ.ਆਰ. ਅੰਬੇਡਕਰ ਭਵਨ ਦਾ ਦੌਰਾ ਕੀਤਾ ਅਤੇ ਵੱਖ-ਵੱਖ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰ ਰਹੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ।

ਦੌਰੇ ਦੌਰਾਨ, ਚੇਅਰਪਰਸਨ ਸਰਵਜੀਤ ਕੌਰ ਮਾਣੂੰਕੇ ਨੇ ਵਿਦਿਆਰਥਣਾਂ ਨੂੰ ਸਖ਼ਤ ਮਿਹਨਤ ਕਰਨ ਅਤੇ ਦ੍ਰਿੜਤਾ ਤੇ ਲਗਨ ਨਾਲ ਆਪਣੇ ਟੀਚਿਆਂ ਨੂੰ ਹਾਸਲ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਜਲੰਧਰ ਪ੍ਰਸ਼ਾਸਨ ਵੱਲੋਂ ਕਮਜ਼ੋਰ ਵਰਗ ਦੇ ਵਿਦਿਆਰਥੀਆਂ ਨੂੰ ਮੁਫ਼ਤ ਕੋਚਿੰਗ, ਅਧਿਐਨ ਸਮੱਗਰੀ ਅਤੇ ਕਰੀਅਰ ਕਾਊਂਸਲਿੰਗ ਪ੍ਰਦਾਨ ਕਰਨ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਸਿੱਖਿਆ ਅਤੇ ਸਸ਼ਕਤੀਕਰਨ ਦੀ ਮਹੱਤਤਾ 'ਤੇ ਚਾਨਣਾ ਪਾਉਂਦਿਆਂ ਉਨ੍ਹਾਂ ਕਿਹਾ ਕਿ ਇਹ ਉਪਰਾਲੇ ਨਾ ਸਿਰਫ਼ ਸਰਕਾਰੀ ਨੌਕਰੀਆਂ ਦੇ ਦਰਵਾਜ਼ੇ ਖੋਲ੍ਹਣਗੇ ਬਲਕਿ ਲੜਕੀਆਂ ਵਿੱਚ ਆਤਮਵਿਸ਼ਵਾਸ ਵੀ ਪੈਦਾ ਕਰਨਗੇ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਮਾਣ ਮਹਿਸੂਸ ਕਰਵਾਉਣਗੇ।

ਮੌਜੂਦਾ ਸਮੇਂ ਇਸ ਪ੍ਰੋਗਰਾਮ ਤਹਿਤ 25 ਵਿਦਿਆਰਥਣਾਂ ਸਿਖ਼ਲਾਈ ਪ੍ਰਾਪਤ ਕਰ ਰਹੀਆਂ ਹਨ, ਜਿਸਦਾ ਉਦੇਸ਼ ਵੱਖ-ਵੱਖ ਸਰਕਾਰੀ ਵਿਭਾਗਾਂ ਲਈ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਹਾਸ਼ੀਏ 'ਤੇ ਪਏ ਵਰਗਾਂ ਦੀ ਪ੍ਰਤੀਨਿਧਤਾ ਨੂੰ ਵਧਾਉਣਾ ਹੈ।

ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਜਸਬੀਰ ਸਿੰਘ ਨੇ ਕਮੇਟੀ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਉੱਚਾ ਚੁੱਕਣ ਲਈ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਜਾਣਕਾਰੀ ਦਿੱਤੀ ਅਤੇ ਵਿੱਦਿਅਕ ਅਤੇ ਹੁਨਰ ਵਿਕਾਸ ਪਹਿਲਕਦਮੀਆਂ ਲਈ ਨਿਰੰਤਰ ਸਹਾਇਤਾ ਦਾ ਭਰੋਸਾ ਦਿੱਤਾ।

# ਪੰਜਾਬ ਸਰਕਾਰ ਜੰਗੀ ਯਾਦਗਾਰਾਂ ਦੀ ਸਾਂਭ-ਸੰਭਾਲ ਲਈ ਵਚਨਬੱਧ

**ਚੰਡੀਗੜ੍ਹ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਰੱਖਿਆ ਸੇਵਾਵਾਂ ਭਲਾਈ ਮੰਤਰੀ ਸ੍ਰੀ ਮੋਹਿੰਦਰ ਭਗਤ ਨੇ ਪੰਜਾਬ ਸਿਵਿਲ ਸਕੱਤਰੇਤ ਵਿਖੇ ਅਧਿਕਾਰੀਆਂ ਨਾਲ ਵਿਭਾਗੀ ਕੰਮਾਂ ਦੀ ਸਮੀਖਿਆ ਮੀਟਿੰਗ ਦੌਰਾਨ ਲੁਧਿਆਣਾ ਵਿਖੇ ਸਥਿੱਤ ਮਹਾਰਾਜਾ ਰਣਜੀਤ ਸਿੰਘ ਵਾਰ ਮਿਊਜ਼ੀਅਮ ਦੇ ਵਿਕਾਸ ਕਾਰਜਾਂ ਵਿੱਚ ਹੋਰ ਤੇਜ਼ੀ ਲਿਆਉਣ ਦੇ ਹੁਕਮ ਦਿੱਤੇ ਹਨ।

ਮੰਤਰੀ ਨੇ ਸੰਬੰਧਤ ਅਧਿਕਾਰੀਆਂ ਨੂੰ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਵਾਰ ਮਿਊਜ਼ੀਅਮ ਦੇ ਵਿਕਾਸ ਕਾਰਜਾਂ ਨੂੰ ਜਲਦ ਤੋਂ ਜਲਦ ਪੂਰਾ ਕੀਤਾ ਜਾਵੇ ਤਾਂ ਜੋ ਇਸ ਇਤਿਹਾਸਕ ਥਾਂ ਨੂੰ ਮਹਾਨ ਯੋਧਾ ਮਹਾਰਾਜਾ ਰਣਜੀਤ ਸਿੰਘ ਦੀ ਸ਼ੌਰਤਮਈ ਵਿਰਾਸਤ ਨੂੰ ਹੋਰ ਰੂਪ ਪ੍ਰੇਰਕ ਬਣਾਇਆ ਜਾ ਸਕੇ।

ਮੰਤਰੀ ਨੇ ਅਧਿਕਾਰੀਆਂ ਨੂੰ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਵਾਰ ਮਿਊਜ਼ੀਅਮ ਨੂੰ ਬਾਰੀਕੀ ਨਾਲ ਸੁਸ਼ੋਭਿਤ ਕੀਤਾ ਜਾਵੇ ਤਾਂ ਜੋ ਆਉਣ ਵਾਲੀ ਪੀੜ੍ਹੀਆਂ ਨੂੰ ਰਾਜ ਦੇ ਸੈਨਿਕ ਇਤਿਹਾਸ ਬਾਰੇ ਜਾਣੂ ਕਰਵਾਇਆ ਜਾ ਸਕੇ।

ਉਨ੍ਹਾਂ ਨੇ ਕਿਹਾ ਕਿ ਰਾਜ ਸਰਕਾਰ ਸੂਬੇ ਵਿੱਚ ਰੱਖਿਆ ਸੇਵਾਵਾਂ ਨਾਲ ਜੁੜੀਆਂ ਵਿਰਾਸਤੀ ਥਾਵਾਂ ਦੀ ਸੰਭਾਲ ਅਤੇ ਨਵੀਨੀਕਰਣ ਲਈ ਵਿਸ਼ੇਸ਼ ਯੋਜਨਾਵਾਂ ਤਿਆਰ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਸ ਕੰਮ ਲਈ ਬਜਟ ਦੀ ਘਾਟ ਨਹੀਂ ਆਉਣ ਦਿੱਤੀ ਜਾਵੇਗੀ।

# ਮੁੱਖ ਮੰਤਰੀ ਫਲਾਇੰਗ ਸਕੁਐਡ ਦੀ ਲਿੰਕ ਸੜਕਾਂ ਦੇ ਨਵੀਨੀਕਰਨ ਉੱਤੇ ਤਿੱਖੀ ਨਜ਼ਰ: ਗੁਰਮੀਤ ਸਿੰਘ ਖੁੱਡੀਆਂ

**ਚੰਡੀਗੜ੍ਹ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਅੱਜ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਗਠਿਤ ਕੀਤੀ ਸੀ.ਐਮ. ਫਲਾਇੰਗ ਸਕੁਐਡ ਵੱਲੋਂ ਸੂਬੇ ਭਰ ਵਿੱਚ ਪੰਜਾਬ ਮੰਡੀ ਬੋਰਡ ਅਤੇ ਪੀ.ਡਬਲਿਊ.ਡੀ. ਵੱਲੋਂ ਦਿਹਾਤੀ ਲਿੰਕ ਸੜਕਾਂ ਦੇ ਕਰਵਾਏ ਜਾ ਰਹੇ ਨਵੀਨੀਕਰਨ ਕਾਰਜਾਂ ਦੀ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ।

ਇਹ ਨਿਗਰਾਨੀ ਸੂਬਾ ਸਰਕਾਰ ਵੱਲੋਂ 4150 ਕਰੋੜ ਰੁਪਏ ਦੀ ਲਾਗਤ ਨਾਲ 19,491 ਕਿਲੋਮੀਟਰ ਲਿੰਕ ਸੜਕਾਂ ਦੇ ਨਿਰਮਾਣ ਅਤੇ ਮੁਰੰਮਤ ਸਬੰਧੀ ਸ਼ੁਰੂ ਕੀਤੇ ਵਿਆਪਕ ਪ੍ਰੋਜੈਕਟ ਦਾ ਹਿੱਸਾ ਹੈ।

ਖੇਤੀਬਾੜੀ ਮੰਤਰੀ ਨੇ ਕਿਹਾ ਕਿ ਸੜਕਾਂ ਦੇ ਨਵੀਨੀਕਰਨ ਲਈ ਬਿਹਤਰੀਨ ਗੁਣਵੱਤਾ ਵਾਲੀ ਸਮੱਗਰੀ ਵਰਤੀ ਜਾ ਰਹੀ ਹੈ, ਪਰ ਉਨ੍ਹਾਂ ਨੇ ਨਾਲ ਹੀ ਸਖ਼ਤ ਚਿਤਾਵਨੀ ਦਿੱਤੀ ਕਿ ਜੇਕਰ ਕੋਈ ਠੇਕੇਦਾਰ ਸਮੱਗਰੀ ਦੀ ਗੁਣਵੱਤਾ ਨਾਲ ਸਮਝੌਤਾ ਕਰਦਾ ਪਾਇਆ ਗਿਆ ਤਾਂ ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਉਨ੍ਹਾਂ ਦੱਸਿਆ ਕਿ ਸੀ.ਐਮ. ਫਲਾਇੰਗ ਸਕੁਐਡ ਟੀਮਾਂ ਫ਼ੀਲਡ ਵਿੱਚ ਪੂਰੀ ਤਰ੍ਹਾਂ ਸਰਗਰਮ ਹਨ ਅਤੇ ਹੁਣ ਤੱਕ ਸੱਤ ਜ਼ਿਲ੍ਹਿਆਂ ਵਿੱਚ ਕਾਰਜਾਂ ਦਾ ਨਿਰੀਖਣ ਕਰ ਚੁੱਕੀਆਂ ਹਨ। ਉਨ੍ਹਾਂ ਦੱਸਿਆ ਕਿ ਇਹਨਾਂ ਜ਼ਿਲ੍ਹਿਆਂ ਵਿੱਚ ਫਰੀਦਕੋਟ, ਐਸ.ਬੀ.ਐਸ. ਨਗਰ, ਤਰਨ ਤਾਰਨ, ਸ੍ਰੀ ਮੁਕਤਸਰ ਸਾਹਿਬ, ਜਲੰਧਰ, ਪਟਿਆਲਾ ਅਤੇ ਗੁਰਦਾਸਪੁਰ ਸ਼ਾਮਲ ਹਨ।

ਸ. ਖੁੱਡੀਆਂ ਨੇ ਦੱਸਿਆ ਕਿ ਪੰਜਾਬ ਵਿੱਚ ਕੁੱਲ 30,237 ਲਿੰਕ ਸੜਕਾਂ ਹਨ ਜਿਨ੍ਹਾਂ ਦੀ ਕੁੱਲ ਲੰਬਾਈ 64,878 ਕਿਲੋਮੀਟਰ ਹੈ। ਉਨ੍ਹਾਂ ਦੱਸਿਆ ਕਿ ਇਹਨਾਂ ਵਿੱਚੋਂ 33492 ਕਿਲੋਮੀਟਰ ਸੜਕਾਂ ਪੰਜਾਬ ਮੰਡੀ ਬੋਰਡ ਅਧੀਨ ਹਨ ਅਤੇ 31,386 ਕਿਲੋਮੀਟਰ ਸੜਕਾਂ ਲੋਕ ਨਿਰਮਾਣ ਵਿਭਾਗ (ਪੀ.ਡਬਲਯੂ.ਡੀ.) ਅਧੀਨ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹੁਣ 19,491.56 ਕਿਲੋਮੀਟਰ ਦੀ ਕੁੱਲ ਲੰਬਾਈ ਵਾਲੀਆਂ 7,373 ਲਿੰਕ ਸੜਕਾਂ ਦੀ ਮੁਰੰਮਤ ਅਤੇ ਅਪਗ੍ਰੇਡੇਸ਼ਨ ਸਬੰਧੀ ਪ੍ਰੋਜੈਕਟ ਸ਼ੁਰੂ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ @ਤੇ 4,150.42 ਕਰੋੜ ਰੁਪਏ ਦੀ ਲਾਗਤ ਆਵੇਗੀ, ਜਿਸ ਵਿੱਚ ਪੰਜ ਸਾਲਾਂ ਦੇ ਰੱਖ-ਰਖਾਅ ਦਾ ਖਰਚਾ ਵੀ ਸ਼ਾਮਲ ਹੈ। ਉਨ੍ਹਾਂ ਕਿਹਾ ਕਿ 3,424.67 ਕਰੋੜ ਰੁਪਏ ਮੁਰੰਮਤ ਅਤੇ ਅਪਗ੍ਰੇਡੇਸ਼ਨ ਲਈ ਖਰਚ ਕੀਤੇ ਜਾਣਗੇ ਜਦੋਂ ਕਿ 725.75 ਕਰੋੜ ਰੁਪਏ ਪੰਜ ਸਾਲਾਂ ਦੇ ਰੱਖ-ਰਖਾਅ ਲਈ ਖਰਚ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਨ੍ਹਾਂ ਸੜਕਾਂ ਲਈ ਕੀਤੇ ਗਏ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਸਰਵੇਖਣ ਦੇ ਨਤੀਜੇ ਵਜੋਂ 383.53 ਕਰੋੜ ਰੁਪਏ ਦੀ ਬੱਚਤ ਹੋਈ ਹੈ।

ਖੇਤੀਬਾੜੀ ਮੰਤਰੀ ਨੇ ਦੱਸਿਆ ਕਿ ਧੁੰਦ ਜਾਂ ਹਨੇਰੇ ਦੌਰਾਨ ਜਨਤਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ, ਮੁਰੰਮਤ ਅਤੇ ਅੱਪਗ੍ਰੇਡ ਕੀਤੀਆਂ ਲਿੰਕ ਸੜਕਾਂ @ਤੇ 91.83 ਕਰੋੜ ਰੁਪਏ ਦੀ ਲਾਗਤ ਨਾਲ ਇੱਕ ਵਿਸ਼ੇਸ਼ ਸੜਕ ਸੁਰੱਖਿਆ ਪ੍ਰੋਜੈਕਟ ਲਾਗੂ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਧੁੰਦ ਜਾਂ ਹਨੇਰੇ ਦੌਰਾਨ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਲਿੰਕ ਸੜਕਾਂ ਦੇ ਦੋਵੇਂ ਪਾਸੇ ਤਿੰਨ ਇੰਚ ਚੌੜੀ ਚਿੱਟੀ ਪੱਟੀ ਪੇਂਟ ਕੀਤੀ ਜਾਵੇਗੀ।

# ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ 15 ਮੁਲਾਜ਼ਮ ਜਥੇਬੰਦੀਆਂ ਨਾਲ ਮੁਲਾਕਾਤ



**ਚੰਡੀਗੜ੍ਹ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ, ਜੋ ਮੁਲਾਜ਼ਮਾਂ ਦੇ ਮਸਲੇ ਹੱਲ ਕਰਨ ਲਈ ਗਠਿਤ ਕੈਬਨਿਟ ਸਬ-ਕਮੇਟੀ ਦੇ ਚੇਅਰਮੈਨ ਵੀ ਹਨ, ਨੇ ਅੱਜ 15 ਵੱਖ-ਵੱਖ ਮੁਲਾਜ਼ਮ ਜਥੇਬੰਦੀਆਂ ਨਾਲ ਮੀਟਿੰਗਾਂ ਕੀਤੀਆਂ। ਇਨ੍ਹਾਂ ਵਿੱਚ ਸਿੱਖਿਆ ਵਿਭਾਗ ਦੀਆਂ 7 ਜਥੇਬੰਦੀਆਂ ਦੇ ਨਾਲ-ਨਾਲ ਜਲ ਸਪਲਾਈ ਅਤੇ ਸਿਹਤ ਵਿਭਾਗ ਦੀਆਂ ਯੂਨੀਅਨਾਂ ਅਤੇ ਕਰਮਚਾਰੀਆਂ ਦੇ ਸਾਂਝੇ ਹਿੱਤਾਂ ਦੀ ਨੁਮਾਇੰਦਗੀ ਕਰਨ ਵਾਲੀਆਂ ਜਥੇਬੰਦੀਆਂ, ਜਿਨ੍ਹਾਂ ਵਿੱਚ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਅਤੇ ਪੁਰਾਣੀ ਪੈਨਸ਼ਨ ਬਹਾਲ ਸੰਘਰਸ਼ ਕਮੇਟੀ ਸ਼ਾਮਲ ਹਨ, ਨੇ ਹਿੱਸਾ ਲਿਆ।

ਲਗਭਗ ਪੰਜ ਘੰਟੇ ਚੱਲੀਆਂ ਇਨ੍ਹਾਂ ਮੀਟਿੰਗਾਂ ਦੌਰਾਨ ਯੂਨੀਅਨ ਆਗੂਆਂ ਨਾਲ ਉਨ੍ਹਾਂ ਦੀਆਂ ਮੰਗਾਂ ਅਤੇ ਮੁੱਦਿਆਂ @ਤੇ ਡੂੰਘਾਈ ਨਾਲ ਚਰਚਾ ਕਰਨ ਅਤੇ ਢੁਕਵੇਂ ਹੱਲ ਲੱਭਣ ਲਈ ਉਪਰਾਲੇ ਕੀਤੇ ਗਏ। ਸਿੱਖਿਆ ਵਿਭਾਗ ਨਾਲ ਸਬੰਧਤ ਯੂਨੀਅਨਾਂ ਦੇ ਮੁੱਖ ਮੁੱਦੇ ਤਨਖਾਹ ਅਤੇ ਸੀਨੀਆਰਤਾ ਵਿੱਚ ਬੇਨਿਯਮੀਆਂ, ਸੇਵਾਵਾਂ ਨੂੰ ਰੈਗੂਲਰ ਕਰਨ ਅਤੇ ਪੰਜਾਬ ਸਟੇਟ ਟੀਚਰਜ਼ ਐਲੀਜੀਬਿਲਟੀ ਟੈਸਟ (ਪੀ.ਐਸ.ਟੀ.ਈ.ਟੀ) ਨੂੰ ਸਮੇਂ ਸਿਰ ਕਰਵਾਉਣ ਨਾਲ ਸਬੰਧਤ ਸਨ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸਿੱਖਿਆ ਵਿਭਾਗ ਨੂੰ ਤਨਖਾਹ ਅਤੇ ਸੀਨੀਆਰਤਾ ਵਿੱਚ ਬੇਨਿਯਮੀਆਂ ਨਾਲ ਸਬੰਧਤ ਮੁੱਦੇ ਸਮਰਪਿਤ ਅਨੋਮਲੀ ਕਮੇਟੀ ਕੋਲ ਭੇਜਣ ਦੇ ਨਿਰਦੇਸ਼ ਦਿੱਤੇ। ਇਸ ਤੋਂ ਇਲਾਵਾ, ਉਨ੍ਹਾਂ ਸੇਵਾਵਾਂ ਨੂੰ ਰੈਗੂਲਰ ਕਰਨ ਅਤੇ ਹੋਰ ਸੇਵਾ-ਸਬੰਧਤ ਮਾਮਲਿਆਂ ਨੂੰ ਜਲਦੀ ਤੋਂ ਜਲਦੀ ਹੱਲ ਕਰਨ ਲਈ ਐਡਵੋਕੇਟ ਜਨਰਲ ਦੇ ਦਫ਼ਤਰ, ਪ੍ਰਸੋਨਲ ਵਿਭਾਗ ਅਤੇ ਵਿੱਤ ਵਿਭਾਗ ਨਾਲ ਤਾਲਮੇਲ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਪੀ.ਐਸ.ਟੀ.ਈ.ਟੀ ਨੂੰ ਵੀ ਜਲਦੀ ਤੋਂ ਜਲਦੀ ਕਰਵਾਉਣ ਲਈ ਸਪੱਸ਼ਟ ਹਦਾਇਤਾਂ ਜਾਰੀ ਕੀਤੀਆਂ।

ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ, ਗ੍ਰਾਮ ਪੰਚਾਇਤ ਜਲ ਸਪਲਾਈ ਪੰਪ ਆਪਰੇਟਰ ਐਸੋਸੀਏਸ਼ਨ, ਕੰਟਰੈਕਟ ਮਲਟੀਪਰਪਜ਼ ਹੈਲਥ ਵਰਕਰ ਫੀਮੇਲ ਯੂਨੀਅਨ, ਯੂਨਾਈਟਿਡ ਨਰਸਿਜ਼ ਐਸੋਸੀਏਸ਼ਨ ਆਫ਼ ਪੰਜਾਬ, ਅਤੇ ਪੁਰਾਣੀ ਪੈਨਸ਼ਨ ਬਹਾਲ ਸੰਘਰਸ਼ ਕਮੇਟੀ ਵਰਗੀਆਂ ਜਥੇਬੰਦੀਆਂ ਨਾਲ ਮੀਟਿੰਗਾਂ ਦੌਰਾਨ, ਵਿੱਤ ਮੰਤਰੀ ਨੇ ਉਠਾਏ ਗਏ ਮੁੱਦਿਆਂ ਨੂੰ ਵਿਸਥਾਰ ਨਾਲ ਸੁਣਿਆ। ਉਨ੍ਹਾਂ ਤੁਰੰਤ ਸਬੰਧਤ ਵਿਭਾਗਾਂ ਦੇ ਸੀਨੀਅਰ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਜਿਹੜੇ ਮੁੱਦੇ ਵਿਭਾਗੀ ਪੱਧਰ @ਤੇ ਹੱਲ ਕੀਤੇ ਜਾ ਸਕਦੇ ਹਨ, ਉਨ੍ਹਾਂ ਨੂੰ ਤੁਰੰਤ ਹੱਲ ਕੀਤਾ ਜਾਵੇ। ਵਿੱਤੀ ਪ੍ਰਭਾਵ ਵਾਲੇ ਮਾਮਲਿਆਂ ਬਾਰੇ, ਵਿੱਤ ਮੰਤਰੀ ਨੇ ਯੂਨੀਅਨ ਆਗੂਆਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਬਹੁਤ ਸਾਰੀਆਂ ਮੰਗਾਂ @ਤੇ ਸਰਕਾਰ ਵੱਲੋਂ ਪਹਿਲਾਂ ਹੀ ਹਮਦਰਦੀ ਨਾਲ ਵਿਚਾਰ ਕੀਤਾ ਜਾ ਰਿਹਾ ਹੈ।

ਇੰਨ੍ਹਾਂ ਮੀਟਿੰਗਾਂ ਦੌਰਾਨ ਯੂਨੀਅਨ ਦੇ ਨੁਮਾਇੰਦਿਆਂ, ਜਿਨ੍ਹਾਂ ਵਿੱਚ ਬਲਿਹਾਰ ਸਿੰਘ, ਹਾਕਮ ਸਿੰਘ, ਜਸਪ੍ਰੀਤ ਸਿੰਘ (ਠੇਕਾ ਮੁਲਾਜ਼ਮ ਯੂਨੀਅਨ); ਜਸਵੀਰ ਸਿੰਘ, ਸੁਖਜੀਤ ਸਿੰਘ, ਵਿਕਰਮਜੀਤ ਸਿੰਘ (ਪੁਰਾਣੀ ਪੈਨਸ਼ਨ ਬਹਾਲ ਸੰਘਰਸ਼ ਕਮੇਟੀ); ਕੁਲਦੀਪ ਸਿੰਘ, ਪ੍ਰਵੀਨ ਕੁਮਾਰ, ਜਗਮੋਹਨ ਸਿੰਘ (ਸਰਵ ਸਮਗ੍ਰ ਸਿੱਖਿਆ ਅਭਿਆਨ (ਮਿਡ ਡੇ ਮੀਲ) ਦਫ਼ਤਰੀ ਕਰਮਚਾਰੀ ਯੂਨੀਅਨ); ਰਾਹੁਲ ਕੰਬੋਜ, ਜਸਵਿੰਦਰ ਸਿੰਘ, ਹਰਜੀਤ ਕੌਰ (ਪੀ.ਐਸ.ਟੀ.ਈ.ਟੀ ਯੂਨੀਅਨ); ਜਸਪਾਲ ਸਿੰਘ (10 ਸਾਲ ਸਰਵਿਸ ਪੂਰੀ ਕਰ ਚੁੱਕੇ ਕੱਚੇ ਅਧਿਆਪਕ ਯੂਨੀਅਨ); ਰਣਜੀਤ ਸਿੰਘ, ਰਾਜੇਸ਼ ਕੁਮਾਰ, ਓਂਕਾਰ ਸਿੰਘ (ਈ.ਟੀ.ਟੀ. ਅਧਿਆਪਕ ਯੂਨੀਅਨ); ਗੁਰਪ੍ਰੀਤ ਸਿੰਘ, ਸੁਰਿੰਦਰ ਪਾਲ ਸਿੰਘ, ਪਰਮਪਾਲ ਸਿੰਘ (ਪੰਜਾਬ ਸਿੱਖਿਆ ਵਿਭਾਗ ਮਨਿਸਟੀਰੀਅਲ ਸਟਾਫ਼ ਐਸੋਸੀਏਸ਼ਨ); ਸਮਰਜੀਤ ਸਿੰਘ, ਸੁਖਦੀਪ ਸਿੰਘ, ਹਰਮਲ ਸਿੰਘ (ਟੈਟ ਪਾਸ ਕੱਚੇ ਅਧਿਆਪਕ ਯੂਨੀਅਨ); ਤਜਿੰਦਰ ਕੌਰ, ਰਾਜਵਿੰਦਰ ਕੌਰ, ਕਿਰਨਦੀਪ ਕੌਰ (ਏ.ਆਈ.ਈ. ਕੱਚੇ ਅਧਿਆਪਕ ਯੂਨੀਅਨ); ਬੇਅੰਤ ਸਿੰਘ, ਬੋਹਰ ਸਿੰਘ, ਮੇਹਰ ਸਿੰਘ (ਗ੍ਰਾਮ ਪੰਚਾਇਤ ਜਲ ਸਪਲਾਈ ਪੰਪ ਆਪਰੇਟਰ ਐਸੋਸੀਏਸ਼ਨ); ਸਰਬਜੀਤ ਕੌਰ, ਅਮਰੀਕ ਸਿੰਘ (ਕੰਟਰੈਕਟ ਮਲਟੀਪਰਪਜ਼ ਹੈਲਥ ਵਰਕਰ ਫੀਮੇਲ ਯੂਨੀਅਨ); ਆਰਤੀ ਬਾਲੀ, ਹਰਵਿੰਦਰ ਸਿੰਘ, ਬਲਜੀਤ ਸਿੰਘ (ਯੂਨਾਈਟਿਡ ਨਰਸਿਜ਼ ਐਸੋਸੀਏਸ਼ਨ ਆਫ਼ ਪੰਜਾਬ) ਅਤੇ ਉਨ੍ਹਾਂ ਦੇ ਸਾਥੀਆਂ ਨੇ ਆਪਣੀਆਂ ਮੰਗਾਂ ਅਤੇ ਮੁੱਦੇ ਪੇਸ਼ ਕੀਤੇ।

# ਬਠਿੰਡਾ ਦੇ ਸਕੂਲ ਦੀਆਂ ਕੰਧਾਂ 'ਤੇ ਖਾਲਿਸਤਾਨ ਪੱਖੀ ਨਾਅਰੇ ਲਿਖਣ ਵਾਲੇ ਐਸਐਫਜੇ ਦੇ ਤਿੰਨ ਕਾਰਕੁਨ ਕਾਬੂ

**ਬਠਿੰਡਾ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਦੌਰਾਨ ਵੱਡੀ ਸਫਲਤਾ ਹਾਸਲ ਕਰਦਿਆਂ, ਕਾਊਂਟਰ ਇੰਟੈਲੀਜੈਂਸ ਬਠਿੰਡਾ ਨੇ ਬਠਿੰਡਾ ਪੁਲਿਸ ਨਾਲ ਸਾਂਝੇ ਆਪ੍ਰੇਸ਼ਨ ਦੌਰਾਨ ਪਿੰਡ ਭਿਸਿਆਣਾ ਅਤੇ ਮਾਨਾਂਵਾਲਾ ਦੇ ਸਕੂਲਾਂ ਦੀਆਂ ਕੰਧਾਂ @ਤੇ ਖਾਲਿਸਤਾਨ ਪੱਖੀ ਨਾਅਰੇ ਲਿਖਣ ਲਈ ਪਾਬੰਦੀਸ਼ੁਦਾ ਸੰਗਠਨ ਸਿੱਖਸ ਫਾਰ ਜਸਟਿਸ (ਐਸਐਫਜੇ) ਦੇ ਤਿੰਨ ਕਾਰਕੁਨਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਨਿਊਯਾਰਕ ਅਧਾਰਿਤ ਐਸਐਫਜੇ — ਜਿਸਨੂੰ ਮਾਸਟਰਮਾਈਂਡ ਗੁਰਪਤਵੰਤ ਸਿੰਘ ਪੰਨੂ ਦਾ ਸਮਰਥਨ ਪ੍ਰਾਪਤ ਹੈ — ਨੂੰ ਭਾਰਤ ਸਰਕਾਰ ਨੇ ਇੱਕ ਗੈਰ-ਕਾਨੂੰਨੀ ਸੰਗਠਨ ਵਜੋਂ ਨਾਮਜ਼ਦ ਕੀਤਾ ਹੈ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਨਵਜੋਤ ਸਿੰਘ ਉਰਫ਼ ਜੋਤਾ (24) ਤੇ ਗੁਰਪ੍ਰੀਤ ਸਿੰਘ (26) ਦੋਵੇਂ ਵਾਸੀ ਕਾਲੀਆਵਾਲਾ, ਫਿਰੋਜ਼ਪੁਰ; ਅਤੇ ਹਰਜਿੰਦਰ ਸਿੰਘ ਵਾਸੀ ਮਾਨਾਂਵਾਲਾ, ਬਠਿੰਡਾ ਵਜੋਂ ਹੋਈ ਹੈ। ਪੁਲਿਸ ਟੀਮਾਂ ਨੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਚਾਰ ਮੋਬਾਈਲ ਫ਼ੋਨ ਅਤੇ ਡੌਂਗਲ ਡਿਵਾਈਸ ਵੀ ਬਰਾਮਦ ਕੀਤੀ ਹੈ।

ਜਾਣਕਾਰੀ ਮੁਤਾਬਕ, 19 ਅਤੇ 20 ਅਕਤੂਬਰ, 2025 ਦੀ ਦਰਮਿਆਨੀ ਰਾਤ ਨੂੰ ਪਿੰਡ ਮਾਨਾਂਵਾਲਾ ਦੇ ਇੱਕ ਸਕੂਲ ਅਤੇ 26 ਤੇ 27 ਅਕਤੂਬਰ, 2025 ਦੀ ਦਰਮਿਆਨੀ ਰਾਤ ਨੂੰ ਪਿੰਡ ਭਿਸਿਆਣਾ ਦੇ ਪੀਐਮ ਕੇਂਦਰੀ ਵਿਦਿਆਲਿਆ ਦੀਆਂ ਕੰਧਾਂ @ਤੇ ਖਾਲਿਸਤਾਨੀ ਪੱਖੀ ਨਾਅਰੇ ਲਿਖੇ ਪਾਏ ਗਏ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਵੱਲੋਂ ਸਮਾਜ ਵਿੱਚ ਅਸ਼ਾਂਤੀ ਫੈਲਾਉਣ ਅਤੇ ਦੇਸ਼ ਵਿਰੋਧੀ ਭਾਵਨਾਵਾਂ ਨੂੰ ਹਵਾ ਦੇਣ ਦੇ ਉਦੇਸ਼ ਨਾਲ ਭੜਕਾਊ ਨਾਅਰੇ ਲਿਖੇ ਗਏ। ਉਨ੍ਹਾਂ ਕਿਹਾ ਕਿ ਸਬੂਤਾਂ ਮੁਤਾਬਕ ਇਨ੍ਹਾਂ ਗੈਰ-ਕਾਨੂੰਨੀ ਗਤੀਵਿਧੀਆਂ ਲਈ ਉਨ੍ਹਾਂ ਨੂੰ ਵਿਦੇਸ਼ਾਂ ਤੋਂ ਫੰਡਿੰਗ ਪ੍ਰਾਪਤ ਹੋ ਰਹੀ ਸੀ।

ਡੀਜੀਪੀ ਨੇ ਕਿਹਾ ਕਿ ਪੁਲਿਸ ਟੀਮਾਂ ਨੇ ਤੁਰੰਤ ਕਾਰਵਾਈ ਕਰਦਿਆਂ ਇਹ ਯਕੀਨੀ ਬਣਾਇਆ ਕਿ ਕਿਸੇ ਵੀ ਦੇਸ਼ ਵਿਰੋਧੀ ਗਤੀਵਿਧੀ ਨੂੰ ਅੰਜ਼ਾਮ ਨਾ ਦਿੱਤਾ ਜਾ ਸਕੇ। ਉਨ੍ਹਾਂ ਕਿਹਾ ਕਿ ਕਾਊਂਟਰ ਇੰਟੈਲੀਜੈਂਸ ਬਠਿੰਡਾ ਅਤੇ ਬਠਿੰਡਾ ਪੁਲਿਸ ਨੇ ਸਾਂਝੇ ਤੌਰ @ਤੇ ਦੋਸ਼ੀਆਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਉਣ ਲਈ ਪੇਸ਼ੇਵਰ ਅਤੇ ਵਿਗਿਆਨਕ ਢੰਗ ਨਾਲ ਜਾਂਚ ਕੀਤੀ।

ਇਸ ਆਪਰੇਸ਼ਨ ਬਾਰੇ ਜਾਣਕਾਰੀ ਦਿੰਦਿਆਂ ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸਐਸਪੀ) ਬਠਿੰਡਾ ਅਮਨੀਤ ਕੌਂਡਲ ਨੇ ਦੱਸਿਆ ਕਿ ਤਕਨੀਕੀ ਜਾਣਕਾਰੀ 'ਤੇ ਕਾਰਵਾਈ ਕਰਦਿਆਂ ਪੁਲਿਸ ਟੀਮਾਂ ਨੇ ਪਿੰਡ ਭਿਸਿਆਣਾ ਵਿਖੇ ਪੀਐਮ ਕੇਂਦਰੀ ਵਿਦਿਆਲਿਆ ਦੀਆਂ ਕੰਧਾਂ 'ਤੇ ਖਾਲਿਸਤਾਨੀ ਪੱਖੀ ਨਾਅਰੇ ਲਿਖਣ ਵਾਲੇ ਦੋਵੇਂ ਮੁੱਖ ਦੋਸ਼ੀਆਂ ਨਵਜੋਤ ਉਰਫ਼ ਜੋਤਾ ਅਤੇ ਗੁਰਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।

ਉਨ੍ਹਾਂ ਕਿਹਾ ਕਿ ਅਗਲੇਰੀ ਜਾਂਚ ਤੋਂ ਬਾਅਦ, ਕਾਊਂਟਰ ਇੰਟੈਲੀਜੈਂਸ ਬਠਿੰਡਾ ਦੀਆਂ ਪੁਲਿਸ ਟੀਮਾਂ ਨੇ ਦੋਸ਼ੀ ਹਰਜਿੰਦਰ ਸਿੰਘ, ਜਿਸਨੇ ਪਿੰਡ ਮਾਨਾਂਵਾਲਾ ਦੇ ਸਕੂਲ ਦੀ ਕੰਧ @ਤੇ ਨਾਅਰੇ ਲਿਖੇ ਸਨ, ਨੂੰ ਵੀ ਗ੍ਰਿਫ਼ਤਾਰ ਕਰ ਲਿਆ।

ਐਸਐਸਪੀ ਨੇ ਦੱਸਿਆ ਕਿ ਪੁੱਛਗਿੱਛ ਦੌਰਾਨ, ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਨੇ ਖੁਲਾਸਾ ਕੀਤਾ ਹੈ ਕਿ ਉਨ੍ਹਾਂ ਨੇ ਪੈਸੇ ਦੇ ਬਦਲੇ ਵਿਦੇਸ਼ ਅਧਾਰਤ ਵਿਅਕਤੀ ਪਵਨਪ੍ਰੀਤ ਸਿੰਘ ਉਰਫ਼ ਦੀਪ ਚਾਹਲ, ਜੋ ਕਿ ਗੁਰਪਤਵੰਤ ਸਿੰਘ ਪੰਨੂ ਦਾ ਕਰੀਬੀ ਸਾਥੀ ਹੈ, ਦੇ ਨਿਰਦੇਸ਼ਾਂ @ਤੇ ਕੰਧਾਂ @ਤੇ ਨਾਅਰੇ ਲਿਖੇ ਸਨ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਏਆਈਜੀ ਸੀਆਈ ਬਠਿੰਡਾ ਅਵਨੀਤ ਕੌਰ ਸਿੱਧੂ ਨੇ ਦੱਸਿਆ ਕਿ ਗ੍ਰਿਫ਼ਤਾਰ ਮੁਲਜ਼ਮ ਹਰਜਿੰਦਰ ਨੇ ਖੁਲਾਸਾ ਕੀਤਾ ਹੈ ਕਿ ਮੁਲਜ਼ਮ ਨਵਜੋਤ ਨੇ ਉਸਨੂੰ ਪਵਨਪ੍ਰੀਤ ਸਿੰਘ ਉਰਫ਼ ਦੀਪ ਚਾਹਲ, ਜਿਸਨੇ ਉਸਨੂੰ ਸਲੋਗਨ ਲਿਖਣ ਲਈ ਕਿਹਾ ਸੀ ਅਤੇ ਬਦਲੇ ਵਿੱਚ ਉਸ ਨੂੰ 2000 ਰੁਪਏ ਦਿੱਤੇ ਸਨ, ਨਾਲ ਜਾਣ-ਪਛਾਣ ਕਰਵਾਈ ਸੀ।

ਇਸ ਸਬੰਧੀ ਐਫਆਈਆਰ ਨੰਬਰ 197 ਮਿਤੀ 23/10/25 ਨੂੰ ਬਠਿੰਡਾ ਦੇ ਥਾਣਾ ਰਾਮਾ ਵਿਖੇ ਭਾਰਤੀ ਨਿਆਂ ਸੰਹਿਤਾ (ਬੀਐਨਐਸ) ਦੀ ਧਾਰਾ 197 (1) ਅਤੇ ਪੰਜਾਬ ਪ੍ਰੀਵੈਂਸ਼ਨ ਆਫ਼ ਡੀਫੇਸਮੈਂਟ ਪ੍ਰਾਪਰਟੀ ਆਰਡੀਨੈਂਸ ਐਕਟ ਦੀ ਧਾਰਾ 3 ਅਧੀਨ ਅਤੇ ਐਫਆਈਆਰ ਨੰਬਰ 242 ਮਿਤੀ 27/10/25 ਨੂੰ ਬਠਿੰਡਾ ਦੇ ਥਾਣਾ ਨੇਹੀਆਂ ਵਾਲਾ ਵਿਖੇ ਬੀਐਨਐਸ ਦੀ ਧਾਰਾ 197 (1) ਅਤੇ 3 (5) ਅਤੇ ਪੰਜਾਬ ਪ੍ਰੀਵੈਂਸ਼ਨ ਆਫ਼ ਡੀਫੇਸਮੈਂਟ ਪ੍ਰਾਪਰਟੀ ਆਰਡੀਨੈਂਸ ਐਕਟ ਦੀ ਧਾਰਾ 3 ਅਧੀਨ ਦੋ ਵੱਖ-ਵੱਖ ਮਾਮਲੇ ਦਰਜ ਕੀਤੇ ਗਏ ਹਨ।

# ਐਸ.ਸੀ. ਕਮਿਸ਼ਨ ਜਨਵਰੀ 2026 ਤੋਂ ਵਰਚੂਅਲ ਕੋਰਟ ਕਰੇਗੀ ਸਥਾਪਤ: ਜਸਵੀਰ ਸਿੰਘ ਗੜ੍ਹੀ




**ਚੰਡੀਗੜ੍ਹ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਵੱਲੋਂ ਰਾਜ ਦੇ ਲੋਕਾਂ ਨੂੰ ਸਹੂਲਤ ਦੇਣ ਦੇ ਮਕਸਦ ਨਾਲ ਕਮਿਸ਼ਨ ਦੀ ਕਾਰਵਾਈ ਜਨਵਰੀ 2026 ਤੋਂ ਵਰਚੂਅਲ ਕੋਰਟ ਰਾਹੀਂ ਚਲਾਈ ਜਾਵੇਗੀ।

ਇਹ ਜਾਣਕਾਰੀ ਕਮਿਸ਼ਨ ਦੇ ਚੇਅਰਮੈਨ ਸ. ਜਸਵੀਰ ਸਿੰਘ ਗੜ੍ਹੀ ਵੱਲੋਂ ਅੱਜ ਇਥੇ ਦਿੱਤੀ ਗਈ। ਉਹ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੀ 27ਵੀਂ ਫੁੱਲ ਕਮਿਸ਼ਨ ਦੀ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ।

ਉਨ੍ਹਾਂ ਕਿਹਾ ਕਿ ਪੰਜਾਬ ਰਾਜ ਦੇ ਦੂਰ-ਦਰਾਡੇ ਇਲਾਕਿਆਂ ਤੋਂ ਵੱਖ-ਵੱਖ ਮਾਮਲਿਆਂ ਦੀ ਸੁਣਵਾਈ ਲਈ ਲੋਕ ਲੰਮਾ ਪੈਂਡਾ ਤੈਅ ਕਰਕੇ ਚੰਡੀਗੜ੍ਹ ਆਉਂਦੇ ਹਨ, ਜਿਸ ਵਿੱਚ ਉਨ੍ਹਾਂ ਦਾ ਪੈਸਾ ਅਤੇ ਸਮਾਂ ਵੱਡੇ ਪੱਧਰ 'ਤੇ ਖ਼ਰਚ ਹੁੰਦਾ ਹੈ।

ਉਨ੍ਹਾਂ ਕਿਹਾ ਇਸ ਸਮੱਸਿਆ ਨੂੰ ਦੂਰ ਕਰਨ ਲਈ ਉਹ ਅਧਿਕਾਰੀਆਂ ਨਾਲ ਤਾਲਮੇਲ ਕਰਕੇ ਵਰਚੂਅਲ ਕੋਰਟ ਰੂਮ ਸਥਾਪਤ ਕਰਨ ਲਈ ਯਤਨ ਕਰ ਰਹੇ ਹਨ।

ਉਨ੍ਹਾਂ ਦੱਸਿਆ ਕਿ ਐਸ.ਸੀ. ਕਮਿਸ਼ਨ ਦਾ ਨਵਾਂ ਕੋਰਟ ਰੂਮ ਪੰਜਾਬ ਸਿਵਲ ਸਕੱਤਰੇਤ ਦੀ ਚੌਥੀ ਮੰਜ਼ਿਲ 'ਤੇ ਤਿਆਰ ਕੀਤਾ ਜਾ ਰਿਹਾ ਹੈ, ਜੋ ਕਿ ਨਵੰਬਰ ਵਿੱਚ ਮੁਕੰਮਲ ਹੋ ਕੇ ਕਾਰਜਸ਼ੀਲ ਹੋ ਜਾਵੇਗਾ।

ਉਨ੍ਹਾਂ ਦੱਸਿਆ ਕਿ ਕਮਿਸ਼ਨ ਦੇ ਯਤਨਾਂ ਸਦਕਾ ਪੰਜਾਬ ਰਾਜ ਦੇ ਹਰੇਕ ਜ਼ਿਲ੍ਹੇ ਵਿੱਚ ਐਸ.ਸੀ.ਐਸ.ਟੀ.ਐਕਟ ਤਹਿਤ ਦਰਜ ਮਾਮਲਿਆਂ ਦੇ ਨਿਪਟਾਰੇ ਲਈ ਐਸ.ਪੀ.ਪੱਧਰ ਦੇ ਨੋਡਲ ਅਧਿਕਾਰੀ ਨਿਯੁਕਤ ਕੀਤਾ ਗਏ ਹਨ ਅਤੇ ਰਾਜ ਪੱਧਰ ਤੇ ਡੀ.ਆਈ.ਜੀ. ਪੱਧਰ ਦਾ ਅਧਿਕਾਰੀ ਸ੍ਰੀ ਨਵੀਨ ਸੈਣੀ ਡੀਜੀਪੀ ਕ੍ਰਾਈਮ ਅਤੇ ਕਮਿਸ਼ਨ ਦੇ ਨੋਡਲ ਅਧਿਕਾਰੀ ਏਆਈਜੀ ਸੁਰਿੰਦਰਜੀਤ ਕੌਰ ਜੀ ਨੂੰ ਨਿਯੁਕਤ ਕੀਤਾ ਗਿਆ ਹੈ। ਜਦੋਂ ਕਿ ਸਪੈਸ਼ਲ ਡੀਜੀਪੀ ਸ਼੍ਰੀ ਨਰੇਸ਼ ਅਰੋੜਾ ਜੀ ਵਿਸ਼ੇਸ਼ ਤੌਰ ਤੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਜੀ ਨਾਲ ਕਮਿਸ਼ਨ ਅਤੇ ਪੁਲਿਸ ਵਿਭਾਗ ਦੇ ਤਾਲਮੇਲ ਨੂੰ ਮਜਬੂਤ ਕਰਨਗੇ।

ਉਨ੍ਹਾਂ ਦੱਸਿਆ ਕਿ ਅੱਜ ਦੀ ਮੀਟਿੰਗ ਵਿੱਚ ਪੁਲਿਸ, ਸਥਾਨਕ ਸਰਕਾਰਾਂ, ਸਮਾਜਿਕ ਨਿਆਂ ਤੇ ਹੋਰ ਵਿਭਾਗਾਂ ਦੇ ਸੀਨੀਅਰ ਅਧਿਕਾਰੀਆਂ ਨਾਲ ਐਸ.ਸੀ./ਐਸ.ਟੀ. ਅੱਤਿਆਚਾਰ ਰੋਕਥਾਮ ਐਕਟ 1989 ਤਹਿਤ ਦਰਜ ਕੇਸਾਂ ਦੀ ਸਥਿਤੀ ਸਬੰਧੀ ਰਿਪੋਰਟ ਲਈ ਗਈ।

ਇਸ ਤੋਂ ਇਲਾਵਾ ਕਮਿਸ਼ਨ ਦੀ 26ਵੀ ਮੀਟਿੰਗ ਦੌਰਾਨ ਪੁਲਿਸ ਵਿਭਾਗ ਨੂੰ ਕੀਤੀ ਗਈ ਹਦਾਇਤ ਅਨੁਸਾਰ ਵਿਸ਼ੇਸ਼ ਹੈਲਪ ਲਾਈਨ ਨੰਬਰ ਸਥਾਪਿਤ ਕਰਨ ਬਾਰੇ, ਭੂਰੀਵਾਲੇ ਗੁਰਗੱਦੀ (ਗਰੀਬ ਦਾਸੀ ਪਰੰਪਰਾ) ਸੰਪਰਦਾਇ ਦੇ ਧਾਮ ਸ੍ਰੀ ਰਕਬਾ ਸਾਹਿਬ (ਲੁਧਿਆਣਾ) ਅਤੇ ਸ੍ਰੀ ਝਾਂਡੀਆਂ ਧਾਮ (ਰੋਪੜ) ਵਿਖੇ ਸ਼ਰਧਾਲੂਆਂ ਦੀ ਸੁਰੱਖਿਆ ਲਈ ਅਤੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਚਰਨਛੋਹ ਪ੍ਰਾਪਤ ਧਰਤੀ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਤਪ-ਅਸਥਾਨ ਅਤੇ ਚਰਨ ਛੋਹ ਗੰਗਾ ਵਿਖੇ ਸੁਰੱਖਿਆ ਲਈ ਗਾਰਦ ਨਿਯੁਕਤ ਕਰਨ ਬਾਰੇ ਅਤੇ ਕਮਿਸ਼ਨ ਦੇ ਮੈਂਬਰ ਨੂੰ ਸੁਰੱਖਿਆ ਮੁਹੱਈਆ ਕਰਵਾਉਣ ਲਈ ਕਮਿਸ਼ਨ ਦੇ ਹੁਕਮ ਸਬੰਧੀ ਕੀਤੀ ਕਾਰਵਾਈ ਦੀ ਰਿਪੋਰਟ ਵੀ ਲਈ ਗਈ।

ਸਰਦਾਰ ਗੜ੍ਹੀ ਨੇ ਦੱਸਿਆ ਕਿ ਇਸ ਤੋਂ ਇਲਾਵਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਵਿਭਾਗ ਦੇ ਅਧਿਕਾਰੀਆਂ ਤੋਂ ਬਰਨਾਲਾ, ਫਾਜ਼ਿਲਕਾ, ਮਲੇਰਕੋਟਲਾ, ਪਠਾਨਕੋਟ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿੱਚ ਅੰਬੇਡਕਰ ਭਵਨ ਦੇ ਨਿਰਮਾਣ ਸਬੰਧੀ ਕਾਰਜਾਂ ਵਿੱਚ ਤੇਜ਼ੀ ਲਿਆਉਣ, ਸਾਲ 2017 ਤੋਂ 2019 ਪੋਸਟਮੈਟਿਕ ਸਕਾਲਰਸ਼ਿਪ ਸਕੀਮ ਦੇ ਸੂਬੇ ਦੇ 40% ਹਿੱਸੇ ਦੇ ਹਿਸਾਬ ਨਾਲ ਬਕਾਇਆ ਫੰਡ ਸਬੰਧਤ ਕਾਲਜਾਂ ਤੇ ਸਿੱਖਿਆ ਸੰਸਥਾਵਾਂ ਨੂੰ ਦਿਵਾਉਣ ਲਈ ਅਤੇ ਪੋਸਟ ਮੈਟਰਿਕਸ ਸਕਾਲਰਸ਼ਿਪ ਸਕੀਮ ਦਾ 60% ਕੇਂਦਰੀ ਸਰਕਾਰ ਦਾ ਹਿੱਸਾ 2017-2020 ਦ 1550ਕਰੋੜ ਦ ਹਿੱਸਾ ਕੇਂਦਰ ਸਰਕਾਰ ਨਾਲ ਚਾਰਾਜੋਈ ਕਰਕੇ ਹੱਲ ਕਰਾਉਣ ਅਤੇ ਡਿਊਟੀ ਦੌਰਾਨ ਮਰਨ ਵਾਲੇ ਸਫਾਈ ਕਰਮਚਾਰੀਆਂ ਦੇ ਪਰਿਵਾਰਾਂ ਨੂੰ ਤਰਸ ਦੇ ਅਧਾਰ ਤੇ ਨੌਕਰੀ ਦੇਣ ਸਬੰਧੀ ਪੈਂਡਿੰਗ ਕੇਸਾਂ ਨੂੰ ਜਲਦ ਨਿਪਟਾਰੇ ਸਬੰਧੀ ਵੀ ਜਾਣਕਾਰੀ ਲਈ ਗਈ।

ਮੀਟਿੰਗ ਵਿੱਚ ਕਮਿਸ਼ਨ ਦੇ ਮੈਂਬਰ ਰੁਪਿੰਦਰ ਸਿੰਘ ਸੀਤਲ, ਗੁਰਪ੍ਰੀਤ ਸਿੰਘ ਇੱਟਾਂਵਾਲੀ, ਗੁਲਜ਼ਾਰ ਸਿੰਘ ਬੋਬੀ , ਪੰਜਾਬ ਪੁਲਿਸ ਦੇ ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ ਸ੍ਰੀ ਨਰੇਸ਼ ਅਰੋੜਾ, ਡਾਇਰੈਕਟਰ ਸਮਾਜਿਕ ਨਿਆਂ, ਅਧਿਕਾਰਤਾ ਤੇ ਘੱਟ ਗਿਣਤੀ ਸ੍ਰੀਮਤੀ ਵਿਮੀ ਭੁੱਲਰ ਤੋਂ ਇਲਾਵਾ ਸਥਾਨਕ ਸਰਕਾਰਾਂ ਵਿਭਾਗ, ਕਮਿਸ਼ਨ ਦੇ ਮੈਂਬਰ ਸੈਕਟਰੀ ਡਾਕਟਰ ਲਾਈਨ ਜੱਸਲ, ਡੀਆਈਜੀ ਨਵੀਨ ਸੈਣੀ ਏਆਈਜੀ ਸੁਰਿੰਦਰਜੀਤ ਕੌਰ ਪੁਲਿਸ ਵਿਭਾਗ ਸਮੇਤ ਕਈ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਕ੍ਰਿਸ਼ੀ ਵਿਗਿਆਨ ਕੇਂਦਰ ਪਟਿਆਲਾ, ਵੱਲੋਂ ਪਰਾਲੀ ਨਾ ਸਾੜਣ ਲਈ ਸਕੂਲ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ




**ਪਟਿਆਲਾ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਪਟਿਆਲਾ ਵੱਲੋਂ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਤੋਂ ਰੋਕਣ ਲਈ ਚਲਾਈ ਜਾ ਰਹੀ ਮੁਹਿੰਮ ਤਹਿਤ ਇੱਕ ਜਾਗਰੂਕਤਾ ਸੈਮੀਨਾਰ ਐਮ ਕੇ ਡੀ ਸਰਕਾਰੀ ਹਾਈ ਸਕੂਲ, ਘੜਾਮ ਵਿਖੇ ਕਰਵਾਇਆ ਗਿਆ। ਇਹ ਸਮਾਗਮ ਕੇ.ਵੀ.ਕੇ. ਪਟਿਆਲਾ ਦੇ ਡਿਪਟੀ ਡਾਇਰੈਕਟਰ (ਸਿਖਲਾਈ) ਡਾ. ਹਰਦੀਪ ਸਿੰਘ ਸਭਿਖੀ ਅਤੇ ਪ੍ਰਿੰਸੀਪਲ ਵਰਿੰਦਰ ਕੌਰ ਚਹਿਲ ਦੀ ਅਗਵਾਈ ਹੇਠ ਜਸਬੀਰ ਕੌਰ ਵਲੋਂ ਕੀਤਾ ਗਿਆ। ਇਸ ਮੌਕੇ ਵਿਦਿਆਰਥੀਆਂ ਦੇ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਸੰਬਧੀ ਲੇਖ ਰਚਨਾ, ਭਾਸ਼ਣ ਅਤੇ ਪੇਟਿੰਗ ਦੇ ਮੁਕਾਬਲੇ ਕਰਵਾਏ ਗਏ। ਸੈਮੀਨਾਰ ਦੇ ਬੁਲਾਰੇ ਕੇ.ਵੀ.ਕੇ. ਦੇ ਪ੍ਰੋਫੈਸਰ (?ਗ੍ਰਹਿ ਵਿਗਿਆਨ) ਡਾ. ਗੁਰਉਪਦੇਸ਼ ਕੌਰ ਨੇ ਪਰਾਲੀ ਨੂੰ ਅੱਗ ਲਾਉਣ ਨਾਲ ਹੋਣ ਵਾਲੇ ਨੁਕਸਾਨ ਬਾਰੇ ਜਾਣਕਾਰੀ ਦਿੰਦਿਆਂ ਵਿਦਿਆਰਥੀਆਂ ਨੂੰ ਇਸ ਜਾਗਰੂਕਤਾ ਮੁਹਿੰਮ ਵਿਚ ਅਹਿਮ ਜ਼ਿੰਮੇਵਾਰੀ ਨਾਲ ਭੂਮਿਕਾ ਨਿਭਾਉਣ ਲਈ ਪ੍ਰੇਰਿਤ ਕੀਤਾ ਅਤੇ ਜੰਕ ਫੂਡ ਤੋਂ ਹੋਣ ਵਾਲੇ ਨੁਕਸਾਨ ਬਾਰੇ ਜਾਣਕਾਰੀ ਸਾਂਝੀ ਕੀਤੀ।

ਕੇ.ਵੀ.ਕੇ. ਦੇ ਸਹਾਇਕ ਪ੍ਰੋਫੈਸਰ (ਫ਼ਸਲ ਵਿਗਿਆਨ) ਡਾ ਗੁਰਪ੍ਰੀਤ ਸਿੰਘ ਨੇ ਝੋਨੇ ਦੀ ਪਰਾਲੀ ਨੂੰ ਸੰਭਾਲਣ ਵਾਸਤੇ ਅਪਣਾਈਆਂ ਜਾਣ ਵਾਲੀਆਂ ਵੱਖ-ਵੱਖ ਤਕਨੀਕਾਂ ਬਾਰੇ ਵਿਸਥਾਰਪੂਰਵਕ ਦੱਸਿਆ।ਉਹਨਾਂ ਨੇ ਵਿਦਿਆਰਥੀਆਂ ਨੂੰ ਸਮੇਂ ਦੀ ਲੋੜ ਅਨੁਸਾਰ ਵਾਤਾਵਰਨ ਨੂੰ ਬਚਾਉਣ ਲਈ ਖੇਤੀਬਾੜੀ ਦੇ ਢੰਗਾਂ ਵਿਚ ਤਬਦੀਲੀ ਲਿਆਉਣ ਲਈ ਪ੍ਰੇਰਿਤ ਕੀਤਾ।ਇਸ ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਦੇ ਵਿੱਚ ਮੁਕਾਬਲੇ ਕਰਵਾਏ ਗਏ।ਇਹਨਾਂ ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਹਰਜੋਤ ਕੌਰ, ਕਮਲਪ੍ਰੀਤ ਕੌਰ, ਕੋਮਲ ਕੌਰ, ਖੁਸ਼ਪ੍ਰੀਤ ਕੌਰ, ਖੁਸ਼ ਕੌਰ ਅਤੇ ਇਸ਼ਾਨ ਨੂੰ ਉਤਸ਼ਾਹਿਤ ਕਰਨ ਵਾਸਤੇ ਸਨਮਾਨ ਚਿੰਨ੍ਹ ਵੀ ਦਿੱਤੇ ਗਏ।ਇਸ ਮੌਕੇ ਵਿਦਿਆਰਥਣਾਂ ਵੱਲੋਂ ਪਰਾਲੀ ਨੂੰ ਨਾ ਜਲਾਉਣ ਦਾ ਸੰਦੇਸ਼ ਦਿੰਦੇ ਹੋਏ ਰੈਲੀ ਵੀ ਕੱਢੀ ਗਈ।

# 39ਵੇਂ ਸੂਰਜਕੁੰਡ ਕੌਮਾਂਤਰੀ ਕ੍ਰਾਫਟ ਮੇਲਾ -2026 ਦੀ ਤਿਆਰੀਆਂ ਸ਼ੁਰੂ

**ਚੰਡੀਗੜ੍ਹ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸੈਰ-ਸਪਾਟਾ ਵਿਭਾਗ ਵੱਲੋਂ 39ਵੇਂ ਸੂਰਜਕੁੰਡ ਕੌਮਾਂਤਰੀ ਕ੍ਰਾਫਟ ਮੇਲਾ 2026 ਦੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਇਸ ਸਿਲਸਿਲੇ ਵਿੱਚ ਹਰਿਆਣਾ ਸੈਰ-ਸਪਾਟਾ ਨਿਗਮ ਦੇ ਪ੍ਰਬੰਧ ਨਿਦੇਸ਼ਕ ਅਤੇ ਸੂਰਜਕੁੰਡ ਮੇਲਾ ਅਥਾਰਿਟੀ ਦੇ ਮੁੱਖ ਪ੍ਰਸ਼ਾਸਕ ਡਾ. ਸ਼ਾਲੀਨ ਦੀ ਅਗਵਾਈ ਹੇਠ ਸ਼ੁਕਰਵਾਰ ਨੂੰ ਪੰਚਕੂਲਾ ਵਿੱਚ ਇੱਕ ਮਹੱਤਵਪੂਰਨ ਮੀਟਿੰਗ ਆਯੋਜਿਤ ਕੀਤੀ ਗਈ, ਜਿਸ ਵਿੱਚ ਵਿਭਾਗ ਦੇ ਆਲਾ ਅਧਿਕਾਰੀਆਂ ਨੇ ਹਿੱਸਾ ਲਿਆ।

ਮੀਟਿੰਗ ਵਿੱਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ, ਗਤੀਵਿਧੀ ਪ੍ਰਮੁੱਖਾਂ ਅਤੇ ਆਯੋਜਨ ਕਮੇਟੀ ਦੇ ਮੈਂਬਰਾਂ ਨੇ ਹਿੱਸਾ ਲਿਆ।

ਮੀਟਿੰਗ ਵਿੱਚ ਅਗਾਮੀ ਮੇਲੇ ਦੀ ਰੂਪਰੇਖਾ, ਤਿਆਰੀਆਂ ਦੀ ਪ੍ਰਗਤੀ, ਬੁਨਿਆਦੀ ਢਾਂਚੇ ਦੇ ਸੁਧਾਰ ਕੰਮ, ਸਭਿਆਚਾਰਕ ਪ੍ਰੋਗਰਾਮਾਂ ਦੀ ਯੋਜਨਾ, ਕਲਾਕਾਰਾਂ ਅਤੇ ਸ਼ਿਲਪਕਾਰਾਂ ਦੀ ਭਾਗੀਦਾਰੀ ਨਾਲ ਜੁੜੇ ਵਿਸ਼ਿਆਂ 'ਤੇ ਵਿਸਤਾਰ ਚਰਚਾ ਕੀਤੀ ਗਈ।

ਡਾ. ਸ਼ਾਲੀਨ ਨੇ ਸਾਰੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਆਪਣੀ-ਆਪਣੀ ਜਿੰਮੇਵਾਰੀਆਂ ਅਨੁਰੂਪ ਤਿਆਰੀ ਕੰਮ ਜਲਦੀ ਪੂਰਾ ਕਰਨ, ਤਾਂ ਜੋ ਮੇਲਾ-2026 ਦਾ ਆਯੋਜਨ ਹੋਰ ਵੱਧ ਆਕਰਸ਼ਕ, ਸਹੀ ਢੰਗ ਅਤੇ ਕੌਮਾਂਤਰੀ ਪੱਧਰ ਦੇ ਮਾਨਕਾਂ ਦੇ ਅਨੁਰੂਪ ਕੀਤਾ ਜਾ ਸਕੇ।

ਉਨ੍ਹਾਂ ਨੇ ਕਿਹਾ ਕਿ ਸੂਰਜਕੁੰਡ ਮੇਲਾ ਹਰਿਆਣਾ ਹੀ ਨਹੀਂ ਸਗੋਂ ਪੂਰੇ ਦੇਸ਼ ਦੀ ਸਭਿਆਚਾਰਕ ਵਿਰਾਸਤ, ਲੋਕ ਕਲਾ ਅਤੇ ਹੈਂਡੀਕ੍ਰਾਫਟ ਰਿਵਾਇਤ ਦਾ ਪ੍ਰਤੀਕ ਹੈ। ਆਖੀਰ ਇਸ ਦੀ ਤਿਆਰੀਆਂ ਵਿੱਚ ਕੋਈ ਵੀ ਕਮੀਨ ਨਹੀਂ ਰਹਿਣੀ ਚਾਹੀਦੀ ਹੈ।

ਉਨ੍ਹਾਂ ਨੇ ਦਸਿਆ ਕਿ ਇਸ ਵਾਰ ਮੇਲੇ ਵਿੱਚ ਦੇਸ਼ ਦੇ ਵੱਖ-ਵੱਖ ਸੂਬਿਆਂ ਦੇ ਨਾਲ-ਨਾਲ ਅਨੇਕ ਵਿਦੇਸ਼ੀ ਦੇਸ਼ਾਂ ਦੇ ਕਲਾਕਾਰ ਅਤੇ ਸ਼ਿਲਪਕਾਰ ਵੀ ਹਿੱਸਾ ਲੈਣਗੇ, ਜਿਸ ਨਾਲ ਇਹ ਮੇਲਾ ਸਭਿਆਚਾਰਕ ਆਦਾਨ-ਪ੍ਰਦਾਨ ਅਤੇ ਵਿਸ਼ਵ ਮਿੱਤਰਤਾ ਦਾ ਮੰਚ ਬਣੇਗਾ। ਨਾਲ ਹੀ, ਸੈਲਾਨੀਆਂ ਅਤੇ ਦਰਸ਼ਕਾਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦੇ ਹੋਏ ਪਾਰਕਿੰਗ, ਪੇਯਜਲ, ਸਾਫ-ਸਫਾਈ, ਸੁਰੱਖਿਆ, ਆਵਾਜਾਈ ਪ੍ਰਬੰਧਨ ਅਤੇ ਡਿਜੀਟਲ ਭੁਗਤਾਨ ਵਿਵਸਥਾ ਵਰਗੀ ਸਹੂਲਤਾਂ ਨੂੰ ਹੋਰ ਮਜਬੂਤ ਕੀਤਾ ਜਾਵੇਗਾ।

ਡਾ. ਸ਼ਾਲੀਨ ਨੇ ਕਿਹਾ ਕਿ 39ਵਾਂ ਸੂਰਜਕੁੰਡ ਕੌਮਾਂਤਰੀ ਕ੍ਰਾਫਟ ਮੇਲਾ, ਫਰੀਦਾਬਾਦ ਵਿੱਚ 31 ਜਨਵਰੀ ਤੋਂ 15 ਫਰਵਰੀ, 2026 ਤੱਕ ਆਯੋਜਿਤ ਕੀਤਾ ਜਾਵੇਗਾ। ਮੇਲੇ ਵਿੱਚ ਦੇਸ਼-ਵਿਦੇਸ਼ ਤੋਂ ਆਉਣ ਵਾਲੇ ਲੱਖਾਂ ਸੈਲਾਨੀਆਂ ਦੇ ਲਈ ਵਿਵਿਧ ਆਕਰਸ਼ਣ ਤਿਆਰ ਕੀਤੇ ਜਾਣਗੇ, ਜਿਨ੍ਹਾਂ ਵਿੱਚ ਥੀਮ ਸਟੇਟ ਦੀ ਝਲਕ, ਸਭਿਆਚਾਰਕ ਪੇਸ਼ਕਾਰੀਆਂ, ਲੋਕਨਾਚ, ਭੋਜਨ ਗਲੀਆਂ, ਹੈਂਡੀਕ੍ਰਾਫਟ ਬਾਜਾਰ ਅਤੇ ਲਾਇਵ ਡੇਮੋਂਸਟ੍ਰੇਸ਼ਨ ਸ਼ਾਮਿਲ ਹੋਣਗੇ।

ਉਨ੍ਹਾਂ ਨੇ ਦਸਿਆ ਕਿ ਮੇਲੇ ਵਿੱਚ ਹਿੱਸਾ ਲੈਣ ਵਾਲੇ ਸ਼ਿਲਪਕਾਰਾਂ ਦੇ ਲਈ ਸਟਾਲ ਅਲਾਟ ਪ੍ਰਕ੍ਰਿਆ 1 ਦਸੰਬਰ, 2025 ਤੋਂ ਸ਼ੁਰੂ ਕੀਤੀ ਜਾਵੇਗੀ। ਇਸ ਦੇ ਲਈ ਸਬੰਧਿਤ ਵਿਭਾਗਾਂ ਨੂੰ ਜ਼ਰੂਰੀ ਦਿਸ਼ਾ-ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ।

# ਸਿਹਤ ਅਦਾਰਿਆਂ ਵਿੱਚ ਵਿਸ਼ੇਸ਼ ਸਫਾਈ ਮੁਹਿੰਮ ਚਲਾਈ ਜਾਵੇ - ਆਰਤੀ ਸਿੰਘ ਰਾਓ

**ਚੰਡੀਗੜ੍ਹ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੀ ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਹਨ ਕਿ ਸੂਬੇ ਦੇ ਸਾਰੇ ਸਰਕਾਰੀ ਸਿਹਤ ਅਦਾਰਿਆਂ ਵਿੱਚ ਸਫਾਈ ਵਿਵਸਥਾ ਨੂੰ ਬਿਹਤਰ ਅਤੇ ਸੁਸਜਿਤ ਰੱਖਿਆ ਜਾਵੇ। ਉਨ੍ਹਾਂ ਨੇ ਕਿਹਾ ਕਿ ਸਾਫ ਅਤੇ ਸਵੱਛ ਵਾਤਾਵਰਣ ਨਾ ਸਿਰਫ ਮਰੀਜਾਂ ਦੇ ਸਿਹਤ ਲਹੀ ਜਰੂਰੀ ਹੈ, ਸਗੋ ਇਸ ਨਾਲ ਹਸਪਤਾਲਾਂ ਦੀ ਸਮੂਚੀ ਕਾਰਜ ਪ੍ਰਣਾਲੀ ਅਤੇ ਸੇਵਾ ਗੁਣਵੱਤਾ 'ਤੇ ਵੀ ਸਾਕਾਰਾਤਮਕ ਪ੍ਰਭਾਵ ਪੈਦਾ ਹੈ।

ਸਿਹਤ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਦਾ ਪ੍ਰਾਥਮਿਕ ਉਦੇਸ਼ ਹੈ ਕਿ ਹਰ ਨਾਗਰਿਕ ਨੂੰ ਸਵੱਛ, ਸੁਰੱਖਿਅਤ ਅਤੇ ਮਾਨਕ ਸਹੂਲਤਾਂ ਵਾਲੇ ਸਰਕਾਰੀ ਸਿਹਤ ਅਦਾਰਿਆਂ ਦਾ ਲਾਭ ਮਿਲੇ। ਇਸ ਦਿਸ਼ਾ ਵਿੱਚ ਗੰਭੀਰਤਾ ਦਿਖਾਉਂਦੇ ਹੋਏ ਉਨ੍ਹਾਂ ਨੇ ਅਗਾਮੀ 2 ਨਵੰਬਰ ਤੋਂ 8 ਨਵੰਬਰ ਤੱਕ ਸਾਰੇ ਸਰਕਾਰੀ ਸਿਹਤ ਅਦਾਰਿਆਂ ਵਿੱਚ ਵਿਸ਼ੇਸ਼ ਸਫਾਈ ਮੁਹਿੰਮ ਚਲਾਉਣ ਦੇ ਨਿਰਦੇਸ਼ ਦਿੱਤੇ ਹਨ।

ਉਨ੍ਹਾਂ ਨੇ ਅਧਿਕਾਰੀਆਂ ਨੂੰ ਇਹ ਯਕੀਨੀ ਕਰਨ ਨੂੰ ਕਿਹਾ ਕਿ ਹਸਪਤਾਲ ਦੇ ਵਾਰਡ, ਐਮਰਜੈਂਸੀ ਰੂਮ, ਲੇਬਰ ਰੂਮ, ਪਖਾਨੇ ਅਤੇ ਵੇਟਿੰਗ ਰੂਮਾਂ ਦੀ ਨਿਯਮਤ ਸਫਾਈ ਹੋਵੇ।

ਹਸਪਤਾਲ ਪਰਿਸਰ ਵਿੱਚ ਕਿਤੇ ਵੀ ਗੰਦਗੀ ਜਾਂ ਕੂੜਾ ਨਾ ਜਮ੍ਹਾ ਹੋਵੇ। ਬਾਇਓਮੈਡੀਕਲ ਕੂੜਾ ਨਿਰਧਾਰਿਤ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ ਸਮੇਂ 'ਤੇ ਨਿਸਤਾਰਿਕ ਕੀਤਾ ਜਾਵੇ। ਉਨ੍ਹਾ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਸਫਾਈ ਮੁਹਿੰਮ ਦੀ ਮਾਨੀਟਰਿੰਗ ਕਰਨ ਅਤੇ ਹਰੇਕ ਗਤੀਵਿਧੀ ਦਾ ਰਿਕਾਰਡ ਰੱਖਣ ਦੇ ਵੀ ਨਿਰਦੇਸ਼ ਦਿੱਤੇ । ਇਸ ਮੁਹਿੰਮ ਦੀ ਫੋਟੋ ਦੀ ਸ਼ੇਅਰ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

ਆਰਤੀ ਸਿੰਘ ਰਾਓ ਨੇ ਇਹ ਵੀ ਸਪਸ਼ਟ ਕੀਤਾ ਕਿ ਲਾਪ੍ਰਵਾਹੀ ਪਾਏ ਜਾਣ 'ਤੇ ਜਿਮੇਵਾਰ ਅਧਿਕਾਰੀਆਂ ਜਾਂ ਕਰਮਚਾਰੀਆਂ ਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।

ਸਿਹਤ ਮੰਤਰੀ ਨੇ ਕਿਹਾ ਕਿ ਸਰਕਾਰ ਸਿਹਤ ਅਦਾਰਿਆਂ ਨੂੰ ਮਰੀਜ-ਹਿਤੇਸ਼ੀ ਅਤੇ ਸਾਫ ਬਨਾਉਣ ਲਈ ਪ੍ਰਤੀਬੱਧ ਹੈ। ਉਨ੍ਹਾਂ ਨੇ ਆਮ ਜਨਤਾ ਨੂੰ ਵੀ ਅਪੀਲ ਕੀਤੀ ਕਿ ਹਸਪਤਾਲ ਪਰਿਸਰ ਵਿੱਚ ਸਵੱਛਤਾ ਬਣਾਏ ਰੱਖਣ ਵਿੱਚ ਪ੍ਰਸਾਸ਼ਨ ਅਤੇ ਕਰਮਚਾਰੀ ਦਾ ਸਹਿਯੋਗ ਕਰਨ।

# ਆਈਏਐੱਸ ਪਤਨੀ ਪੁਲੀਸ ਵੱਲੋਂ ਜ਼ਬਤ ਫੋਨ ਤੇ ਲੈਪਟੌਪ ਲਈ ਕੋਰਟ ਪੁੱਜੀ



**ਚੰਡੀਗੜ੍ਹ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਕੇਡਰ ਦੀ ਸੀਨੀਅਰ ਆਈਏਐੱਸ ਅਧਿਕਾਰੀ ਅਮਨੀਤ ਪੀ.ਕੁਮਾਰ ਨੇ ਚੰਡੀਗੜ੍ਹ ਕੋਰਟ ਵਿਚ ਇਕ ਅਰਜ਼ੀ ਦਾਖ਼ਲ ਕਰਕੇ ਆਪਣੇ ਮਰਹੂਮ ਪਤੀ ਤੇ ਆਈਪੀਐੱਸ ਅਧਿਕਾਰੀ ਵਾਈ.ਪੂਰਨ ਕੁਮਾਰ ਦਾ ਜਾਂਚ ਲਈ ਜ਼ਬਤ ਕੀਤਾ ਮੋਬਾਈਲ ਫੋਨ ਤੇ ਲੈਪਟੌਪ ਮੋੜੇ ਜਾਣ ਸਬੰਧੀ ਲੋੜੀਂਦੀਆਂ ਹਦਾਇਤਾਂ ਜਾਰੀ ਕੀਤੇ ਜਾਣ ਦੀ ਮੰਗ ਕੀਤੀ ਹੈ। ਕੋਰਟ ਨੇ ਪਟੀਸ਼ਨ ਦੇ ਅਧਾਰ ਨੂੰ ਸਬੰਧਤ ਪ੍ਰਤੀਵਾਦੀਆਂ ਨੂੰ ਨੋਟਿਸ ਜਾਰੀ ਕੀਤਾ ਹੈ।2001 ਬੈਚ ਦੇ ਆਈਪੀਐੱਸ ਅਧਿਕਾਰੀ ਵਾਈ.ਪੂਰਨ ਕੁਮਾਰ ਨੇ 7 ਅਕਤੂਬਰ ਨੂੰ ਚੰਡੀਗੜ੍ਹ ਦੇ ਸੈਕਟਰ 11 ਵਿਚਲੀ ਆਪਣੀ ਰਿਹਾਇਸ਼ 'ਤੇ ਖ਼ੁਦਕੁਸ਼ੀ ਕਰ ਲਈ ਸੀ। ਕੁਮਾਰ ਨੇ ਖ਼ੁਦਕੁਸ਼ੀ ਤੋਂ ਪਹਿਲਾਂ ਖ਼ੁਦਕੁਸ਼ੀ ਨੋਟ ਲਿਖਣ ਲਈ ਆਪਣੇ ਇਸ ਲੈਪਟੌਪ ਦੀ ਵਰਤੋਂ ਕੀਤੀ ਸੀ।ਕੁਮਾਰ ਦੇ ਪਰਿਵਾਰ ਨੇ ਉਦੋਂ ਕੋਰਟ ਦੇ ਹੁਕਮਾਂ 'ਤੇ ਮਾਮਲੇ ਦੀ ਜਾਂਚ ਲਈ ਲੈਪਟੌਪ ਚੰਡੀਗੜ੍ਹ ਪੁਲੀਸ ਨੂੰ ਸੌਂਪ ਦਿੱਤਾ ਸੀ। ਪੁਲੀਸ ਨੇ ਉਦੋਂ ਦਾਅਵਾ ਕੀਤਾ ਸੀ ਕਿ ਇਹ ਲੈਪਟੌਪ ਅਹਿਮ ਸਬੂਤ ਹੈ ਜਿਸ ਕਰਕੇ ਇਸ ਨੂੰ ਕੇਂਦਰੀ ਫੋਰੈਂਸਿਕ ਸਾਇੰਸ ਲੈਬਾਰਟਰੀ ਕੋਲ ਭੇਜਣ ਦੀ ਲੋੜ ਹੈ। ਪੁਲੀਸ ਨੇ ਉਦੋਂ ਮੌਕੇ ਤੋਂ ਆਈਪੀਐੱਸ ਅਧਿਕਾਰੀ ਦੇ ਦੋ ਸੈੱਲਫੋਨ ਵੀ ਕਬਜ਼ੇ ਵਿਚ ਲਏ ਸਨ। ਵਾਈ.ਪੂਰਨ ਕੁਮਾਰ ਨੇ ਆਪਣੇ ਖ਼ੁਦਕੁਸ਼ੀ ਨੋਟ ਵਿਚ 16 ਸੀਨੀਅਰ ਆਈਏਐੱਸ ਤੇ ਆਈਪੀਐੱਸ ਅਧਿਕਾਰੀਆਂ 'ਤੇ ਕਥਿਤ ਤੰਗ ਪ੍ਰੇਸ਼ਾਨ ਕਰਨ ਤੇ ਖ਼ੁਦਕੁਸ਼ੀ ਲਈ ਮਜਬੂਰ ਕਰਨ ਦੇ ਦੋਸ਼ ਲਾਏ ਸਨ।

# ਚਾਰ ਜਣਿਆਂ ਤੋਂ 8.50 ਲੱਖ ਠੱਗੇ

**ਜੀਂਦ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜੀਂਦ ਜ਼ਿਲ੍ਹੇ ਵਿੱਚ ਸਾਈਬਰ ਠੱਗਾਂ ਨੇ ਚਾਰ ਜਣਿਆਂ ਤੋਂ 8.50 ਲੱਖ ਠੱਗੇ ਹਨ। ਅਸ਼ੋਕ ਵਾਸੀ ਗਾਂਧੀ ਨਗਰ ਨਰਵਾਣਾ ਨੇ ਪੁਲੀਸ ਸ਼ਿਕਾਇਤ ਵਿੱਚ ਦੱਸਿਆ ਕਿ ਉਸ ਦਾ ਮੋਬਾਈਲ 18 ਅਗਸਤ ਨੂੰ ਰਾਹ ਵਿੱਚ ਡਿੱਗ ਗਿਆ ਸੀ। ਜਦੋਂ ਉਹ ਕੁਝ ਦਿਨਾਂ ਮਗਰੋਂ ਨਰਵਾਣਾ ਆਇਆ ਤੇ ਬੈਂਕ ਵਿੱਚ ਕੁਝ ਪੈਸੇ ਕੱਢਵਾਉਣ ਲਈ ਗਿਆ ਤਾਂ ਉਸ ਨੂੰ ਪਤਾ ਲੱਗਿਆ ਕਿ ਉਸ ਦੇ ਖਾਤੇ ਵਿੱਚੋਂ 18 ਅਗਸਤ ਤੋਂ 22 ਅਗਸਤ ਤੱਕ 1 ਲੱਖ 70 ਹਜ਼ਾਰ ਕੱਢਵਾਏ ਗਏ ਹਨ। ਸਾਈਬਰ ਕਰਾਈਮ ਥਾਣਾ ਦੀ ਪੁਲੀਸ ਨੇ ਅਣਪਛਾਤੇ ਵਿਅਕਤੀ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਇਸੇ ਤਰ੍ਹਾਂ ਨਰਵਾਣਾ ਦੀ ਛੋਟੂ ਰਾਮ ਕਲੋਨੀ ਦੇ ਸੰਦੀਪ ਵੱਲੋਂ ਪੁਲੀਸ ਨੂੰ ਦਿੱਤੀ ਸ਼ਿਕਾਇਤ ਵਿੱਚ ਕਿਹਾ ਗਿਆ ਕਿ 19 ਅਕਤੂਬਰ ਨੂੰ ਸਾਈਬਰ ਠੱਗਾਂ ਨੇ ਉਸ ਦਾ ਫੋਨ ਹੈਕ ਕਰ ਕੇ ਉਸ ਦੇ ਖਾਤੇ ਵਿੱਚੋਂ 2 ਲੱਖ 24 ਹਜ਼ਾਰ ਰੁਪਏ ਕੱਢ ਲਏ। ਸਾਈਬਰ ਕਰਾਈਮ ਥਾਣਾ ਨਰਵਾਣਾ ਪੁਲੀਸ ਨੇ ਕੇਸ ਦਰਜ ਕਰ ਲਿਆ ਹੈ।

ਇਸੇ ਤਰ੍ਹਾਂ ਉਚਾਨਾ ਮੰਡੀ ਦੇ ਰਾਜੇਸ਼ ਕੁਮਾਰ ਨੇ ਪੁਲੀਸ ਨੂੰ ਦਿੱਤੀ ਗਈ ਸ਼ਿਕਾਇਤ ਵਿੱਚ ਕਿਹਾ ਕਿ 6 ਅਕਤੂਬਰ ਨੂੰ ਉਸ ਦੇ ਮੋਬਾਈਲ 'ਤੇ ਖਾਤੇ ਵਿੱਚੋਂ 1 ਲੱਖ 24 ਹਜ਼ਾਰ ਕੱਟਣ ਦੇ ਮੈਸੇਜ ਆਏ। ਪਿੰਡ ਲਿਜਵਾਨਾ ਕਲਾਂ ਦੇ ਇਕ ਵਿਅਕਤੀ ਨੂੰ ਯੂ-ਟਿਊਬ 'ਤੇ ਨੈੱਟ ਬੈਂਕਿੰਗ ਦੀ ਐਡ 'ਤੇ ਕਲਿੱਕ ਕਰਨਾ ਮਹਿੰਗਾ ਪੈ ਗਿਆ। ਉਸ ਨੇ ਜਦੋਂ ਪੰਜਾਬ ਨੈਸ਼ਨਲ ਬੈਂਕ ਦੀ ਨੈਟ ਬੈਂਕਿੰਗ ਦੀ ਐਡ 'ਤੇ ਕਲਿਕ ਕਰ ਦਿੱਤਾ ਤੇ ਫਾਈਲ ਖੁੱਲ੍ਹ ਗਈ। ਇਸ ਮਗਰੋਂ ਫਾਰਮ ਭਰ ਦਿੱਤਾ। ਅਗਲੀ ਸਵੇਰ ਉਸ ਦੇ ਖਾਤੇ 'ਚੋਂ 3.23 ਲੱਖ ਕੱਢੇ ਗਏ। ਪੁਲੀਸ ਨੇ ਕੇਸ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਜੀਂਦ 'ਚ 1.75 ਲੱਖ ਟਨ ਝੋਨੇ ਦੀ ਖਰੀਦ

**ਜੀਂਦ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜੀਂਦ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਝੋਨੇ ਦੀ ਖਰੀਦ ਤੇਜ਼ੀ ਨਾਲ ਹੋ ਰਹੀ ਹੈ। ਡੀ ਸੀ ਮੁਹੰਮਦ ਇਮਰਾਨ ਰਜ਼ਾ ਨੇ ਕਿਹਾ ਕਿ ਕੱਲ੍ਹ ਸ਼ਾਮ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 1,75, 355 ਟਨ ਝੋਨੇ ਦੀ ਖਰੀਦ ਕੀਤੀ ਜਾ ਚੁੱਕੀ ਹੈ।

ਜੀਂਦ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਝੋਨੇ ਦੀ ਖਰੀਦ ਤੇਜ਼ੀ ਨਾਲ ਹੋ ਰਹੀ ਹੈ। ਡੀ ਸੀ ਮੁਹੰਮਦ ਇਮਰਾਨ ਰਜ਼ਾ ਨੇ ਕਿਹਾ ਕਿ ਕੱਲ੍ਹ ਸ਼ਾਮ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 1,75, 355 ਟਨ ਝੋਨੇ ਦੀ ਖਰੀਦ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਨਰਵਾਣਾ ਮੰਡੀ ਵਿੱਚ 87, 570 ਟਨ, ਉਚਾਨਾ ਮੰਡੀ ਵਿੱਚ 16, 402 ਟਨ, ਸਫ਼ੀਦੋਂ ਵਿੱਚ 19,036, ਧਮਤਾਨ ਵਿੱਚ 19, 154, ਪਿੱਲੂਖੇੜਾ ਵਿੱਚ 11, 481, ਅਲੇਵਾ ਵਿੱਚ 6, 135, ਮੰਗਲਪੁਰ ਵਿੱਚ 1, 774, ਜੀਂਦ ਵਿੱਚ 1,134 ਅਤੇ ਕਾਬਰਛਾ ਵਿੱਚ 947 ਟਨ ਝੋਨੇ ਦੀ ਖਰੀਦ ਕੀਤੀ ਗਈ। ਉਨ੍ਹਾਂ ਨੇ ਦੱਸਿਆ ਕਿ ਫੂਡ ਸਪਲਾਈ ਵਿਭਾਗ ਵੱਲੋਂ 1,09,815, ਹੈਫੇਡ ਦੁਆਰਾ 36, 339 ਅਤੇ ਐੱਚ ਡਬ ਲਿਊ ਸੀ ਵੱਲੋਂ 29,165 ਟਨ ਝੋਨੇ ਦੀ ਖਰੀਦ ਕੀਤੀ ਗਈ ਹੈ। ਉਨ੍ਹਾਂ ਨੇ ਦੱਸਿਆ ਕਿ ਜ਼ਿਲ੍ਹੇ ਦੀ ਹਰ ਮੰਡੀ ਵਿੱਚ ਕਿਸਾਨਾਂ ਨੂੰ ਫਸਲ ਵੇਚਣ ਵਿੱਚ ਕੋਈ ਦਿੱਕਤ ਨਹੀਂ ਆ ਰਹੀ।

# ਸਕੂਲ ਵਿੱਚ ਇਨਾਮ ਵੰਡ ਸਮਾਰੋਹ

**ਚੀਮਾ ਮੰਡੀ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਇੱਥੋਂ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ। ਸਕੂਲ ਇੰਚਾਰਜ ਗੁਲਜ਼ਾਰ ਸਿੰਘ ਦੀ ਅਗਵਾਈ ਵਿਚ ਹੋਏ ਇਸ ਸਮਾਰੋਹ ਵਿਚ ਮੁੱਖ ਮਹਿਮਾਨ ਵਜੋਂ ਨਗਰ ਕੌਂਸਲ ਚੀਮਾ ਦੇ ਚੇਅਰਪਰਸਨ ਬਲਜਿੰਦਰ ਕੌਰ ਨੇ ਸ਼ਮੂਲੀਅਤ ਕੀਤੀ ਜਦੋਂ ਕਿ ਜ਼ਿਲ੍ਹਾ ਸਿੱਖਿਆ ਅਫਸਰ ਤਰਵਿੰਦਰ ਕੌਰ, ਉਪ ਜਿਲ੍ਹਾ ਸਿੱਖਿਆ ਅਫ਼ਸਰ ਮਨਜੀਤ ਕੌਰ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਸਮਾਗਮ ਵਿਚ ਪ੍ਰਿੰਸੀਪਲ ਵਿਪਨ ਚਾਵਲਾ ਅਤੇ ਪ੍ਰਿੰਸੀਪਲ ਭਾਰਤੀ ਨੰਦਾ ਉਚੇਚੇ ਤੌਰ 'ਤੇ ਸ਼ਾਮਲ ਹੋਏ। ਸਮਾਰੋਹ ਦੀ ਸ਼ੁਰੂਆਤ ਵਿਦਿਆਰਥੀ ਜਸ਼ਨਦੀਪ ਸਿੰਘ ਅਤੇ ਬੰਟੀ ਸਿੰਘ ਵੱਲੋਂ ਗਾਏ ਸ਼ਬਦ ਨਾਲ ਹੋਈ। ਇਸ ਮਗਰੋਂ ਵਿਦਿਆਰਥੀਆਂ ਨੇ ਸੋਲੋ ਗੀਤ, ਡਾਂਸ, ਸਕਿਟ, ਨਾਟਕ, ਭੰਗੜਾ ਤੇ ਕੋਰੀਓਗ੍ਰਾਫੀ ਪੇਸ਼ ਕੀਤੀ। ਅਧਿਆਪਕਾ ਅਨੁਰਾਜ ਨੇ ਸਲਾਨਾ ਰਿਪੋਰਟ ਪੜ੍ਹੀ। ਅੰਤ ਵਿਚ ਸਿੱਖਿਆ ਅਤੇ ਖੇਡਾਂ 'ਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਮੁੱਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨਾਂ ਵੱਲੋਂ ਇਨਾਮ ਵੰਡੇ ਗਏ।

# ਸਰਦਾਰ ਪਟੇਲ ਦਾ ਇੱਕ ਭਾਰਤ ਦਾ ਸੁਪਨਾ ਅੱਜ ਵੀ ਹਰ ਭਾਰਤੀ ਦੇ ਦਿਲ ਵਿੱਚ ਧੜਕਤਾ ਹੈ-ਨਾਇਬ ਸਿੰਘ ਸੈਣੀ

**ਚੰਡੀਗੜ੍ਹ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਹ ਪੁਰਸ਼ ਸਰਦਾਰ ਵੱਲਭ ਭਾਈ ਪਟੇਲ ਦੀ ਜੈਯੰਤੀ ਦੇ ਮੌਕੇ 'ਤੇ ਸ਼ੁੱਕਰਵਾਰ ਨੂੰ ਫਤਿਹਾਬਾਦ ਵਿੱਚ ਕੌਮੀ ਏਕਤਾ ਦਿਵਸ ਮਨਾਇਆ ਗਿਆ। ਜ਼ਿਲ੍ਹਾ ਮੁੱਖ ਦਫ਼ਤਰ 'ਤੇ ਆਯੋਜਿਤ ਰਨ ਫਾਰ ਯੂਨਿਟੀ ਦਾ ਸ਼ੁਭਾਰੰਭ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਪੰਚਾਇਤ ਭਵਨ 'ਤੋਂ ਹਰੀ ਝੰਡੀ ਵਿਖਾ ਕੇ ਕੀਤਾ। ਇਸ ਮੌਕੇ 'ਤੇ ਮੁੱਖ ਮੰਤਰੀ ਨੇ ਪ੍ਰਤੀਭਾਗੀਆਂ 'ਤੇ ਫੁੱਲ ਵਰਖਾ ਕੀਤੀ ਅਤੇ ਉਨ੍ਹਾਂ ਨੇ ਆਪ ਵੀ ਦੌੜ ਵਿੱਚ ਸ਼ਾਮਲ ਹੋ ਕੇ ਏਕਤਾ ਦਾ ਸੰਦੇਸ਼ ਦਿੱਤਾ।

ਐਮਐਮ ਕਾਲੇਜ ਮੈਦਾਨ ਤੱਕ ਆਯੋਜਿਤ ਦੌੜ ਵਿੱਚ ਲਗਭਗ 30 ਹਜ਼ਾਰ ਪ੍ਰਤੀਭਾਗੀ ਸ਼ਾਮਲ ਹੋਏ। ਨੌਜੁਆਨਾਂ, ਮਹਿਲਾਵਾਂ, ਖਿਡਾਰਿਆਂ, ਵਿਦਿਆਰਥੀਆਂ, ਸਮਾਜਿਕ ਕਾਰਜ ਕਰਤਾਵਾਂ ਅਤੇ ਜਨਪ੍ਰਤੀਨਿਧੀਆਂ ਨੇ ਹੱਥਾਂ ਵਿੱਚ ਤਿਰੰਗਾ ਲੈ ਕੇ ਉਤਸ਼ਾਹ ਨਾਲ ਹਿੱਸਾ ਲਿਆ। ਪੂਰਾ ਸ਼ਹਿਰ ਇੱਕ ਭਾਰਤ, ਸ਼੍ਰੇਸ਼ਠ ਭਾਰਤ ਦੇ ਨਾਰਿਆਂ ਨਾਲ ਗੂੰਜ ਉੱਠਿਆ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਕੌਮੀ ਏਕਤਾ ਦਿਵਸ ਸਾਡੇ ਕੌਮ ਦੀ ਆਤਮਾ ਨੂੰ ਸ਼ਸ਼ਕਤ ਕਰਨ ਦਾ ਦਿਨ ਹੈ। ਅੱਜ ਅਸੀ ਸਰਦਾਰ ਵੱਲਭਭਾਈ ਪਟੇਲ ਜੀ ਦੀ 150ਵੀਂ ਜੈਯੰਤੀ ਮਨਾ ਰਹੇ ਹਾਂ। ਲੋਹ ਪੁਰਸ਼ ਪਟੇਲ ਨੇ ਜਿਸ ਸੰਕਲਪ, ਹਿੰਮਤ ਅਤੇ ਦੂਰਦ੍ਰਿਸ਼ਟੀ ਨਾਲ ਭਾਰਤ ਨੂੰ ਇੱਕ ਸੂਤਰ ਵਿੱਚ ਪਿਰੋਇਆ, ਉਹ ਅੱਜ ਵੀ ਪ੍ਰੇਰਣਾ ਸਰੋਤ ਹਨ। ਮੁੱਖ ਮੰਤਰੀ ਨੇ ਸਰਦਾਰ ਪਟੇਲ ਨੂੰ ਯਾਦ ਕਰਦੇ ਹੋਏ ਸਾਰੇ ਹਰਿਆਣਾ ਵਾਸੀਆਂ ਨੂੰ ਕੌਮੀ ਏਕਤਾ ਦਿਵਸ ਦੀ ਦਿਲੋਂ ਸ਼ੁਭਕਾਮਨਾਵਾਂ ਦਿੱਤੀ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਅੱਜ ਦੀ ਦੌੜ ਸਿਰਫ਼ ਸ਼ਰੀਰਿਕ ਗਤੀਵਿਧੀ ਨਹੀਂ ਸਗੋਂ ਕੌਮ ਦੀ ਏਕਤਾ, ਅਖੰਡਤਾ ਅਤੇ ਅਨੁਸ਼ਾਸਨ ਦਾ ਪ੍ਰਤੀਕ ਹੈ। ਹਰਿਆਣਾ ਦੇ ਸਾਰੇ ਜਿਲ੍ਹਿਆਂ ਵਿੱਚ ਲੱਖਾਂ ਨਾਗਰਿਕ ਇਸ ਰਾਸ਼ਟਰੀ ਸੰਕਲਪ ਦਾ ਹਿੱਸਾ ਬਣ ਰਹੇ ਹਨ। ਇਹ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਇੱਕ ਭਾਰਤ, ਸ਼ਾਨਦਾਰ ਭਾਰਤ ਦੇ ਵਿਜ਼ਨ ਨੂੰ ਸਾਕਾਰ ਕਰਨ ਦੀ ਦਿਸ਼ਾ ਵਿੱਚ ਇੱਕ ਪਹਿਲ ਹੈ। ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਇੱਕ ਮਜਬੂਤ ਰਾਸ਼ਟਰ ਦਾ ਨਿਰਮਾਣ ਅਨੁਸ਼ਾਸਿਤ, ਜਿੰਮੇਦਾਰ ਅਤੇ ਜਾਗਰੂਕ ਨਾਗਰਿਕਾਂ ਨਾਲ ਹੁੰਦਾ ਹੈ।



ਇਹ ਦੌੜ ਸਾਨੂੰ ਸਹਿਨਸ਼ੀਲਤਾ, ਅਨੁਸ਼ਾਸਨ ਅਤੇ ਸਮੂਹਿਕਤਾ ਦਾ ਸਨੇਹਾ ਦਿੰਦੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਜਿਸ ਸੰਕਲਪ ਨੂੰ ਸਰਦਾਰ ਪਟੇਲ ਨੇ ਆਜਾਦੀ ਤੋਂ ਬਾਅਦ ਸ਼ੁਰੂ ਕੀਤਾ ਸੀ, ਪ੍ਰਧਾਨ ਮੰਤਰੀ ਨੇ ਅੱਗੇ ਵਧਾਉਂਦੇ ਹੋਏ ਜੰਮੂ-ਕਸ਼ਮੀਰ ਤੋਂ ਅੱਕਟ 370 ਅਤੇ 35 ਏ ਨੂੰ ਸਮਾਪਤ ਕਰ ਇੱਕ ਵਾਰ ਫੇਰ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਮਜਬੂਤ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਇਹ ਫੈਸਲਾ ਸਰਦਾਰ ਪਟੇਲ ਦੀ ਭਾਵਨਾ ਦੇ ਅਨੁਰੂਪ ਸੀ, ਇੱਕ ਰਾਸ਼ਟਰ, ਇੱਕ ਸੰਵਿਧਾਨ, ਇੱਕ ਤਿਰੰਗਾ। ਮੁੱਖ ਮੰਤਰੀ ਨੇ ਇਸ ਕਦਮ ਨੂੰ ਭਾਰਤ ਦੀ ਏਕਤਾ ਨੂੰ ਹੋਰ ਮਜਬੂਤ ਕਰਨ ਵਾਲਾ ਇਤਿਹਾਸਕ ਫੈਸਲਾ ਦੱਸਿਆ ਅਤੇ ਕਿਹਾ ਕਿ ਇਹ ਉਸ ਅਖੰਡ ਭਾਰਤ ਦੀ ਭਾਵਨਾ ਦਾ ਪ੍ਰਤੀਕ ਹੈ ਜਿਸ ਦਾ ਸੁਪਨਾ ਪਟੇਲ ਨੇ ਵੇਖਿਆ ਸੀ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਫਤਿਹਾਬਾਦ ਵਿੱਚ ਪ੍ਰੋਗਰਾਮ ਵਿੱਚ ਮੌਜੂਦ ਲੋਕ ਇਸ ਗੱਲ ਦਾ ਸਬੂਤ ਹਨ ਕਿ ਸਰਦਾਰ ਪਟੇਲ ਦਾ ਇੱਕ ਭਾਰਤ ਦਾ ਸੁਪਨਾ ਅੱਜ ਵੀ ਹਰ ਨਾਗਰਿਕ ਦੇ ਦਿਲ ਵਿੱਚ ਜਿੰਦਾ ਹੈ।

ਉਨ੍ਹਾਂ ਨੇ ਕਿਹਾ ਕਿ ਸਾਡੀ ਵਿਵਿਧਤਾ ਹੀ ਸਾਡੀ ਅਸਲੀ ਤਾਕਤ ਹੈ। ਵੱਖ ਵੱਖ ਭਾਸ਼ਾਵਾਂ, ਪਰੰਪਰਾਵਾਂ ਅਤੇ ਸੰਸਕ੍ਰਿਤੀਆਂ ਹੋਣ ਦੇ ਬਾਵਜੂਦ ਅਸੀ ਸਾਰੇ ਭਾਰਤੀ ਹਾਂ। ਭਾਵੇਂ ਸਾਡੇ ਸ਼ਰੀਰ ਵੱਖ ਹਨ ਪਰ ਸਾਡਾ ਮਨ ਇੱਕ ਹੀ ਹੈ। ਉਨ੍ਹਾਂ ਨੇ ਨੌਜੁਆਨਾਂ ਨੂੰ ਆਪਣੇ ਸੰਬੋਧਨ ਵਿੱਚ ਕਿਹਾ ਕਿ ਨਵੀਂ ਪੀੜ੍ਹੀ ਨੂੰ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਮਸ਼ਾਲ ਸਾਂਭਣੀ ਪਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਸਰਦਾਰ ਵੱਲਭਭਾਈ ਪਟੇਲ ਨੂੰ ਸੱਚੇ ਅਰਥਾਂ ਵਿੱਚ ਭਾਰਤ ਦੀ ਏਕਤਾ ਦਾ ਨਿਰਮਾਤਾ ਕਿਹਾ ਜਾ ਸਕਦਾ ਹੈ। ਆਜ਼ਾਦੀ ਤੋਂ ਬਾਅਦ ਗ੍ਰਹਿ ਮੰਤਰੀ ਰਹਿੰਦੇ ਹੋਏ ਉਨ੍ਹਾਂ ਨੇ 562 ਰਿਆਸਤਾਂ ਨੂੰ ਮਿਲਾ ਕੇ ਅਖੰਡ ਭਾਰਤ ਦਾ ਨਿਰਮਾਣ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੇ ਯਤਨਾਂ ਨਾਲ ਅੱਜ ਦਾ ਭਾਰਤ ਮਜਬੂਤ ਅਤੇ ਇੱਕਜੁਟ ਹੈ।

ਮੁੱਖ ਮੰਤਰੀ ਸ੍ਰਸੀ ਨਾਇਬ ਸਿੰਘ ਸੈਣੀ ਨੇ ਹਰਿਆਣਾ ਦਿਵਸ ( 4 ਨਵੰਬਰ ) ਦੀ ਅਗ੍ਰਿਮ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਹਰਿਆਣਾ ਦੀ ਜਨਤਾ ਆਪਣੀ ਮਿਹਨਤ, ਤਿਆਗ ਅਤੇ ਇੱਕਜੁਟਤਾ ਦੇ ਜੋਰ 'ਤੇ ਦੇਸ਼ਭਰ ਵਿੱਚ ਉਦਾਹਰਣ ਪੇਸ਼ ਕਰ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਹਰਿਆਣਾ ਦੀ ਮਿੱਟੀ ਵਿੱਚ ਜੋਸ਼, ਮਿਹਨਤ ਅਤੇ ਏਕਤਾ ਦੀ ਖ਼ੁਸ਼ਬੂ ਹੈ। ਇਸੇ ਭਾਵਨਾ ਨਾਲ ਅੱਗੇ ਵਧਣਾ ਹੀ ਸਰਦਾਰ ਵੱਲਭਭਾਈ ਪਟੇਲ ਪ੍ਰਤੀ ਸੱਚੀ ਸ਼ਰਧਾਂਜਲੀ ਹੈ।

ਇਸ ਮੌਕੇ 'ਤੇ ਸਾਬਕਾ ਵਿਧਾਇਕ ਸ੍ਰੀ ਦੁੜਾ ਰਾਮ, ਆਈਜੀ ਸ੍ਰੀ ਪੰਕਜ ਨੈਨ, ਡਿਪਟੀ ਕਮਿਸ਼ਨਰ ਡਾ. ਵਿਵੇਕ ਭਾਰਤੀ, ਐਸਪੀ ਸ੍ਰੀ ਸਿਧਾਂਤ ਜੈਨ, ਚੇਅਰਮੈਨ ਸ੍ਰੀ ਭਾਰਤ ਭੂਸ਼ਣ ਮਿੱਡਾ, ਸ੍ਰੀ ਸੁਰੇਂਦਰ ਆਰਿਆ, ਜ਼ਿਲ੍ਹਾ ਪਰਿਸ਼ਦ ਚੇਅਰਮੈਨ ਸ੍ਰੀ ਸੁਮਨ ਖੀਚੜ, ਵਧੀਕ ਡਿਪਟੀ ਸ੍ਰੀ ਅਨੁਰਾਗ ਢਾਲਿਆ, ਐਸਡੀਐਮ ਸ੍ਰੀ ਆਕਾਸ਼ ਸ਼ਰਮਾ, ਭਾਜਪਾ ਜ਼ਿਲ੍ਹਾ ਪ੍ਰਧਾਨ ਪ੍ਰਵੀਨ ਜੋੜਾ ਵੀ ਮੌਜੂਦ ਸਨ।

# ਵਧੀਕ ਡਾਇਰੈਕਟਰ ਹਰਜੀਤ ਗਰੇਵਾਲ ਅਤੇ ਡਿਪਟੀ ਡਾਇਰੈਕਟਰ ਹਰਦੀਪ ਸਿੰਘ ਨੂੰ ਸੇਵਾਮੁਕਤੀ 'ਤੇ ਨਿੱਘੀ ਵਿਦਾਇਗੀ



**ਚੰਡੀਗੜ੍ਹ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਚਨਾ ਤੇ ਲੋਕ ਸੰਪਰਕ ਵਿਭਾਗ (ਡੀ.ਆਈ.ਪੀ.ਆਰ.), ਪੰਜਾਬ ਦੇ ਅਧਿਕਾਰੀਆਂ ਵੱਲੋਂ ਵਧੀਕ ਡਾਇਰੈਕਟਰ ਸ. ਹਰਜੀਤ ਸਿੰਘ ਗਰੇਵਾਲ ਅਤੇ ਡਿਪਟੀ ਡਾਇਰੈਕਟਰ (ਆਰਟ) ਸ. ਹਰਦੀਪ ਸਿੰਘ ਨੂੰ ਉਨ੍ਹਾਂ ਦੀ ਸੇਵਾਮੁਕਤੀ 'ਤੇ ਨਿੱਘੀ ਵਿਦਾਇਗੀ ਦਿੱਤੀ ਗਈ।

ਵਿਭਾਗ ਵੱਲੋਂ ਰੱਖੇ ਗਏ ਸੇਵਾਮੁਕਤੀ ਸਮਾਗਮ ਵਿੱਚ ਮੁੱਖ ਮੰਤਰੀ ਦੇ ਓਐਸਡੀ (ਮੀਡੀਆ) ਸ੍ਰੀ ਅਮਨਜੋਤ ਸਿੰਘ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਸਕੱਤਰ ਸ੍ਰੀ ਰਾਮਵੀਰ, ਡਾਇਰੈਕਟਰ ਸ੍ਰੀ ਵਿਮਲ ਸੇਤੀਆ, ਵਧੀਕ ਡਾਇਰੈਕਟਰ (ਪ੍ਰਬੰਧ) ਸ੍ਰੀ ਸੰਦੀਪ ਸਿੰਘ ਗੜ੍ਹਾ, ਵਧੀਕ ਡਾਇਰੈਕਟਰ ਸ. ਰਣਦੀਪ ਸਿੰਘ ਆਹਲੂਵਾਲੀਆ, ਜਾਇੰਟ ਡਾਇਰੈਕਟਰ ਸ. ਪ੍ਰੀਤਕੰਵਲ ਸਿੰਘ ਅਤੇ ਸ. ਮਨਵਿੰਦਰ ਸਿੰਘ, ਡਿਪਟੀ ਡਾਇਰੈਕਟਰ ਸ. ਗੁਰਮੀਤ ਸਿੰਘ ਖਹਿਰਾ, ਸ੍ਰੀਮਤੀ ਰੁਚੀ ਕਾਲੜਾ, ਸ. ਨਵਦੀਪ ਸਿੰਘ ਗਿੱਲ, ਸ. ਪ੍ਰਭਦੀਪ ਸਿੰਘ ਨੱਥੋਵਾਲ ਅਤੇ ਵਿਭਾਗ ਦੇ ਪੀ.ਆਰ.ਓਜ਼ ਸਮੇਤ ਸੀਨੀਅਰ ਅਧਿਕਾਰੀ ਸ਼ਾਮਲ ਹੋਏ, ਜਿਨ੍ਹਾਂ ਨੇ ਵਿਭਾਗ ਲਈ ਦੋਵਾਂ ਅਧਿਕਾਰੀਆਂ ਦੇ ਸ਼ਾਨਦਾਰ ਯੋਗਦਾਨ ਨੂੰ ਚੇਤੇ ਕਰਦਿਆਂ ਉਨ੍ਹਾਂ ਨੂੰ ਭਵਿੱਖ ਲਈ ਸ਼ੁਭ ਇੱਛਾਵਾਂ ਦਿੱਤੀਆਂ।ਵਿਭਾਗ ਵਿੱਚ 24 ਸਾਲਾਂ ਦੀ ਸ਼ਾਨਦਾਰ ਸੇਵਾ ਨਿਭਾ ਕੇ ਸੇਵਾਮੁਕਤ ਹੋਏ ਸ. ਹਰਜੀਤ ਸਿੰਘ ਗਰੇਵਾਲ ਅਤੇ ਵਿਭਾਗ ਵਿੱਚ 35 ਸਾਲ ਦੇ ਸੇਵਾਕਾਲ ਨਿਭਾਉਣ ਵਾਲੇ ਸ. ਹਰਦੀਪ ਸਿੰਘ ਦੀ ਉਨ੍ਹਾਂ ਦੇ ਸਮਰਪਣ, ਮਿਹਨਤ ਅਤੇ ਪ੍ਰਬੰਧਕੀ ਸੂਝ-ਬੂਝ ਲਈ ਭਰਵੀਂ ਸ਼ਲਾਘਾ ਕੀਤੀ ਗਈ।

ਸ. ਗਰੇਵਾਲ ਅਤੇ ਸ. ਹਰਦੀਪ ਸਿੰਘ ਦੇ ਡੀਆਈਪੀਆਰ ਵਿੱਚ ਲੰਬੇ ਯੋਗਦਾਨ ਦੀ ਪ੍ਰਸ਼ੰਸਾ ਕਰਦਿਆਂ ਵਿਭਾਗ ਦੇ ਸਕੱਤਰ ਸ੍ਰੀ ਰਾਮਵੀਰ ਨੇ ਉਨ੍ਹਾਂ ਨੂੰ ਸੇਵਾਮੁਕਤੀ ਤੋਂ ਬਾਅਦ ਦੇ ਜੀਵਨ ਅਤੇ ਚੰਗੇਰੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਇਸ ਮੌਕੇ ਦੋਵਾਂ ਅਧਿਕਾਰੀਆਂ ਨੂੰ ਉਨ੍ਹਾਂ ਦੇ ਸ਼ਾਨਦਾਰ ਕਾਰਜਕਾਲ ਲਈ ਵਿਭਾਗ ਵੱਲੋਂ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

# ਲੇਖ ਮੁਕਾਬਲੇ ਕਰਵਾਏ

**ਸ਼ਾਹਬਾਦ ਮਾਰਕੰਡਾ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਰਾਜ ਵਿਗਿਆਨ, ਨਵੀਨਤਾ ਤੇ ਤਕਨਾਲੋਜੀ ਪਰਿਸ਼ਦ ਪੰਚਕੂਲਾ ਤੇ ਸਿੱਖਿਆ ਵਿਭਾਗ ਦੇ ਸਾਂਝੇ ਪ੍ਰਬੰਧ ਹੇਠ ਸਰਕਾਰੀ ਮਾਡਲ ਸੰਸਕ੍ਰਿਤੀ ਸੀਨੀਅਰ ਸੈਕੰਡਰੀ ਸਕੂਲ ਕੁਰੂਕਸ਼ੇਤਰ ਵਿੱਚ ਜ਼ਿਲ੍ਹਾ ਪੱਧਰੀ ਵਿਗਿਆਨ ਲੇਖ ਲਿਖਣ ਮੁਕਾਬਲਾ ਕਰਵਾਇਆ ਗਿਆ। ਜ਼ਿਲ੍ਹਾ ਸਿੱਖਿਆ ਅਧਿਕਾਰੀ ਵਿਨੋਦ ਕੌਸ਼ਿਕ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ। ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਦੇ ਨੌਵੀਂ ਤੋਂ 12ਵੀਂ ਤਕ ਦੇ ਵਿਦਿਆਰਥੀਆਂ ਨੇ ਮੁਕਾਬਲੇ ਵਿਚ ਹਿੱਸਾ ਲਿਆ।

ਵਿਨੋਦ ਕੌਸ਼ਿਕ ਨੇ ਮੁਕਾਬਲੇ ਦਾ ਉਦਘਾਟਨ ਕੀਤਾ। ਜ਼ਿਲ੍ਹਾ ਵਿਗਿਆਨ ਮਾਹਿਰ ਡਾ. ਤਰਸੇਮ ਕੌਸ਼ਿਕ ਨੇ ਦੱਸਿਆ ਕਿ ਇਸ 'ਚ 150 ਵਿਦਿਆਰਥੀਆਂ ਨੇ ਹਿੱਸਾ ਲਿਆ। ਸਾਰੇ ਲੇਖਾਂ ਦਾ ਮੁਲਾਂਕਣ ਕਰਨ ਮਗਰੋਂ ਦਸ ਵਿਦਿਆਰਥੀਆਂ ਨੂੰ ਜ਼ਿਲ੍ਹਾ ਪੱਧਰ 'ਤੇ ਚੁਣਿਆ ਜਾਵੇਗਾ, ਜੋ ਸੂਬਾ ਪੱਧਰੀ ਮੁਕਾਬਲੇ ਵਿਚ ਹਿੱਸਾ ਲੈਣਗੇ। ਸੂਬਾ ਪੱਧਰ ਤੇ ਜੇਤੂਆਂ ਨੂੰ ਪਹਿਲੇ ਸਥਾਨ ਤੇ ਰਹਿਣ ਵਾਲੇ ਨੂੰ 10 ਹਜ਼ਾਰ, ਦੂਜਾ ਇਨਾਮ 8 ਹਜ਼ਾਰ ਤੇ ਤੀਜਾ ਇਨਾਮ ਛੇ ਹਜ਼ਾਰ ਰੁਪਏ ਦਿੱਤਾ ਜਾਵੇਗਾ।

# ਮਾਲਕਾਂ ਨੂੰ ਮੋਬਾਈਲ ਸੌਂਪੇ



**ਜੀਂਦ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜੀਂਦ ਪੁਲੀਸ ਦੀ ਸਾਈਬਰ ਸੁਰਖਿਆ ਸਾਖਾ ਵੱਲੋਂ ਗੁੰਮ ਹੋਏ 45 ਮੋਬਾਈਲ ਫੋਨ ਲੱਭ ਕੇ ਅਸਲ ਮਾਲਕਾਂ ਹਵਾਲੇ ਕੀਤੇ ਗਏ ਹਨ। ਐੱਸ ਪੀ ਕੁਲਦੀਪ ਸਿੰਘ ਨੇ ਦੱਸਿਆ ਕਿ ਮਾਲਕਾਂ ਨੂੰ 45 ਮੋਬਾਈਲ ਫੋਨ ਸੌਂਪੇ ਗਏ, ਜਿਹੜੇ ਲੋਕ ਫੋਨ ਲੈਣ ਥਾਣੇ ਨਹੀਂ ਆ ਸਕੇ, ਉਨ੍ਹਾਂ ਨੂੰ ਘਰ ਭੇਜ ਦਿੱਤੇ ਜਾਣਗੇ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਮਿਲੀਆਂ ਸ਼ਿਕਾਇਤਾਂ ਦੇ ਅਧਾਰ 'ਤੇ ਕਾਰਵਾਈ ਕਰਦਿਆਂ ਜੀਂਦ ਸਾਈਬਰ ਸੁਰੱਖਿਆ ਦੇ ਇੰਚਾਰਜ ਸਬ-ਇੰਸਪੈਕਟਰ ਅਨਮੋਲ ਸਿੰਘ ਦੀ ਅਗਵਾਈ ਹੇਠ ਸਿਪਾਹੀ ਅਨਿਲ ਕੁਮਾਰ ਨੇ ਪਹਿਲੀ ਅਗਸਤ ਤੋਂ ਅਕਤੂਬਰ ਤੱਕ ਦੇ ਜੀਂਦ ਜ਼ਿਲ੍ਹੇ ਵਿੱਚ ਗੁੰਮ ਹੋਏ 45 ਮੋਬਾਈਲ ਫੋਨ ਜਾਂਚ ਦੌਰਾਨ ਬਰਾਮਦ ਕੀਤੇ। ਇਨ੍ਹਾਂ ਮੋਬਾਈਲਾਂ ਦੀ ਕੀਮਤ ਲਗਪਗ 7 15 ਲੱਖ ਰੁਪਏ ਬਣਦੀ ਹੈ। ਉਨ੍ਹਾਂ ਦੱਸਿਆ ਕਿ ਹਰਿਆਣਾ ਸਰਕਾਰ ਵੱਲੋਂ ਮੋਬਾਈਲ ਗੁੰਮਸ਼ੁਦਗੀ ਦੀ ਰਿਪੋਰਟ ਕਰਨ ਅਤੇ ਮੋਬਾਈਲ ਨੂੰ ਬਲਾਕ ਕਰਨ ਸਬੰਧੀ ਪੋਰਟਲ, ਸੈਂਟਰਲ ਇਕੁਇਊਪਮੈਂਟ ਆਇਡੈਂਟਿਟੀ ਰਜਿਸਟਰ-ਸੀ ਈ ਆਈ ਆਰ ਸ਼ੁਰੂ ਕੀਤਾ ਜਾ ਚੁੱਕਿਆ ਹੈ। ਐੱਸ ਪੀ ਕੁਲਦੀਪ ਸਿੰਘ ਨੇ ਦੱਸਿਆ ਕਿ ਮਾਲਕਾਂ ਨੂੰ 45 ਮੋਬਾਈਲ ਫੋਨ ਸੌਂਪੇ ਗਏ, ਜਿਹੜੇ ਲੋਕ ਫੋਨ ਲੈਣ ਥਾਣੇ ਨਹੀਂ ਆ ਸਕੇ, ਉਨ੍ਹਾਂ ਨੂੰ ਘਰ ਭੇਜ ਦਿੱਤੇ ਜਾਣਗੇ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਮਿਲੀਆਂ ਸ਼ਿਕਾਇਤਾਂ ਦੇ ਅਧਾਰ 'ਤੇ ਕਾਰਵਾਈ ਕਰਦਿਆਂ ਜੀਂਦ ਸਾਈਬਰ ਸੁਰੱਖਿਆ ਦੇ ਇੰਚਾਰਜ ਸਬ-ਇੰਸਪੈਕਟਰ ਅਨਮੋਲ ਸਿੰਘ ਦੀ ਅਗਵਾਈ ਹੇਠ ਸਿਪਾਹੀ ਅਨਿਲ ਕੁਮਾਰ ਨੇ ਪਹਿਲੀ ਅਗਸਤ ਤੋਂ ਅਕਤੂਬਰ ਤੱਕ ਦੇ ਜੀਂਦ ਜ਼ਿਲ੍ਹੇ ਵਿੱਚ ਗੁੰਮ ਹੋਏ 45 ਮੋਬਾਈਲ ਫੋਨ ਜਾਂਚ ਦੌਰਾਨ ਬਰਾਮਦ ਕੀਤੇ। ਹੁਣ ਆਮ ਲੋਕ ਘਰ ਬੈਠ ਹੀ ਇਸ ਪੋਰਟਲ 'ਤੇ ਮੋਬਾਈਲ ਦੀ ਗੁੰਮਸ਼ੁਦਗੀ ਸਬੰਧੀ ਰਿਪੋਰਟ ਦਰਜ ਕਰਵਾ ਸਕਦੇ ਹਨ।

# ਭਾਰਤ ਚੋਣ ਕਮਿਸ਼ਨ ਨੇ ਇੰਟਰ ਸਟੇਟ ਸੀਮਾ ਤਿਆਰੀਆਂ ਦੀ ਸਮੀਖਿਆ ਕੀਤੀ

**ਚੰਡੀਗੜ੍ਹ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਸ਼੍ਰੀ ਏ ਸ਼੍ਰੀਨਿਵਾਸ ਨੇ ਦਸਿਆ ਕਿ ਭਾਰਤ ਚੋਣ ਕਮਿਸ਼ਨ ਵੱਲੋਂ ਹਾਲ ਹੀ ਵਿੱਚ ਬਿਹਾਰ ਵਿੱਚ ਹੋਣ ਵਾਲੇ ਵਿਧਾਨਸਭਾ ਚੋਣ ਦੇ ਮੱਦੇਨਜਰ ਇੰਟਰ ਸਟੇਟ ਸੀਮਾਵਾਂ ਨਾਲ ਸਬੰਧਿਤ ਮੁੱਦਿਆਂ 'ਤੇ ਇੱਕ ਤਾਲਮੇਲ ਮੀਅਿੰਗ ਦਾ ਆਯਜਨ ਕੀਤਾ ਗਿਆ। ਇਸ ਮੀਅਿੰਗ ਵਿੱਚ ਬਿਹਾਰ, ਝਾਰਖੰਡ, ਉੱਤਰ ਪ੍ਰਦੇਸ਼ ਅਤੇ ਪੱਛਮ ਬੰਗਾਲ ਦੇ ਮੁੱਖ ਸਕੱਤਰ, ਪੁਲਿਸ ਡਾਇਰੈਕਟਰ ਜਨਰਲ ਅਤੇ ਗ੍ਰਹਿ ਵਿਭਾਗ ਦੇ ਪ੍ਰਧਾਨ ਸਕੱਤਰ ਸਮੇਤ ਗ੍ਰਹਿ ਮੰਤਰਾਲੇ, ਰੇਲ ਮੰਤਰਾਲੇ ਅਤੇ ਵੱਖ-ਵੱਖ ਏਨਫੋਰਸਮੈਂਅ ਏਜੰਸੀਆਂ ਦੇ ਅਧਿਕਾਰੀ ਸ਼ਾਮਿਲ ਹੋਏ।

ਉਨ੍ਹਾਂ ਨੇ ਦਸਿਆ ਕਿ ਭਾਰਤ ਚੋਣ ਕਮਿਸ਼ਨ ਨੇ ਬਿਹਾਰ ਅਤੇ ਉਸ ਨਾਲ ਲਗਦੇ ਗੁਆਂਢੀ ਸੂਬਿਆਂ ਵਿੱਚ ਕਾਨੂੰਨ ਵਿਵਸਥਾ ਦੇ ਹਾਲਾਤ ਦੀ ਵਿਸਤਾਰ ਸਮੀਖਿਆ ਕੀਤੀ, ਤਾਂ ਜੋ ਸੂਬੇ ਵਿੱਚ ਆਉਣ ਵਾਲੇ ਵਿਧਾਨਸਭਾ ਚੋਣ ਲਈ ਇੰਟਰ ਸਟੇਟ ਅਤੇ ਨੇਪਾਲ ਨਾਲ ਲੱਗੀ ਕੌਮਾਂਤਰੀ ਬੋਡਰ ਦੇ ਪਾਰ ਹਥਿਆਰ, ਅਸਮਾਜਿਕ ਤੱਤਵ, ਸ਼ਰਾਬ, ਨਸ਼ੀਲੇ ਪਦਾਰਥ ਅਤੇ ਮੁਫਤ ਉਪਹਾਰਾਂ ਸਮੇਤ ਲੋਕਾਂ, ਸਮੱਗਰੀ ਅਤੇ ਧਨ ਦੀ ਆਵਾਜਾਈ 'ਤੇ ਨਜ਼ਰ ਰੱਖੀ ਜਾ ਸਕੇ।

ਮੀਟਿੰਗ ਦੌਰਾਨ ਮੁੱਖ ਚੋਣ ਕਮਿਸ਼ਨਰ ਸ੍ਰੀ ਗਿਆਨੇਸ਼ ਕੁਮਾਰ ਨੇ ਸੁਤੰਤਰ, ਨਿਰਪੱਖ, ਸ਼ਾਂਤੀਪੂਰਣ ਅਤੇ ਲੋਭ-ਲਾਲਚ ਮੁਕਤ ਚੋਣ ਕਰਾਉਣ ਪ੍ਰਤੀ ਕਮਿਸ਼ਨ ਦੀ ਪ੍ਰਤੀਬੱਧਤਾ ਦੋਹਰਾਈ। ਉਨ੍ਹਾਂ ਨੇ ਸਾਰੇ ਸਬੰਧਿਤ ਅਧਿਕਾਰੀਆਂ ਤੋਂ ਚੋਣ ਪ੍ਰਕ੍ਰਿਆ ਦੀ ਪਵਿੱਤਰਤਾ ਬਣਾਏ ਰੱਖਣ ਤਹਿਤ ਆਪਸੀ ਤਾਲਮੇਲ ਅਤੇ ਪ੍ਰਭਾਵ ਕਾਰਜਪ੍ਰਣਾਲੀ ਅਪਨਾਉਣ ਦੀ ਅਪੀਲ ਕੀਤੀ।

ਕਮਿਸ਼ਨ ਨੇ ਚੋਣ ਦੇ ਦਿਨ ਵੋਟਰਾਂ ਲਈ ਸੁਖਦ ਅਤੇ ਸੁਚਾਰੂ ਤਜਰਬਾ ਯਕੀਨੀ ਕਰਨ ਤਹਿਤ ਵੋਟਰ-ਸਹੂਲਤ ਨਿਰਦੇਸ਼ਾਂ ਦੇ ਪਾਲਣ ਦੀ ਵੀ ਸਮੀਖਿਆ ਕੀਤੀ। ਉਨ੍ਹਾਂ ਨੇ ਕਿਹਾ ਕਿ ਮੁੱਖ ਸਕੱਤਰਾਂ ਅਤੇ ਪੁਲਿਸ ਡਾਇਰੈਕਟਰ ਜਨਰਲਾਂ ਦੇ ਨਾਲ-ਨਾਲ ਕੇਂਦਕੀ ਏਜੰਸੀਆਂ ਦੇ ਪ੍ਰਮੁੱਖਾਂ ਨੂੰ ਬਿਹਾਰ ਵਿਧਾਨਸਭਾ 2025 ਦੇ ਆਮ ਚੋਣ ਨੂੰ ਸ਼ਾਂਤੀਪੂਰਣ ਅਤੇ ਲੋਭ-ਲਾਲਚ ਮੁਕਤ ਯਕੀਨੀ ਕਰਨ ਦੇ ਨਿਰਦੇਸ਼ ਦਿੱਤਾ ਗਿਆ ਹੈ।

ਸ੍ਰੀ ਏ ਸ਼੍ਰੀਨਿਵਾਸ ਨੇ ਦਸਿਆ ਕਿ ਕਮਿਸ਼ਨ ਨੇ ਬਿਹਾਰ, ਝਾਰਖੰਡ, ਉੱਤਰ ਪ੍ਰਦੇਸ਼ ਅਤੇ ਪੱਛਮ ਬੰਗਾਲ ਦੇ ਮੁੱਖ ਸਕੱਤਰਾਂ ਤੇ ਪੁਲਿਸ ਡਾਇਰੈਕਟਰ ਜਨਰਲਾਂ ਅਤੇ ਆਰਮਡ ਫੋਰਸਾਂ ਦੇ ਡਾਇਰੈਕਟਰ ਜਨਰਲ ਨੂੰ ਬਿਹਾਰ ਨਾਲ ਲਗਦੇ ਬੋਡਰਾਂ 'ਤੇ ਚੌਂਕਸੀ ਵਧਾਉਣ ਅਤੇ ਇੰਟਰ ਸਟੇਟ ਨਾਕਿਆਂ 'ਤੇ ਜਾਂਚ ਦੇ ਨਿਰਦੇਸ਼ ਦਿੱਤੇ ਹਨ।

ਉਨ੍ਹਾਂ ਨੇ ਅੱਗੇ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਨਾਰਕੋਟਿਕਸ ਕੰਟਰੋਲ ਬਿਊਰੋ (ਐਨਸੀਬੀ), ਇਨਕਮ ਟੈਕਸ ਵਿਭਾਗ, ਕੇਂਦਰੀ ਵਸਤੂ ਅਤੇ ਸਵੇ ਟੈਕਸ (ਸੀਜੀਐਸਟੀ) ਅਤੇ ਮਾਲ ਖੁਫੀਆ ਮੁੱਖ ਦਫਤਰ (ਡੀਆਰਆਈ) ਸਮੇਤ ਕੇਂਦਰੀ ਏਜੰਸੀਆਂ ਨੂੰ ਚੋਣ ਤੋਂ ਪਹਿਲਾਂ ਯਤਨਾਂ ਨੂੰ ਤੇਜ ਕਰਨ ਅਤੇ ਕਾਰਵਾਈ ਯੋਗ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਵੱਧ ਤੋਂ ਵੱਧ ਜਬਤੀ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

# ਔਰਤਾਂ ਦੇ ਖਾਤਿਆਂ ਪਾਏ ਜਾਣਗੇ 2100 ਰੁਪਏ: ਸੁਮਨ

**ਸ਼ਾਹਬਾਦ ਮਾਰਕੰਡਾ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਪਤਨੀ ਤੇ ਹਰਿਆਣਾ ਰਾਜ ਬਾਲ ਵਿਕਾਸ ਪਰਿਸ਼ਦ ਦੀ ਉਪ ਚੇਅਰਪਰਸ਼ਨ ਸੁਮਨ ਸੈਣੀ ਨੇ ਕਿਹਾ ਕਿ ਮਹਿਲਾ ਸ਼ਕਤੀਕਰਨ ਵਿਚ ਇੱਕ ਹੋਰ ਕਦਮ ਵਧਾਉਂਦਿਆਂ ਹਰਿਆਣਾ ਸਰਕਾਰ ਨੇ 'ਦੀਨ ਦਿਆਲ ਲਾਡੋ ਲਕਸ਼ਮੀ ਯੋਜਨਾ' ਸ਼ੁਰੂ ਕੀਤੀ। ਸਮਾਜਿਕ ਨਿਆਂ ਸ਼ਕਤੀਕਰਨ, ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਭਲਾਈ ਤੇ ਅੰਤੋਦਿਆ ਵਿਭਾਗਾਂ ਰਾਹੀਂ ਹੁਣ ਪਹਿਲੀ ਨਵੰਬਰ ਹਰਿਆਣਾ ਦਿਵਸ ਮੌਕੇ ਇੱਕ ਕਿੱਲਕ ਨਾਲ ਅਰਜ਼ੀ ਦੇਣ ਵਾਲੀਆਂ ਔਰਤਾਂ ਦੇ ਖਾਤਿਆਂ ਵਿਚ 2100 ਰੁਪਏ ਟਰਾਂਸਫਰ ਕੀਤੇ ਜਾਣਗੇ।

ਸੁਮਨ ਸੈਣੀ ਭਾਜਪਾ ਮਹਿਲਾ ਮੋਰਚਾ ਜ਼ਿਲ੍ਹਾ ਕੁਰੂਕਸ਼ੇਤਰ ਦੀ ਜਨਰਲ ਸਕੱਤਰ ਰੀਨਾ ਸੈਣੀ ਦੇ ਨਿਵਾਸ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੀ ਸੀ। ਉਨ੍ਹਾਂ ਕਿਹਾ ਕਿ ਸੂਬੇ ਵਿਚ ਭਾਜਪਾ ਸਰਕਾਰ ਦੇ ਸੱਤਾ ਵਿਚ ਆਉਣ ਤੋਂ ਪਹਿਲਾਂ ਸਰਕਾਰੀ ਨੌਕਰੀਆਂ ਦੀ ਨਿਲਾਮੀ ਕੀਤੀ ਜਾਂਦੀ ਸੀ ਮਜਦੂਰਾਂ, ਕਿਸਾਨਾਂ, ਵਪਾਰੀਆਂ ਦੇ ਯੋਗ ਬੱਚਿਆਂ ਨੂੰ ਵੀ ਅਕਸਰ ਅਯੋਗ ਠਹਿਰਾਇਆ ਜਾਂਦਾ ਸੀ।

ਭਾਜਪਾ ਸਰਕਾਰ ਵਿਚ ਯੋਗਤਾ ਦੇ ਆਧਾਰ ਤੇ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੇ ਗੰਨਾ ਕਿਸਾਨਾਂ ਦੇ ਹਿੱਤ ਵਿਚ ਫ਼ੈਸਲਾ ਲੈਂਦਿਆਂ ਸੂਬੇ ਵਿਚ ਗੰਨੇ ਦਾ ਭਾਅ 415 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਹੈ ਜੋ ਕਿ ਦੇਸ਼ ਵਿਚ ਸਭ ਤੋਂ ਵੱਧ ਹੈ। ਉਨ੍ਹਾਂ ਕਿਹਾ ਕਿ ਸਮਾਜਿਕ ਸੁਰੱਖਿਆ ਪੈਨਸ਼ਨ ਤਿੰਨ ਹਜ਼ਾਰ ਤੋਂ ਵਧਾ ਕੇ 32 ਸੌ ਰੁਪਏ ਕੀਤੀ ਹੈ।

ਇਸ ਮੌਕੇ ਪਰਮਜੀਤ ਕੌਰ ਕਸ਼ਯਪ, ਨੇਹਾ ਸੈਣੀ, ਭਾਜਪਾ ਮੰਡਲ ਬਾਬੈਨ ਦੇ ਪ੍ਰਧਾਨ ਵਿਕਾਸ ਸ਼ਰਮਾ, ਮਾਰਕੀਟ ਕਮੇਟੀ ਦੇ ਚੇਅਰਮੈਨ ਜਸਵਿੰਦਰ ਜੱਸੀ, ਡਿੰਪਲ ਸੈਣੀ, ਸ਼ਿਵ ਦਿਆਲ ਜੰਡੋਲਾ, ਸੁਖਬੀਰ ਖਿੜਕੀ ਆਦਿ ਮੌਜੂਦ ਸਨ।

# ਪੁਲੀਸ ਮੁਕਾਬਲੇ ਤੋਂ ਬਾਅਦ ਪੰਜ ਹਥਿਆਰਬੰਦ ਕਾਬੂ

**ਰੋਹਤਕ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰੋਹਤਕ ਪੁਲੀਸ ਦੀ ਸੀ.ਆਈ.ਏ.-1 ਟੀਮ ਨੇ ਸ਼ੁੱਕਰਵਾਰ ਤੜਕੇ ਜੱਸਿਆ-ਧਮਾਰ ਸੜਕ 'ਤੇ ਗੋਲੀਬਾਰੀ ਤੋਂ ਬਾਅਦ ਪੰਜ ਹਥਿਆਰਬੰਦ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਹੈ।

ਇਹ ਮੁਕਾਬਲਾ ਸਵੇਰੇ 5:10 ਵਜੇ ਦੇ ਕਰੀਬ ਹੋਇਆ ਜਦੋਂ ਪੁਲੀਸ ਟੀਮ ਰੁਟੀਨ ਗਸ਼ਤ ਡਿਊਟੀ 'ਤੇ ਸੀ। ਦੱਸਿਆ ਜਾਂਦਾ ਹੈ ਕਿ ਗੋਲੀਬਾਰੀ ਦੌਰਾਨ ਇੱਕ ਮੁਲਜ਼ਮ ਜ਼ਖ਼ਮੀ ਹੋ ਗਿਆ ਹੈ।

ਮੁਲਜ਼ਮਾਂ ਦੀ ਪਛਾਣ ਸਾਹਿਲ ਅਤੇ ਮੋਹਿਤ ਉਰਫ਼ ਕਾਲਾ ਵਾਸੀ ਖੇੜੀ ਸਾਂਪਲਾ, ਪ੍ਰਵੀਨ, ਗੌਰਵ ਸ਼ਰਮਾ ਅਤੇ ਸੰਨੀ ਉਰਫ਼ ਚਮਰਾ ਵਾਸੀ ਸਾਂਪਲਾ ਵਜੋਂ ਹੋਈ ਹੈ।

ਸੂਤਰਾਂ ਅਨੁਸਾਰ ਪੁਲੀਸ ਕਰਮਚਾਰੀਆਂ ਨੇ ਪੰਜ ਵਿਅਕਤੀਆਂ ਨੂੰ ਲੈ ਕੇ ਜਾ ਰਹੀ ਇੱਕ ਸ਼ੱਕੀ ਬਲੈਨੋ ਕਾਰ ਨੂੰ ਦੇਖਿਆ। ਜਦੋਂ ਟੀਮ ਜਾਂਚ ਲਈ ਵਾਹਨ ਦੇ ਨੇੜੇ ਪਹੁੰਚੀ, ਤਾਂ ਕਾਰ ਸਵਾਰਾਂ ਨੇ ਕਥਿਤ ਤੌਰ 'ਤੇ ਪੁਲੀਸ 'ਤੇ ਗੋਲੀਬਾਰੀ ਕਰ ਦਿੱਤੀ। ਆਤਮ-ਰੱਖਿਆ ਵਿੱਚ ਪੁਲੀਸ ਨੇ ਜਵਾਬੀ ਕਾਰਵਾਈ ਕੀਤੀ ਅਤੇ ਇਸ ਦੌਰਾਨ ਇੱਕ ਮੁਲਜ਼ਮ ਦੀ ਸੱਜੀ ਲੱਤ ਵਿੱਚ ਗੋਲੀ ਲੱਗੀ।

ਸੂਤਰਾਂ ਨੇ ਕਿਹਾ, ਪੰਜੇ ਸ਼ੱਕੀਆਂ ਨੂੰ ਮੌਕੇ 'ਤੇ ਹੀ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ ਦੇ ਕਬਜ਼ੇ @ਚੋਂ ਇੱਕ ਦੇਸੀ ਪਿਸਤੌਲ, ਤਿੰਨ ਜ਼ਿੰਦਾ ਕਾਰਤੂਸ, ਇੱਕ ਤਲਵਾਰ, ਤਿੰਨ ਸੋਟੀਆਂ ਅਤੇ ਇੱਕ ਬਲੈਨੋ ਕਾਰ ਬਰਾਮਦ ਕੀਤੀ ਹੈ।

ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਤਿੰਨ ਵਿਅਕਤੀਆਂ ਦਾ ਅਪਰਾਧਿਕ ਪਿਛੋਕੜ ਹੈ, ਜਿਨ੍ਹਾਂ ਖ਼ਿਲਾਫ਼ ਕਤਲ ਦੀ ਕੋਸ਼ਿਸ਼, ਲੁੱਟ-ਖੋਹ, ਖੋਹ ਅਤੇ ਅਸਲਾ ਐਕਟ ਦੀ ਉਲੰਘਣਾ ਦੇ ਦੋਸ਼ਾਂ ਤਹਿਤ ਕਈ ਕੇਸ ਦਰਜ ਹਨ।

ਸੂਤਰਾਂ ਨੇ ਅੱਗੇ ਦੱਸਿਆ ਕਿ ਪੁੱਛਗਿੱਛ ਦੌਰਾਨ ਇਹ ਖੁਲਾਸਾ ਹੋਇਆ ਕਿ ਇਹ ਸਮੂਹ ਕਥਿਤ ਤੌਰ @ਤੇ ਦੋ ਵਿਅਕਤੀਆਂ—ਅਕਸ਼ੈ, ਜੋ ਇਸ ਸਮੇਂ ਵਿਦੇਸ਼ ਵਿੱਚ ਰਹਿ ਰਿਹਾ ਹੈ, ਅਤੇ ਝੱਜਰ ਦੇ ਨਰੇਸ਼ ਦੇ ਨਿਰਦੇਸ਼ਾਂ @ਤੇ ਕੰਮ ਕਰ ਰਿਹਾ ਸੀ।

ਦੱਸਿਆ ਜਾਂਦਾ ਹੈ ਕਿ ਮੁਲਜ਼ਮਾਂ ਨੂੰ ਇੱਕ ਸਥਾਨਕ ਕਾਰੋਬਾਰੀ ਦੀ ਕੱਪੜੇ ਦੀ ਦੁਕਾਨ 'ਤੇ ਗੋਲੀਬਾਰੀ ਕਰਨ ਦਾ ਕੰਮ ਸੌਂਪਿਆ ਗਿਆ ਸੀ। ਸੂਤਰਾਂ ਨੇ ਅੱਗੇ ਕਿਹਾ ਕਿ ਯੋਜਨਾਬੱਧ ਹਮਲੇ ਦੇ ਪਿੱਛੇ ਦੇ ਨੈੱਟਵਰਕ ਅਤੇ ਮਨੋਰਥਾਂ ਦਾ ਪਤਾ ਲਗਾਉਣ ਲਈ ਅਗਲੇਰੀ ਜਾਂਚ ਜਾਰੀ ਹੈ।

# ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ

**ਮੁੱਲਾਂਪੁਰ ਗਰੀਬਦਾਸ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਪਾਰਟੀ ਦੇ ਹਲਕਾ ਖਰੜ ਤੋਂ ਇੰਚਾਰਜ ਵਿਜੈ ਕੁਮਾਰ ਸ਼ਰਮਾ ਟਿੰਕੂ ਨੇ ਮੁੱਲਾਂਪੁਰ ਗਰੀਬਦਾਸ ਨਿਊ ਚੰਡੀਗੜ੍ਹ ਇਲਾਕੇ ਦੇ ਕਈ ਪਿੰਡਾਂ ਵਿੱਚ ਲੋਕਾਂ ਨਾਲ ਮੁਲਾਕਾਤ ਕਰਦਿਆਂ ਉਨ੍ਹਾਂ ਦੀਆਂ ਮੁਸ਼ਕਲਾਂ ਸੁਣੀਆਂ।

ਪਿੰਡ ਜੈਯੰਤੀ ਮਾਜਰੀ, ਗੁੜਾ, ਕਸੌਲੀ, ਕਰੌਂਦੇਵਾਲਾ ਵਿੱਚ ਗੱਲਬਾਤ ਕਰਦਿਆਂ ਟਿੰਕੂ ਸ਼ਰਮਾ ਨੇ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਆਦਮੀ ਦੀ ਸਰਕਾਰ ਤੋਂ ਲੋਕਾਂ ਦਾ ਮੋਹ ਭੰਗ ਹੋ ਚੁੱਕਾ ਹੈ।

ਉਨ੍ਹਾਂ ਕਿਹਾ ਕਿ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਨਹੀਂ ਕੀਤਾ ਜਾ ਰਿਹਾ ਹੈ

ਜਿਸ ਕਾਰਨ ਲੋਕ 'ਆਪ' ਤੋਂ ਖ਼ਫ਼ਾ ਹਨ।

ਇਸ ਮੌਕੇ ਇਲਾਕੇ ਦੇ ਮੋਹਤਬਰ ਹਾਜ਼ਰ ਸਨ।

# ਸਰਬ ਸਾਂਝੇ ਰਹਿਬਰ ਸ੍ਰੀ ਗੁਰੂ ਨਾਨਕ ਦੇਵ ਜੀ



ਐਡਵੋਕੇਟ ਹਰਜਿੰਦਰ ਸਿੰਘ ਧਾਮੀ
ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਸ੍ਰੀ ਗੁਰੂ ਨਾਨਕ ਦੇਵ ਜੀ ਮਨੁੱਖਤਾ ਦੇ ਸਰਬ-ਸਾਂਝੇ ਗੁਰੂ ਹਨ। ਆਪ ਦੀ ਵਿਚਾਰਧਾਰਾ ਤੇ ਉਪਦੇਸ਼ਾਂ ਦਾ ਆਧਾਰ ਅਧਿਆਤਮਿਕ, ਸਮਾਜਿਕ ਤੇ ਭਾਵਨਾਤਮਕ ਏਕਤਾ ਹੈ। ਆਪ ਨੇ ਆਪਣੀ ਪਾਵਨ ਗੁਰਬਾਣੀ ਅੰਦਰ ਜੀਵਨ ਦੇ ਹਰ ਪੱਖ ਨਾਲ ਸਬੰਧਤ ਭਾਰਤੀ ਦਰਸ਼ਨ 'ਚ ਪ੍ਰਚਲਿਤ ਕਦਰਾਂ-ਕੀਮਤਾਂ ਦੀ ਪੜਚੋਲ ਕਰਨ ਤੋਂ ਬਾਅਦ ਇਨ੍ਹਾਂ ਨੂੰ ਨਵੇਂ ਸਿਰਿਉਂ ਸੰਗਠਿਤ ਕੀਤਾ। ਇਸੇ ਲਈ ਭਾਰਤੀ ਦਰਸ਼ਨ ਦੇ ਇਤਿਹਾਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨਿਵੇਕਲਾ ਤੇ ਪ੍ਰਥਮ ਸਥਾਨ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਰਮ ਨੂੰ ਕਰਮਕਾਂਡ ਤੋਂ ਵੱਖ ਕਰ ਕੇ ਸਮਾਜ ਵਿਚ ਧਰਮ ਦਾ ਸਹੀ ਸਥਾਨ ਨਿਸ਼ਚਿਤ ਕੀਤਾ ਅਤੇ ਧਰਮ ਤੇ ਸਮਾਜ ਦੀ ਇਕ-ਦੂਜੇ 'ਤੇ ਪਰਸਪਰ ਨਿਰਭਰਤਾ ਨੂੰ ਸਪਸ਼ਟ ਕੀਤਾ। ਇਹ ਇਸ ਲਈ ਵੱਡੇ ਅਰਥ ਰੱਖਦਾ ਹੈ ਕਿਉਂਕਿ ਉਸ ਸਮੇਂ ਧਰਮ ਦੀਆਂ ਧਾਰਨਾਵਾਂ ਨਾਲ ਕਰਮਕਾਂਡ ਸਹਿਵਨ ਹੀ ਜੋੜੇ ਜਾ ਰਹੇ ਸਨ। ਉਨ੍ਹਾਂ ਭਾਰਤੀ ਸਮਾਜ ਦੀਆਂ ਸਮੱਸਿਆਵਾਂ ਦਾ ਵਿਸ਼ਲੇਸ਼ਣ ਕਰ ਕੇ ਉਨ੍ਹਾਂ ਦੇ ਢੁੱਕਵੇਂ, ਸਾਵੇਂ ਤੇ ਸਪਸ਼ਟ ਹੱਲ ਦੱਸੇ। ਭਾਰਤੀ ਧਾਰਮਿਕ ਖੇਤਰ ਤੇ ਧਰਮ ਦਰਸ਼ਨ ਵਿਚ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਅਜਿਹੇ ਯਤਨ ਕਿਸੇ ਹੋਰ ਨੇ ਕੀਤੇ ਹੋਣ ਇਸ ਦੀਆਂ ਉਦਾਹਰਣਾਂ ਨਾਮਾਤਰ ਹਨ। ਗੁਰੂ ਸਾਹਿਬ ਦੀ ਬਾਣੀ ਪੜ੍ਹਿਆਂ ਤੇ ਵਿਚਾਰਿਆਂ ਪਤਾ ਲੱਗਦਾ ਹੈ ਕਿ ਉਨ੍ਹਾਂ ਨੇ ਧਾਰਮਿਕ ਸਰੋਕਾਰਾਂ ਦੇ ਨਾਲ-ਨਾਲ ਸਮਾਜਿਕ, ਆਰਥਿਕ, ਰਾਜਨੀਤਿਕ, ਵਿਗਿਆਨਕ, ਵਿਉਪਾਰਕ ਆਦਿ ਹਰ ਖੇਤਰ 'ਚ ਮੁਕੰਮਲ ਸੇਧ ਦੇ ਕੇ ਮਨੁੱਖ ਦੀ ਹੋਣੀ ਸੰਵਾਰਨ ਲਈ ਸੁਚੱਜੀ ਜੀਵਨ ਜਾਂਚ ਦਿੱਤੀ।

ਗੁਰੂ ਸਾਹਿਬ ਤੋਂ ਪਹਿਲਾਂ ਭਾਰਤੀ ਦਰਸ਼ਨ ਵਿਚ ਦੂਸਰੇ ਦੀ ਵਿਚਾਰਧਾਰਾ ਨੂੰ ਰੱਦ ਕਰ ਕੇ ਆਪਣਾ ਮਤ ਸਥਾਪਿਤ ਕਰਨ ਦੀ ਪਿਰਤ ਸਮਾਜ ਲਈ ਬੜੀ ਘਾਤਕ ਸੀ ਪਰ ਜਦੋਂ ਅਸੀਂ ਗੁਰੂ ਸਾਹਿਬ ਦੀ ਬਾਣੀ ਪੜ੍ਹਦੇ ਹਾਂ ਤਾਂ ਪਤਾ ਚੱਲਦਾ ਹੈ ਕਿ ਗੁਰੂ ਸਾਹਿਬ ਨੇ ਦੂਸਰੇ ਦੀ ਵਿਚਾਰਧਾਰਾ ਨੂੰ ਰੱਦ ਕਰਨ 'ਤੇ ਹੀ ਜ਼ੋਰ ਨਹੀਂ ਦਿੱਤਾ ਸਗੋਂ ਆਪਣੇ ਢੰਗ ਨਾਲ ਉਸ ਦੀ ਵਿਆਖਿਆ ਕਰ ਕੇ ਸਹੀ ਦਿਸ਼ਾ ਵੀ ਪ੍ਰਦਾਨ ਕੀਤੀ। ਉਨ੍ਹਾਂ ਜੋਗੀ, ਸੰਨਿਆਸੀ, ਵੈਸ਼ਨਵ, ਸ਼ੈਵ, ਨਾਥ-ਪੰਥੀ, ਸਿੱਧ, ਪੀਰ ਆਦਿ ਸਭ ਵਿਚ ਜਿੱਥੇ ਕਿਤੇ ਕਮਜ਼ੋਰੀ ਦੇਖੀ, ਉੱਥੇ ਆਲੋਚਨਾ ਦੇ ਨਾਲ-ਨਾਲ ਸਹੀ ਮਾਰਗ ਦਰਸ਼ਨ ਵੀ ਕੀਤਾ। ਉਨ੍ਹਾਂ ਵੱਖ-ਵੱਖ ਧਰਮਾਂ ਦੇ ਅਗੂਆਂ ਨਾਲ ਕੀਤੀਆਂ ਗੋਸਟੀਆਂ ਵਿਚ ਹਰੇਕ ਦੇ ਸਵਾਲਾਂ ਦੇ ਜਵਾਬ ਦਿੱਤੇ। ਇਸ ਤਰ੍ਹਾਂ ਗੁਰੂ ਸਾਹਿਬ ਇਕ ਸੰਤੁਲਿਤ ਦਾਰਸ਼ਨਿਕ ਦੇ ਰੂਪ ਵਿਚ ਪ੍ਰਗਟ ਹੋਏ, ਜਿਸ ਦੀ ਭਾਰਤੀ ਧਰਮ ਦਰਸ਼ਨ 'ਚ ਘਾਟ ਸੀ।

ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ ਵਿਚਾਰਦਿਆਂ ਸੱਜਰੀ ਰੌਸ਼ਨੀ ਦ੍ਰਿਸ਼ਟੀਗੋਚਰ ਹੁੰਦੀ ਹੈ। ਗੁਰੂ ਸਾਹਿਬ ਨੇ ਊਚ-ਨੀਚ ਤੇ ਜਾਤ-ਪਾਤ ਦੇ ਵਿਤਕਰੇ ਦੀ ਨਿਖੇਧੀ ਕੀਤੀ। ਇਸ ਤੋਂ ਵੀ ਅਗਲੀ ਗੱਲ ਕਿ ਇਸ ਨੂੰ ਧਰਮ ਦੀਆਂ ਧਾਰਨਾਵਾਂ ਵਜੋਂ ਲੋਕਾਂ 'ਤੇ ਠੋਸਿਆਂ ਜਾ ਰਿਹਾ ਸੀ। ਗੁਰੂ ਸਾਹਿਬ ਨੇ ਇਸ ਨੂੰ ਮੂਲੋਂ ਨਕਾਰਿਆ ਤੇ ਮਨੁੱਖੀ ਬਰਾਬਰੀ ਨੂੰ ਪ੍ਰਧਾਨਤਾ ਦਿੱਤੀ। ਗੁਰੂ ਸਾਹਿਬ ਨੇ ਕੇਵਲ ਸਮਾਜ ਨੂੰ ਹੀ ਉਪਦੇਸ਼ ਹੀ ਨਹੀਂ ਕੀਤਾ, ਸਗੋਂ ਇਸ 'ਤੇ ਆਪ ਵੀ ਅਮਲੀ ਰੂਪ 'ਚ ਪਹਿਰਾ ਦਿੱਤਾ। ਆਪ ਫ਼ੁਰਮਾਉਂਦੇ ਹਨ :

*ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥*
*ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥*

ਗੁਰੂ ਸਾਹਿਬ ਨੇ ਇਸਤਰੀ ਦੇ ਹੱਕ ਵਿਚ ਵੀ ਅਵਾਜ਼ ਉਠਾਈ। ਅਸਲ ਵਿਚ ਉਸ ਸਮੇਂ ਹਿੰਦੁਸਤਾਨੀ ਸਮਾਜ ਵਿਚ ਇਸਤਰੀ ਦੀ ਦਸ਼ਾ ਬੜੀ ਮਾੜੀ ਸੀ। ਆਪ ਨੇ ਇਸਤਰੀ ਦੇ ਸਨਮਾਨ ਨੂੰ ਹਕੀਕੀ ਤੌਰ 'ਤੇ ਬਹਾਲ ਕਰਦਿਆਂ ਆਪਣੇ ਪੰਥ ਵਿਚ ਮਰਦ ਦੇ ਬਰਾਬਰ ਖੜ੍ਹਾ ਕੀਤਾ। ਇਸ ਸਬੰਧੀ ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਇਸ ਤਰ੍ਹਾਂ ਫੁਰਮਾਇਆ :

*ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥*
*ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥*
*ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥*
*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥*

ਗੁਰੂ ਨਾਨਕ ਦੇਵ ਜੀ ਨੇ ਵਹਿਮਾਂ-ਭਰਮਾਂ ਦਾ ਖੰਡਨ ਕੀਤਾ, ਨਾਮ ਜਪਣ, ਸੱਚੀ-ਸੁੱਚੀ ਕਿਰਤ ਕਰਨ ਤੇ ਵੰਡ ਛਕਣ ਦਾ ਉਪਦੇਸ਼ ਦਿੱਤਾ। ਗੁਰੂ ਪਾਤਸ਼ਾਹ ਦੇ ਉਪਦੇਸ਼ਾਂ 'ਚੋਂ 'ਸਰਬੱਤ ਦੇ ਭਲੇ' ਦੀ ਭਾਵਨਾ ਉਜਾਗਰ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਸਿੱਖਾਂ ਦੇ ਹੀ ਨਹੀਂ ਸਗੋਂ ਸਮੁੱਚੀ ਮਨੁੱਖਤਾ ਦੇ ਸੱਚੇ ਮਾਰਗ-ਦਰਸ਼ਕ ਸਨ, ਜਿਨ੍ਹਾਂ ਨੇ ਭਰਮ-ਭੁਲੇਖਿਆਂ 'ਚ ਭਟਕ ਰਹੀ ਲੋਕਾਈ ਨੂੰ ਸਹੀ ਰਸਤਾ ਦਿਖਾ ਕੇ ਪਰਮਾਰਥ ਦੇ ਰਾਹ ਤੋਰਿਆ। ਉਨ੍ਹਾਂ ਧਰਮਸ਼ਾਲਾਵਾਂ ਬਣਵਾਈਆਂ, ਲੰਗਰ ਦੀ ਪ੍ਰਥਾ ਕਾਇਮ ਕੀਤੀ ਅਤੇ ਸੰਗਤ-ਪੰਗਤ ਤੇ ਸੇਵਾ-ਸਿਮਰਨ ਆਦਿ ਦੇ ਅਜਿਹੇ ਅਦੁੱਤੀ ਸਿਧਾਂਤ ਮਨੁੱਖਤਾ ਸਾਹਮਣੇ ਰੱਖੇ, ਜੋ ਸਦੀਵੀ ਸੇਧ ਦੇਣ ਵਾਲੇ ਹਨ।

ਗੁਰੂ ਨਾਨਕ ਦੇਵ ਜੀ ਨੇ ਬਾਣੀ ਅੰਦਰ ਮਨੁੱਖ ਦੀ ਮੁਕੰਮਲ ਘਾੜਤ ਘੜਦਿਆਂ ਧਰਮ-ਕਰਮ ਤੇ ਆਚਾਰ-ਵਿਹਾਰ ਨਾਲ ਸਬੰਧਤ ਭਾਰਤੀ ਦਰਸ਼ਨ 'ਚ ਪ੍ਰਚਲਿਤ ਕਦਰਾਂ-ਕੀਮਤਾਂ ਨੂੰ ਨਵੇਂ ਸਿਰਿਉਂ ਸੰਗਠਿਤ ਕੀਤਾ। ਕਈ ਕਦਰਾਂ-ਕੀਮਤਾਂ ਨੂੰ ਤਿਆਗਿਆ, ਕਈਆਂ ਦੇ ਨਕਸ਼ ਤਰਾਸ਼ੇ ਤੇ ਕਈ ਨਵੇਂ ਰਾਹ ਦਿਖਾਏ। ਇਸ ਤਰ੍ਹਾਂ ਗੁਰੂ ਸਾਹਿਬ ਦੀ ਦਾਰਸ਼ਨਿਕ ਵਿਚਾਰਧਾਰਾ ਭਾਰਤੀ ਦਰਸ਼ਨ ਦੇ ਸੰਦਰਭ 'ਚ ਨਿਵੇਕਲੀ ਤੇ ਕਾਰਗਰ ਸਿੱਧ ਹੁੰਦੀ ਹੈ। ਬਹੁਪੱਖੀ ਸ਼ਖ਼ਸੀਅਤ ਤੇ ਵਿਸ਼ਾਲ ਪ੍ਰਤਿਭਾ ਦੇ ਮਾਲਕ ਹੋਣ ਕਰਕੇ ਆਪ ਧਰਮ ਦਰਸ਼ਨ ਸ਼ਾਸਤਰ ਦੇ ਖੇਤਰ ਵਿਚ ਵੀ ਵਿਲੱਖਣ ਤੇ ਮਹਾਨ ਕ੍ਰਾਂਤੀ ਦੇ ਜਨਮਦਾਤਾ ਸਨ। ਗੁਰੂ ਸਾਹਿਬ ਦੀ ਵਿਚਾਰਧਾਰਾ ਤੇ ਉਪਦੇਸ਼ਾਂ ਨੇ ਲੋਕਾਂ ਨੂੰ ਉਸਾਰੂ ਜੀਵਨ ਜਾਚ ਦੇ ਸਨਮੁੱਖ ਕੀਤਾ। ਇਹੀ ਕਾਰਨ ਸੀ ਕਿ ਗੁਰੂ ਸਾਹਿਬ ਦੇ ਵਿਚਾਰਾਂ ਨੂੰ ਲੋਕਾਂ ਨੇ ਪ੍ਰਵਾਨ ਕੀਤਾ।

ਅਖ਼ੀਰ 'ਚ ਕਹਾਂਗਾ ਕਿ ਗੁਰੂ ਸਾਹਿਬ ਦੀ ਵਿਚਾਰਧਾਰਾ ਸਦਾ ਨਿਵੇਕਲੀ ਹੈ, ਜਿਸ ਨੂੰ ਸਿੱਖਾਂ ਤੋਂ ਇਲਾਵਾ ਦੁਨੀਆ ਭਰ ਦੇ ਹਰ ਧਰਮ, ਵਰਗ, ਫ਼ਿਰਕੇ ਨਾਲ ਸਬੰਧਤ ਲੋਕ ਸਤਿਕਾਰਦੇ ਹਨ ਤੇ ਅਗਾਂਹ ਵੀ ਸਤਿਕਾਰਦੇ ਰਹਿਣਗੇ। •

# ਗੁਰੂ ਨਾਨਕ ਦੇਵ ਜੀ ਦਾ ਵਿਅਕਤਿਤਵ




**ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼**



ਪ੍ਰੋ. ਨਵਰੂਪ ਕੌਰ ਮਾਗੋ
98784-55044

ਗੁਰੂ ਨਾਨਕ ਦੇਵ ਜੀ ਇਕ ਮਹਾਨ ਧਰਮ-ਸੁਧਾਰਕ, ਮਹਾਨ ਦੇਸ਼ ਭਗਤ, ਨਖਿੱਧ ਪਰੰਪਰਾਵਾਂ ਦੇ ਵਿਰੋਧੀ ਤੇ ਪ੍ਰਭਾਵਸ਼ਾਲੀ ਯੁੱਗ ਪੁਰਸ਼ ਹਨ। ਉਨ੍ਹਾਂ ਦੀ ਬਾਣੀ ਵਿਸ਼ਾਲ ਜੀਵਨ ਤਜਰਬੇ ਤੇ ਅਧਿਐਨ, ਅਧਿਆਤਮਕ ਰਸ ਨਾਲ ਭਰਪੂਰ ਅਥਾਹ ਸਾਗਰ ਦੀ ਤਰ੍ਹਾਂ ਹੈ, ਜਿਸ ਦੀ ਥਾਹ ਪਾ ਸਕਣਾ ਮਨੁੱਖੀ ਬੁੱਧੀ ਖੇਤਰ ਤੋਂ ਬਾਹਰ ਹੈ। ਭਾਈ ਗੁਰਦਾਸ ਜੀ ਨੇ ਉਨ੍ਹਾਂ ਦੇ ਜਨਮ ਬਾਰੇ ਲਿਖਦੇ ਹਨ :

*ਸਤਿਗੁਰੂ ਨਾਨਕ ਪਰਗਟਿਆ*
*ਮਿਟੀ ਧੁੰਦ ਜਗ ਚਾਨਣ ਹੋਆ॥*
*ਜਿਉ ਕਰ ਸੂਰਜ ਨਿਕਲਿਆ*
*ਤਾਰੇ ਛਪਿ ਅੰਧੇਰ ਪਲੋਆ॥*

ਉਸ ਵੇਲੇ ਧਾਰਮਿਕ ਵਹਿਮ-ਭਰਮ, ਸਮਾਜਿਕ ਅਧੋਗਤੀ, ਸੱਭਿਆਚਾਰਕ ਗਿਰਾਵਟ, ਆਰਥਿਕ ਮੰਦਹਾਲੀ ਤੇ ਰਾਜਨੀਤਿਕ ਅਨਿਆਂ ਸਿਖ਼ਰ 'ਤੇ ਸਨ। ਧਰਮ 'ਖੰਭ' ਲਾ ਕੇ ਉੱਡ ਗਿਆ ਸੀ। ਧਾਰਮਿਕ ਆਗੂ 'ਸਿੱਧ' ਮਾਤ ਲੋਕ ਨੂੰ ਛੱਡ ਕੇ ਸੁਮੇਰ ਪਰਬਤ 'ਤੇ ਜਾ ਲੁਕੇ ਸਨ ਤੇ ਕਾਜ਼ੀ 'ਰਿਸ਼ਵਤੀ' ਹੋ ਚੁੱਕੇ ਸਨ। ਸਮਾਜ ਦੋ ਭਾਗਾਂ 'ਚ ਵੰਡਿਆ ਹੋਇਆ ਸੀ - ਹਿੰਦੂ ਤੇ ਮੁਸਲਮਾਨ। ਹਿੰਦੂ ਊਚ-ਨੀਚ ਦੇ ਆਧਾਰ 'ਤੇ ਆਪਸ 'ਚ ਪਾਟੇ ਹੋਏ ਸਨ। ਮੁਸਲਮਾਨ ਹਾਕਮ ਵਰਗ ਵਿੱਚੋਂ ਸਨ ਪਰ ਇਨ੍ਹਾਂ ਵਿਚ ਕੇਵਲ ਰਾਜ-ਕਾਜ ਨਾਲ ਸਬੰਧਤ ਮੌਲਵੀ ਹੀ ਸੁਖੀ ਸਨ, ਬਾਕੀ ਤਾਂ ਜੂਨ ਭੋਗ ਰਹੇ ਸਨ। ਹਿੰਦੂ ਆਪਣੇ ਸੱਭਿਆਚਾਰ ਨੂੰ ਭੁੱਲ ਕੇ 'ਅਭਾਖਿਆ ਦਾ ਕੁੱਠਾ ਬੱਕਰਾ' ਖਾ ਰਹੇ ਸਨ। ਉਹ 'ਨੀਲੇ ਬਸਤਰ' ਪਾ ਕੇ ਤੇ ਫ਼ਾਰਸੀ ਬੋਲੀ ਬੋਲ ਕੇ ਰਾਜ ਦਰਬਾਰ 'ਚ ਪ੍ਰਵਾਨ ਹੋ ਰਹੇ ਸਨ। ਮਲਕ ਭਾਗੋ ਤੇ ਦੁਨੀ ਚੰਦ ਜਿਹੇ ਪੂੰਜੀਪਤੀ ਗ਼ਰੀਬਾਂ ਦਾ ਖ਼ੂਨ ਚੂਸ ਰਹੇ ਸਨ। 'ਰਾਜੇ ਸ਼ੀਂਹ' ਤੇ 'ਮੁਕੱਦਮ ਕੁੱਤੇ' ਬਣ ਚੁੱਕੇ ਸਨ। ਉਹ ਕਸਾਈ ਬਣ ਕੇ 'ਕਲ ਕਾਤੀ' ਦੁਆਰਾ ਜਨਤਾ ਦੇ ਗਲ਼ ਕੱਟ ਰਹੇ ਸਨ। ਅਜਿਹੀ ਹਾਲਤ ਨੂੰ ਗੁਰੂ ਸਾਹਿਬ ਨੇ ਅੰਤਰ ਧਿਆਨ ਹੋ ਕੇ ਵੇਖਿਆ :

*ਬਾਬਾ ਦੇਖੈ ਧਿਆਨ ਧਰਿ*
*ਜਲਤੀ ਸਭਿ ਪ੍ਰਿਥਵੀ ਦਿਸਿ ਆਈ॥* (ਭਾਈ ਗੁਰਦਾਸ ਜੀ)

ਗੁਰੂ ਸਾਹਿਬ ਦੇ ਖ਼ਾਨਦਾਨੀ ਖ਼ਾਕੇ ਤੇ ਨਜ਼ਰ ਮਾਰਿਆਂ ਪਤਾ ਲੱਗਦਾ ਹੈ ਕਿ ਆਪ ਕੌਰਵਾਂ-ਪਾਂਡਵਾਂ ਦੇ ਵੇਲੇ ਰਾਜਾ ਭੋਜ ਦੇ ਖ਼ਾਨਦਾਨ ਵਿੱਚੋਂ ਸਨ। ਮਹਿਮੂਦ ਗਜ਼ਨਵੀ ਸਮੇਂ ਇਸ ਰਾਜੇ ਦੇ ਖ਼ਾਨਦਾਨ ਵਿੱਚੋਂ ਨਾਥ ਜੀ ਬੇਦੀ ਹੋਏ, ਜਿਨ੍ਹਾਂ ਦੇ ਸਪੁੱਤਰ ਰਾਮ ਨਰਾਇਣ ਬੇਦੀ ਦੇ ਘਰ ਸ਼ਿਵ ਰਾਮ ਦਾਸ ਜਨਮੇ। ਸ਼ਿਵ ਰਾਮ ਦਾਸ ਜੀ ਦੇ ਅੱਗੋਂ ਦੋ ਲੜਕੇ ਕਾਲੂ ਚੰਦ ਤੇ ਲਾਲੂ ਚੰਦ ਹੋਏ ਤੇ ਮਹਿਤਾ ਕਾਲੂ ਚੰਦ ਜੀ ਦੇ ਘਰ ਆਪ ਨੇ ਅਵਤਾਰ ਧਾਰਿਆ।

## ਮੁੱਢਲਾ ਜੀਵਨ

ਆਪ ਮਾਪਿਆਂ ਦੇ ਇਕਲੌਤੇ ਪੁੱਤਰ ਸਨ। ਆਪ ਦੀ ਇਕ ਭੈਣ ਬੇਬੇ ਨਾਨਕੀ ਜੀ ਸਨ, ਜੋ ਆਪ ਨਾਲੋਂ 5 ਸਾਲ ਵੱਡੇ ਸੀ। ਆਪ ਨੇ ਛੋਟੀ ਉਮਰ 'ਚ ਹੀ ਆਪਣੇ ਅਧਿਆਪਕਾਂ ਪੰਡਤ ਗੁਪਾਲ ਦਾਸ (ਹਿੰਦੀ), ਪੰਡਤ ਬਿਰਧ ਨਾਥ (ਸੰਸਕ੍ਰਿਤ) ਤੇ ਮੌਲਵੀ ਕੁਤਬਦੀਨ (ਫ਼ਾਰਸੀ ਦੇ) ਨੂੰ ਅਦੁੱਤੀ ਪ੍ਰਤਿਭਾ ਦੁਆਰਾ ਹੈਰਾਨ ਕਰ ਦਿੱਤਾ। ਆਪ ਨੇ 9 ਸਾਲ ਦੀ ਉਮਰ ਵਿਚ ਪੰਡਤ ਹਰਦਿਆਲ ਨੂੰ ਜੀਵਨ-ਅੰਮ੍ਰਿਤ ਪ੍ਰਦਾਨ ਕਰਨ ਵਾਲੀ ਜਨੇਊ ਪਾਉਣ ਲਈ ਕਿਹਾ :

*ਦਇਆ ਕਪਾਹ, ਸੰਤੋਖ ਸੂਤ, ਜਤ ਗੰਢੀ, ਸਤ ਵਟ॥*
*ਏਹੁ ਜਨੇਊ ਜੀਆ ਕਾ, ਹਈ ਤਾਂ ਪਾਂਡੇ ਘੱਤੁ॥*

ਆਪ ਬਚਪਨ ਤੋਂ ਨਾਮ ਖ਼ੁਮਾਰੀ 'ਚ ਮਸਤ ਰਹਿਣ ਲੱਗੇ। ਮੱਝਾਂ ਚਰਦੀਆਂ ਰਹਿੰਦੀਆਂ, ਆਪ ਮਸਤ ਪਏ ਰਹਿੰਦੇ, ਸੱਪ ਛਾਂ ਕਰਦੇ ਤਾਂ ਜੋ ਆਪ ਨੂੰ ਧੁੱਪ ਦਾ ਤਾਅ ਨਾ ਲੱਗੇ। ਮੱਝਾਂ ਲੋਕਾਂ ਦੇ ਖੇਤ ਉਜਾੜਦੀਆਂ, ਆਪ ਨਿਰੰਕਾਰ ਨਾਲ ਲਿਵ ਲਾਈ ਰੱਖਦੇ, ਉਹੀ (ਨਿਰੰਕਾਰ) ਖੇਤਾਂ ਨੂੰ ਮੁੜ ਹਰਾ ਵੀ ਕਰ ਦੇਂਦਾ। ਆਪ ਦੀ ਵਧ ਰਹੀ ਵੈਰਾਗਮਈ ਅਵਸਥਾ ਨੂੰ ਨਾ ਸਮਝਦਿਆਂ ਵੈਦਾਂ ਨੇ ਦੁਆ-ਦਾਰੂ ਦੁਆਰਾ ਟਿੱਲ ਲਾਇਆ ਪਰ ਰੋਗ ਆਤਮਿਕ ਸੀ, ਸਰੀਰਕ ਹੁੰਦਾ ਤਾਂ ਦਵਾਈ ਕਾਟ ਕਰਦੀ। ਅੰਤ, ਆਪ ਨੂੰ ਬਟਾਲੇ ਦੇ ਬਾਬਾ ਮੂਲ ਚੰਦ ਦੀ ਲੜਕੀ ਨਾਲ ਵਿਆਹ ਦਿੱਤਾ ਗਿਆ। ਇਸ ਤਰ੍ਹਾਂ ਆਪ ਦੀ ਜ਼ਿੰਮੇਵਾਰੀ ਜ਼ਰੂਰ ਵਧ ਗਈ ਪਰ ਆਪ ਵਿਚ ਦੁਨੀਆਦਾਰੀ ਨਾ ਆਈ।

ਇਕ ਵਾਰ ਆਪ ਵੀਹ ਰੁਪਏ ਲੈ ਕੇ ਚੂਹੜਕਾਣੇ ਵਪਾਰ ਲਈ ਗਏ। ਰਸਤੇ 'ਚ ਭੁੱਖੇ ਸਾਧੂਆਂ ਨੂੰ ਖੁਆ ਕੇ ਸੱਚਾ-ਸੁੱਚਾ ਵਪਾਰ ਕਰ ਆਏ। ਆਪ ਦੇ ਘਰ ਦੋ ਸਾਹਿਬਜ਼ਾਦੇ-ਸ੍ਰੀਚੰਦ ਤੇ ਲਖਮੀ ਦਾਸ ਹੋਏ। ਆਪ ਨੂੰ ਭਾਈਆ ਜੈ ਰਾਮ ਜੀ ਦੇ ਕਹਿਣ 'ਤੇ ਨਵਾਬ ਦੌਲਤ ਖ਼ਾਨ ਦਾ ਮੋਦੀ ਬਣਾਇਆ ਗਿਆ। ਆਪ ਇੱਥੋਂ ਮਿਲਦੀ ਤਨਖ਼ਾਹ ਨਾਲ ਗੁਜ਼ਾਰਾ ਕਰਦੇ ਤੇ ਅਲੂਫ਼ੇ (ਕਟੌਤੀ) ਨੂੰ ਮੋਦੀਖ਼ਾਨੇ 'ਚ ਹੀ, ਗ਼ਰੀਬ ਗ਼ੁਰਬਿਆਂ ਨੂੰ ਦਾਨ ਦੇਣ ਲਈ ਪਿਆ ਰਹਿਣ ਦਿੰਦੇ। ਇਕ ਵਾਰੀ ਅਨਾਜ ਤੋਲਦੇ-ਤੋਲਦੇ ਜਦ ਤੇਰਾਂ ਦੀ ਧਾਰਨਾ 'ਤੇ ਪੁੱਜੇ ਤਾਂ ਆਪ ਦੀ ਸੁਰਤਿ 'ਤੇਰਾ-ਤੇਰਾ' ਕਰਨ ਲੱਗ ਪਈ। ਆਪ ਨੇ ਕਈ ਧਾਰਨਾ ਤੋਲ ਛੱਡੀਆਂ। ਦੋਖੀਆਂ ਨੇ ਸੁਲਤਾਨ ਅੱਗੇ ਸ਼ਿਕਾਇਤ ਕੀਤੀ। ਮੋਦੀਖ਼ਾਨੇ 'ਚ ਪਏ ਮਾਲ ਦੀ ਪੜਤਾਲ ਹੋਈ, ਮਾਲ ਵੱਧ ਨਿਕਲਿਆ ਕਿਉਂਕਿ ਅਲੂਫ਼ੇ ਦੀ ਜਿਨਸ ਵੀ ਵਿਚ ਹੀ ਪਈ ਹੋਈ ਸੀ। ਇਸ ਘਟਨਾ ਨੇ ਗੁਰੂ ਜੀ ਦੇ ਜੀਵਨ 'ਚ ਇਕ ਮੋੜ ਲਿਆਂਦਾ। ਆਪ ਨੇ ਵੇਈਂ 'ਚ ਇਸ਼ਨਾਨ ਲਈ ਟੁੱਭੀ ਮਾਰੀ, ਤਿੰਨ ਦਿਨ ਅਲੋਪ ਰਹੇ। ਮਾਨੋਂ, ਟੁੱਭੀ ਮਾਰਦਿਆਂ ਆਪ ਤੇ ਉਹ ਦਿਨ ਆਇਆ ਜੋ ਮਹਾਤਮਾ ਬੁੱਧ ਲਈ ਗਯਾ ਵਿਚ, ਹਜ਼ਰਤ ਮੂਸਾ ਹੁਰਾਂ ਲਈ ਕੋਹਤੂਰ ਤੇ ਹਜ਼ਰਤ ਈਸਾ ਲਈ ਦਰਿਆ ਜਾਰਡਨ 'ਤੇ ਆਇਆ ਸੀ।

ਗੁਰੂ ਨਾਨਕ ਦੇਵ ਜੀ ਸਬੰਧੀ ਅਨੇਕਾਂ ਗ੍ਰੰਥ ਰਚੇ ਗਏ ਪਰ ਉਨ੍ਹਾਂ ਦੇ ਵਿਅਕਤਿਤਵ ਨੂੰ ਸਮਝਣ ਲਈ, ਉਨ੍ਹਾਂ ਦੀ ਮਹਾਨਤਾ ਦੀ ਥਾਹ ਪਾਉਣ ਲਈ, ਉਨ੍ਹਾਂ ਦੀ ਬਾਣੀ 'ਚ ਆਏ ਰੂਪਕਾਂ ਦਾ ਅਧਿਐਨ ਕਰਨਾ ਬਹੁਤ ਜ਼ਰੂਰੀ ਹੈ। ਡਾ. ਕਾਲਾ ਸਿੰਘ ਬੇਦੀ ਪੁਸਤਕ 'ਗੁਰੂ ਨਾਨਕ ਭਾਸ਼ਾ' 'ਚ ਲਿਖਦੇ ਹਨ : "ਜੇ ਕ੍ਰਿਸ਼ਨ ਜੀ ਦੀ ਸੱਚੀ ਤਸਵੀਰ ਦੇਖਣੀ ਹੋਵੇ ਤਦ ਭਾਗਵਤ ਤੋਂ ਬਾਹਰ ਗੀਤਾ ਵਿਚ ਲੱਭਣੀ ਚਾਹੀਦੀ ਹੈ, ਇਵੇਂ ਹੀ ਸਤਿਗੁਰੂ ਦੀ ਸੱਚੀ ਤਸਵੀਰ ਆਪ ਜੀ ਦੀ ਬਾਣੀ ਵਿੱਚੋਂ ਢੂੰਡਣੀ ਚਾਹੀਦੀ ਹੈ।"

ਕਵੀ ਦਾ ਜੀਵਨ, ਉਸ ਸਮੇਂ ਦਾ ਸਮਾਜ, ਸਥਿਤੀਆਂ ਪਰਸਥਿਤੀਆਂ, ਕਵੀ ਦੇ ਸੰਸਕਾਰ, ਰੁਚੀਆਂ ਆਦਿ ਉਸ ਦੀ ਕਵਿਤਾ ਵਿਚਲੇ ਬਿੰਬਾਂ ਤੋਂ ਪ੍ਰਗਟ ਹੋ ਜਾਂਦੇ ਹਨ। ਬਿੰਬ-ਵਿਧਾਨ ਰਾਹੀਂ ਕਵੀ ਦਾ ਵਿਅਕਤਿਤਵ ਸਪਸ਼ਟ ਵੇਖਿਆ ਜਾ ਸਕਦਾ ਹੈ। ਗੁਰੂ ਸਾਹਿਬ ਦੇ ਬਿੰਬਾਂ 'ਚੋਂ ਉਨ੍ਹਾਂ ਦਾ ਵਿਅਕਤਿਤਵ ਸਪਸ਼ਟ ਝਲਕਦਾ ਹੈ। ਗੁਰੂ ਸਾਹਿਬ ਅਤਿਅੰਤ ਕਲਪਨਾਸ਼ੀਲ ਤੇ ਸੰਵੇਦਨਸ਼ੀਲ ਸਨ। ਉਹ ਸਥਾਨ ਤੇ ਮੌਕੇ ਮੁਤਾਬਿਕ ਢੁੱਕਵਾਂ ਬਿੰਬ ਸਿਰਜਣ 'ਚ ਸਫਲ ਹੋਏ। ਉਹ ਸਰਲ ਹਿਰਦੇ ਵਾਲੇ ਸਿੱਧ ਹਸਤ ਮਹਾਂਕਵੀ ਸਨ। ਉਨ੍ਹਾਂ ਦਾ ਬਚਪਨ ਪੇਂਡੂ ਆਲੇ-ਦੁਆਲੇ 'ਚ ਬੀਤਿਆ, ਸੋ ਪਿੰਡਾਂ ਦੇ ਦ੍ਰਿਸ਼ ਸਰੋਵਰ, ਮਛਲੀ, ਖੇਤ ਨਿਰਮਾਣ, ਬ੍ਰਿਛ ਬੂਟੇ, ਘਾਹ, ਅੰਬ, ਕੋਇਲ, ਚਾਤ੍ਰਿਕ ਆਦਿ ਦੀ ਵਰਤੋਂ ਉਨ੍ਹਾਂ ਦੀ ਬਾਣੀ ਸਿਰਜਣਾਂ ਦਾ ਆਪ ਮੁਹਾਰੇ ਹਿੱਸਾ ਬਣ ਗਈ। ਉਨ੍ਹਾਂ ਨੇ ਆਪਣੀ ਬਾਣੀ 'ਚ ਹਟਵਾਣੀਆਂ, ਕਿਸਾਨਾਂ, ਸ਼ਾਹੂਕਾਰਾਂ, ਪਟਵਾਰੀਆਂ, ਕਾਜ਼ੀਆਂ, ਲੁਹਾਰ, ਤਰਖਾਣ, ਸੁਨਾਰ, ਜੁਲਾਹੇ, ਘੁੰਮਿਆਰ ਤੇ ਪਾਂਧੇ ਪੰਡਤਾਂ ਦਾ ਵਰਨਣ ਕੀਤਾ ਹੈ। ਪ੍ਰਕਿਰਤੀ ਪ੍ਰਤੀ ਪਿਆਰ ਦਾ ਪ੍ਰਗਟਾਵਾ ਵੀ ਉਨ੍ਹਾਂ ਦੀ ਬਾਣੀ 'ਚ ਖ਼ੂਬ ਮਿਲਦਾ ਹੈ। ਡਾ. ਜੈ ਰਾਮ ਮਿਸ਼ਰ ਨੇ ਆਪਣੇ ਗ੍ਰੰਥ 'ਨਾਨਕ ਬਾਣੀ' 'ਚ ਇਸ ਇਸ ਗੱਲ ਦੀ ਪੁਸ਼ਟੀ ਕੀਤੀ ਹੈ :

"ਗੁਰੂ ਨਾਨਕ ਦੇਵ ਪ੍ਰਕਿਰਤੀ ਦੀ ਗੋਦ 'ਚ ਪਲੇ ਸਨ। ਇਸ ਲਈ ਪ੍ਰਕਿਰਤੀ ਦੇ ਪ੍ਰਤੀ ਉਨ੍ਹਾਂ ਦਾ ਮਹਾਨ ਆਕਰਸ਼ਣ ਸ਼ੀ। ਪ੍ਰਕਿਰਤੀ ਦੀ ਅਨੇਕ ਰੂਪਤਾ ਦੇ ਸਹਾਰੇ ਉਨ੍ਹਾਂ ਨੇ ਪਰਮਾਤਮਾ ਦੀ ਮਹੱਤਤਾ ਦਰਸਾਈ। ਉਸ 'ਹਰੀ' ਦੁਆਰਾ ਨਿਰਮਤਿ ਪ੍ਰਕਿਰਤੀ ਜਦ ਇਤਨੀ ਮੋਹਕ ਹੈ ਤਾਂ ਉਸ ਦਾ ਨਿਰਮਾਤਾ ਕਿਤਨਾ ਸੁੰਦਰ ਹੋਵੇਗਾ। ਇਹੀ ਕਾਰਨ ਹੈ ਕਿ ਵਿਸਤ੍ਰਿਤ ਨੀਲਾ ਆਕਾਸ਼ ਉਨ੍ਹਾਂ ਨੂੰ ਪ੍ਰਭੂ ਦੀ ਆਰਤੀ ਦੀ ਧੂਪ ਤੇ ਸਮੱਸਤ ਪੁਸ਼ਪ-ਰਾਸ਼ੀ ਉਸ ਆਰਤੀ ਦੇ ਨਿਮਿਤ ਪੁਸ਼ਪ ਹਨ। ਵਾਯੂ, ਨਦੀਆਂ, ਅਗਨੀ, ਪ੍ਰਿਥਵੀ, ਇੰਦਰ, ਧਰਮਰਾਜ, ਸੂਰਜ-ਚੰਦਰਮਾ, ਸਿੱਧ ਬੁੱਧ ਦੇਵਤਾਗਣ, ਆਕਾਸ਼ ਆਦਿ ਪਰਮਾਤਮਾ ਦੇ ਭੈਅ 'ਚ ਸਥਿਤ ਹਨ।"

ਜਿਸ ਦੌਰ 'ਚ ਗੁਰੂ ਜੀ ਰਹਿ ਰਹੇ ਸਨ, ਉਹ ਉੱਤਰੀ ਭਾਰਤ ਦੀ ਸਾਮੰਤੀ ਫੁੱਟ ਦਾ ਸਿਖ਼ਰ ਤੇ ਕੇਂਦਰਿਤ ਸਾਮੰਤੀ ਰਾਜ ਕਾਇਮ ਹੋਣ ਤੋਂ ਐਨ ਪਹਿਲਾਂ ਦਾ ਸਮਾਂ ਸੀ। ਰਾਜਸੀ ਸਥਿਰਤਾ ਦੀ ਅਣਹੋਂਦ ਸੀ। ਗੁਰੂ ਨਾਨਕ ਦੇਵ ਦੀ ਮਹਾਨ ਸੱਚੇ ਦੇਸ਼ ਭਗਤ ਸਨ। ਸੰਤ ਕਵੀਆਂ ਵਿੱਚੋਂ ਉਹੀ ਸਨ, ਜਿਨ੍ਹਾਂ ਨੇ ਨਿਧੜਕ ਹੋ ਕੇ ਦੇਸ਼ ਦੀ ਦੁਰਦਸ਼ਾ ਦਾ ਚਿਤ੍ਰਣ ਕੀਤਾ ਹੈ। ਦੇਸ਼ ਦੇ ਦੁਰਭਾਗ, ਅਤਿਆਚਾਰ, ਜ਼ਾਲਮ ਰਾਜਿਆਂ ਦੀ ਪਸ਼ੂ ਬਿਰਤੀ ਦਾ ਵਰਨਣ ਕੀਤਾ ਹੈ। ਬਾਬਰ ਦੇ ਹਮਲੇ, ਔਰਤਾਂ ਦੀ ਬੇਪਤੀ ਨੂੰ ਉਸ ਵੇਲੇ ਦੀਆਂ ਕੋਝੀਆਂ ਸਥਿਤੀਆਂ ਨੂੰ ਬੜੇ ਕਰੁਣਾਮਈ ਢੰਗ ਨਾਲ ਗੁਰੂ ਜੀ ਨੇ ਆਪਣੀ ਕਲਮ ਰਾਹੀਂ ਲਿਖਿਆ।

'ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ' ਦੇਸ਼ ਭਗਤੀ ਦੇ ਜਜ਼ਬੇ ਨਾਲ ਭਰਪੂਰ ਅਜਿਹੀਆਂ ਪੰਕਤੀਆਂ ਹਨ, ਜਿਨ੍ਹਾਂ 'ਤੇ ਕੋਈ ਵੀ ਦੇਸ਼ ਭਗਤ ਮਾਣ ਕਰ ਸਕਦਾ ਹੈ। ਉਨ੍ਹਾਂ ਨੇ ਬਾਬਰ ਨੂੰ ਉਪਦੇਸ਼ ਦਿੱਤਾ ਤੇ ਦੇਸ਼ਵਾਸੀਆਂ ਨੂੰ ਨੈਤਿਕ ਕਦਰਾਂ-ਕੀਮਤਾਂ ਦੀ ਰਾਖੀ ਕਰਨ ਲਈ ਪ੍ਰੇਰਿਆ। ਗੁਰੂ ਜੀ ਦੇ ਮਨ ਵਿਚ 'ਮਾਤ ਬੋਲੀ' ਲਈ ਵੀ ਅਟੁੱਟ ਪਿਆਰ ਸੀ। ਉਹ ਜਾਣਦੇ ਸਨ ਕਿ ਉਹੀ ਕੌਮ ਜਿਊਂਦੀ ਰਹਿ ਸਕਦੀ ਹੈ, ਜਿਸ ਦਾ ਆਪਣੀ ਬੋਲੀ ਵਿਚ ਸਾਹਿਤ ਹੋਵੇ। ਗੁਰੂ ਜੀ ਨੇ ਸੰਸਕ੍ਰਿਤ ਪੜ੍ਹੇ ਹੋਣ ਦੇ ਬਾਵਜੂਦ ਲੋਕ ਹਿੱਤਾਂ ਤੇ ਦੇਸ਼ ਹਿੱਤਾਂ ਨੂੰ ਮੁੱਖ ਰੱਖ ਕੇ ਪੰਜਾਬੀ ਬੋਲੀ ਨੂੰ ਮਾਣ ਦਿੱਤਾ।

ਗੁਰੂ ਜੀ ਕ੍ਰਾਂਤੀਕਾਰੀ, ਦੂਰਦਰਸ਼ੀ, ਸਮਾਜ ਸੁਧਾਰਕ ਸਨ। ਉਨ੍ਹਾਂ ਨੇ ਬਰਾਬਰੀ ਦੀ ਗੱਲ ਕੀਤੀ, ਕੁਰੀਤੀਆਂ ਨੂੰ ਦੂਰ ਕੀਤਾ। ਉਨ੍ਹਾਂ ਵੱਲੋਂ ਸਭ ਤੋਂ ਸੋਹਣਾ ਵਿਚਾਰ ਲੋਕਾਂ ਦੀ ਬਰਾਬਰੀ ਦਾ ਐਲਾਨ ਸੀ, ਜਿਸ ਕਾਰਨ ਕਸ਼ਟ ਭੋਗ ਰਹੇ ਲੋਕ ਉਨ੍ਹਾਂ ਵੱਲ ਖਿੱਚੇ ਗਏ। ਉਨ੍ਹਾਂ ਦੀ ਮਾਨਵਵਾਦੀ ਸਿੱਖਿਆ ਨੇ ਸਾਮੰਤੀ ਅਨਿਆਂ, ਵਰਗ ਜ਼ਾਤ ਵੰਡ, ਪਿਛਾਂਹ ਖਿੱਚੂ ਕਾਨੂੰਨਾਂ ਖ਼ਿਲਾਫ਼ ਚੋਣਵਿਆਂ ਬੰਦਿਆਂ ਦੇ ਪੱਕੇ ਹੋ ਰਹੇ ਵਿਸ਼ੇਸ਼ ਅਧਿਕਾਰਾਂ ਤੇ ਲੱਖਾਂ ਲੋਕਾਂ ਦੀ ਤ੍ਰਿਸਕਾਰਿਤ ਹਾਲਤ ਖ਼ਿਲਾਫ਼ ਬਗ਼ਾਵਤ ਕੀਤੀ। ਉਨ੍ਹਾਂ ਨੇ ਔਰਤ ਨੂੰ ਸਮਾਜ ਵਿਚ ਗੌਰਵ ਤੇ ਸਨਮਾਨ ਦਿਵਾਇਆ। ਡਾ. ਜੈ ਰਾਮ ਮਿਸ਼ਰ ਅਨੁਸਾਰ ਮੱਧ-ਯੁੱਗ ਵਿਚ ਹਿੰਦੁਸਤਾਨ ਅੰਦਰ ਅਨੇਕ ਧਰਮ ਸੁਧਾਰਕ ਹੋਏ ਪਰ ਉਨ੍ਹਾਂ ਨੂੰ ਉਹ ਸਫਲਤਾ ਨਹੀਂ ਪ੍ਰਾਪਤ ਹੋਈ, ਜੋ ਗੁਰੂ ਨਾਨਕ ਦੇਵ ਜੀ ਨੂੰ ਹੋਈ।

ਗੁਰੂ ਜੀ ਦਾ ਜੀਵਨ ਤਜਰਬਾ ਬੇਹੱਦ ਵਿਸ਼ਾਲ ਸੀ। ਉਹ ਅਦਭੁੱਤ, ਸਾਹਸੀ, ਨਿਰਭੈ ਭਗਤ ਸਨ। ਆਪਣੇ ਮਿਸ਼ਨ ਦੇ ਪ੍ਰਚਾਰ ਲਈ ਉਨ੍ਹਾਂ ਨੇ ਹਿਮਾਲਾ ਦੀਆਂ ਬਰਫੀਲੀਆਂ ਚੋਟੀਆਂ ਤੇ ਅਰਬ ਦੇ ਰੇਗਿਸਤਾਨਾਂ ਨੂੰ ਆਪਣੇ ਚਰਨਾਂ ਨਾਲ ਪਵਿੱਤਰ ਕੀਤਾ। ਉਨ੍ਹਾਂ ਨੇ ਸਭ ਨੂੰ ਨਿਮਰਤਾ, ਮਿੱਠਤ, ਪ੍ਰੇਮ, ਤਿਆਗ ਤੇ ਕਰਮਯੋਗ ਦਾ ਪਾਠ ਪੜ੍ਹਾਇਆ। ਪਾਖੰਡਾਂ, ਦਿਖਾਵੇ, ਝੂਠ ਤੋਂ ਉਹ ਮੀਲਾਂ ਦੂਰ ਸਨ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਦੇ ਚੌਗਿਰਦੇ ਤੋਂ ਪ੍ਰਭਾਵਿਤ ਹੋ ਕੇ ਜੀਵਨ ਦੇ ਵਿਸ਼ਾਲ ਤਜਰਬਿਆਂ ਨੂੰ ਮਹਾਨ ਸੱਚਾਈ ਦੇ ਰੂਪ ਵਿਚ ਮਾਤ ਬੋਲੀ ਰਾਹੀਂ ਪ੍ਰਗਟ ਕੀਤਾ ਤੇ ਸਮੇਂ ਦੇ ਕੋਝਾਂ, ਕੁਰੀਤੀਆਂ, ਬੇਇਨਸਾਫ਼ੀਆਂ ਨੂੰ ਦੂਰ ਕਰ ਕੇ ਸਹੀ ਅਰਥਾਂ 'ਚ ਲੋਕਾਂ ਦੀ ਅਗਵਾਈ ਕੀਤੀ। ਦੇਸ਼ਾਂ ਦੇਸਾਂਤਰਾਂ ਦੇ ਭ੍ਰਮਣ ਤੇ ਆਮ ਲੋਕਾਂ ਦੇ ਮੇਲਜੋਲ ਨੇ ਗੁਰੂ ਜੀ ਨੂੰ ਪੂਰੀ ਦੁਨੀਆ 'ਚ ਹਰਮਨ ਪਿਆਰਾ ਬਣਾ ਦਿੱਤਾ। ਦੁਨੀਆ ਵਿਚ ਗੁਰੂ ਜੀ ਨੂੰ ਵੱਖ-ਵੱਖ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ। ਸ੍ਰੀਲੰਕਾ ਵਿਚ ਨਾਨਕ ਅਚਾਰਿਆ, ਤਿੱਬਤ 'ਚ ਨਾਨਕ ਲਾਮਾ, ਸਿੱਕਮ 'ਚ ਗੁਰੂ ਰਿੰਮਪੋਚੀਆ, ਨੇਪਾਲ 'ਚ ਨਾਨਕ ਰਿਸ਼ੀ, ਬਗਦਾਦ 'ਚ ਨਾਨਕ ਪੀਰ, ਮੱਕਾ ਵਿਚ ਵਲੀ ਹਿੰਦ, ਮਿਸਰ ਵਿਚ ਨਾਨਕ ਵਲੀ, ਰੂਸ ਵਿਚ ਨਾਨਕ ਕਦਮਦਰ, ਇਰਾਕ ਵਿਚ ਬਾਬਾ ਨਾਨਕ ਆਦਿ, ਕਹਿਣ ਤੋਂ ਭਾਵ ਕਿ ਉਨ੍ਹਾਂ ਨੇ ਕੁੱਲ ਦੁਨੀਆ ਨੂੰ ਤਾਰਿਆ।

ਗੁਰੂ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਤੇ 'ਜਪੁਜੀ' ਸਾਹਿਬ ਦੀ ਬਾਣੀ ਅਧਿਆਤਮਿਕ ਕਵਿਤਾ ਵਿਚ ਸ਼ਾਹਕਾਰ ਮੰਨੀ ਜਾਂਦੀ ਹੈ। ਆਪ ਜੀ ਦੀ ਹੋਰ ਬਾਣੀ ਵਿਚ ਆਸਾ ਦੀ ਵਾਰ, ਸਿਧ ਗੋਸ਼ਟਿ, ਬਾਰਾਹਮਾਹ ਤੇ ਪੱਟੀ ਪ੍ਰਮੁੱਖ ਹਨ।

ਆਪ ਕਰਤਾਰਪੁਰ ਵਿਚ 1539 ਈਸਵੀ ਵਿਚ 70 ਸਾਲ 5 ਮਹੀਨੇ ਦੀ ਸੰਸਾਰਕ ਯਾਤਰਾ ਕਰ ਕੇ ਜੋਤੀ ਜੋਤ ਸਮਾਏ। ਆਪ ਜਿੱਥੇ ਹਿੰਦੂਆਂ ਦੇ ਗੁਰੂ ਸਨ, ਉੱਥੇ ਮੁਸਲਮਾਨਾਂ ਦੇ ਪੀਰ ਸਨ। ਆਪ ਸਰਬ-ਸਾਂਝੇ ਧਰਮ ਦੇ ਅਨੁਯਾਈ ਤੇ ਪ੍ਰਚਾਰਕ ਸਨ। ਗੁਰੂ ਜੀ ਦੀ ਰੂਹ ਪ੍ਰਭੂ ਭਗਤੀ ਨਾਲ ਓਤ ਪੋਤ ਸੀ। ਉਹ ਇਕ ਚੰਗੇ ਧਾਰਮਿਕ ਆਗੂ, ਮਹਾਨ ਚਿੰਤਕ, ਨਿਰਭੈ ਵਿਅਕਤੀ ਸਨ। ਉਨ੍ਹਾਂ ਦੀ ਦੇਣ ਧਾਰਮਿਕ, ਸਮਾਜਕ, ਰਾਜਨੀਤਿਕ ਖੇਤਰ ਵਿਚ ਮਹਾਨ ਹੈ। •

# ਸੁਲਤਾਨਪੁਰ ਲੋਧੀ ਦੇ ਇਤਿਹਾਸਕ ਗੁਰਦੁਆਰੇ





ਬਹਾਦਰ ਸਿੰਘ ਗੋਸਲ
98764-52223

ਸਿੱਖ ਇਤਿਹਾਸ ਵਿਚ ਸੁਲਤਾਨਪੁਰ ਲੋਧੀ ਦਾ ਵਿਲੱਖਣ ਸਥਾਨ ਹੈ। ਇਹ ਨਗਰ ਭਾਰਤ ਦੇ ਪੁਰਾਤਨ ਸ਼ਹਿਰਾਂ ਵਿੱਚੋਂ ਇਕ ਹੈ। ਇਸ ਦਾ ਪੁਰਾਣਾ ਨਾਂ ਸਰਵਮਾਨਪੁਰ ਸੀ, ਜਿਸ ਨੂੰ ਮਹਿਮੂਦ ਗਜ਼ਨਵੀ ਨੇ ਆਪਣੇ ਹੱਲਿਆਂ ਦੌਰਾਨ ਅੱਗ ਲਗਾ ਕੇ ਬੁਰੀ ਤਰ੍ਹਾਂ ਤਬਾਹ ਕਰ ਦਿੱਤਾ ਸੀ ਪਰ ਪੰਜਾਬ ਦੇ ਹਾਕਮ ਵਲੀ ਮੁਹੰਮਦ ਖ਼ਾਨ ਦੇ ਸ਼ਹਿਜਾਦੇ ਸੁਲਤਾਨ ਖ਼ਾਨ ਲੋਧੀ ਦੇ ਚੰਗੇ ਪ੍ਰਬੰਧਾਂ ਕਾਰਨ ਇਸ ਦਾ ਵਿਕਾਸ ਹੋਣ ਲੱਗਾ ਤੇ ਇਸ ਦਾ ਨਾਂ ਸੁਲਤਾਨਪੁਰ ਲੋਧੀ ਪੈ ਗਿਆ।

ਇਹ ਨਗਰ ਪੁਰਾਣੇ ਸਮਿਆਂ ਵਿਚ ਦਿੱਲੀ-ਲਾਹੌਰ ਮੁੱਖ ਮਾਰਗ 'ਤੇ ਸਥਿਤ ਹੋਣ ਕਾਰਨ ਵਪਾਰ ਦਾ ਵੱਡਾ ਕੇਂਦਰ ਸੀ। ਕਿਹਾ ਜਾਂਦਾ ਹੈ ਕਿ ਇਥੇ 32 ਬਾਜ਼ਾਰ ਤੇ 5600 ਦੁਕਾਨਾਂ ਸਨ ਤੇ ਇਹ ਅੱਠ ਮੀਲ ਰਕਬੇ 'ਚ ਫ਼ੈਲਿਆ ਸੀ। ਗੁਰੂ ਨਾਨਕ ਦੇਵ ਜੀ ਦੀ ਭੈਣ ਬੇਬੇ ਨਾਨਕੀ ਜੀ ਦਾ ਵਿਆਹ ਭਾਈ ਜੈ ਰਾਮ ਜੀ ਨਾਲ ਇਸੇ ਨਗਰ 'ਚ ਹੋਇਆ। ਜੈ ਰਾਮ ਜੀ ਨਵਾਬ ਦੌਲਤ ਖ਼ਾਨ ਲੋਧੀ ਦੇ ਆਲਾ ਅਧਿਕਾਰੀ ਸਨ। ਭਾਈਆ ਜੈ ਰਾਮ ਦੇ ਸੱਦੇ 'ਤੇ ਗੁਰੂ ਨਾਨਕ ਦੇਵ ਜੀ 1484 ਈਸਵੀ ਨੂੰ ਸੁਲਤਾਨਪੁਰ ਲੋਧੀ ਆਏ ਤੇ ਇਥੇ ਜੀਵਨ ਦੇ 14 ਸਾਲ ਤੋਂ ਵੱਧ ਸਮਾਂ ਬਤੀਤ ਕੀਤਾ। ਇਥੇ ਗੁਰੂ ਸਾਹਿਬ ਨੇ ਮੋਦੀਖ਼ਾਨੇ 'ਚ ਮੋਦੀ ਦਾ ਕੰਮ ਕੀਤਾ। ਗੁਰੂ ਨਾਨਕ ਦੇਵ ਜੀ ਦਾ ਵਿਆਹ 1487 ਵਿਚ ਬਟਾਲਾ ਵਿਖੇ ਮਾਤਾ ਸੁਲਖਣੀ ਜੀ ਨਾਲ ਹੋਇਆ। ਇਥੇ ਹੀ ਉਨ੍ਹਾਂ ਦੇ ਘਰ ਦੋ ਸਪੁੱਤਰਾਂ ਬਾਬਾ ਸ੍ਰੀਚੰਦ ਜੀ ਤੇ ਬਾਬਾ ਲਖਮੀ ਦਾਸ ਜੀ ਦਾ ਜਨਮ ਹੋਇਆ। ਗੁਰੂ ਨਾਨਕ ਦੇਵ ਜੀ ਦੇ ਸੁਲਤਾਨਪੁਰ ਲੋਧੀ ਵਿਖੇ ਲੰਬਾ ਸਮਾਂ ਰਹਿਣ ਕਰਕੇ ਇਥੇ ਗੁਰੂ ਸਾਹਿਬ ਨਾਲ ਸਬੰਧਤ ਕਈ ਗੁਰਦੁਆਰੇ ਸੁਸ਼ੋਭਿਤ ਹਨ।

## ਗੁਰਦੁਆਰਾ ਸ੍ਰੀ ਬੇਰ ਸਾਹਿਬ

ਸੁਲਤਾਨਪੁਰ ਲੋਧੀ ਦਾ ਇਹ ਪ੍ਰਮੁੱਖ ਗੁਰਦੁਆਰਾ ਸਾਹਿਬ ਹੈ, ਜਿੱਥੇ ਗੁਰੂ ਨਾਨਕ ਦੇਵ ਜੀ ਪਵਿੱਤਰ ਵੇਈਂ 'ਚ ਇਸ਼ਨਾਨ ਕਰ ਕੇ ਸਿਮਰਨ ਕਰਦੇ ਸਨ। ਬੇਰੀ ਦੀ ਦਾਤਨ ਜੋ ਗੁਰੂ ਜੀ ਨੇ ਨਦੀ ਕਿਨਾਰੇ ਗੱਡੀ ਸੀ ਉਹ ਅੱਜ ਬੇਰੀ ਦਾ ਬਹੁਤ ਵੱਡੇ ਰੁੱਖ ਦੇ ਰੂਪ 'ਚ ਇਥੇ ਮੌਜੂਦ ਹੈ। ਇਸੇ ਲਈ ਇਸ ਗੁਰਦੁਆਰਾ ਸਾਹਿਬ ਦਾ ਨੂੰ 'ਬੇਰ ਸਾਹਿਬ' ਆਖਦੇ ਹਨ। ਗੁਰੂ ਜੀ ਦੇ ਵੇਈਂ ਵਿਚ ਤਿੰਨ ਦਿਨ ਅਲੋਪ ਹੋਣ ਦੀ ਘਟਨਾ ਵੀ ਇਸ ਸਥਾਨ ਨਾਲ ਜੁੜੀ ਹੋਈ ਹੈ। ਇਸੇ ਗੁਰਦੁਆਰਾ ਸਾਹਿਬ ਅੰਦਰ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਅਸਥਾਨ ਦੇ ਬਿਲਕੁਲ ਹੇਠਾਂ ਭੋਰਾ ਸਾਹਿਬ ਹੈ, ਜਿੱਥੇ ਗੁਰੂ ਜੀ ਰੋਜ਼ਨਾ ਭਗਤੀ ਲਈ ਬੈਠਦੇ ਸਨ। ਇਸ ਤਪ ਅਸਥਾਨ ਦੀ ਨਿਸ਼ਾਨੀ ਵਜੋਂ ਇਥੇ ਇਕ ਥੜ੍ਹਾ ਵੀ ਹੈ ਜਿੱਥੇ ਗੁਰੂ ਜੀ ਬਿਰਾਜਦੇ ਸਨ।

## ਗੁਰਦੁਆਰਾ ਸੰਤ ਘਾਟ

ਜਦੋਂ ਗੁਰੂ ਨਾਨਕ ਦੇਵ ਜੀ ਜਦੋਂ ਵੇਂਈ 'ਚ ਅਲੋਪ ਹੋ ਗਏ ਸਨ ਤਾਂ ਗੁਰਦੁਆਰਾ ਬੇਰ ਸਾਹਿਬ ਤੋਂ ਤਿੰਨ ਮੀਲ ਦੂਰ ਇਸ ਅਸਥਾਨ ਤੇ ਪ੍ਰਗਟ ਹੋਏ ਸਨ। ਇਸ ਜਗ੍ਹਾ ਆਪ ਨੇ ਮੂਲ ਮੰਤਰ ਦਾ ਉਚਾਰਣ ਕੀਤਾ ਸੀ। ਹੁਣ ਇਸ ਜਗ੍ਹਾ ਪਰ ਗੁਰਦੁਆਰਾ ਸ੍ਰੀ ਸੰਤ ਘਾਟ ਸੁਸ਼ੋਭਿਤ ਹੈ। ਖ਼ਾਲਸਾ ਰਾਜ ਸਮੇਂ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਉਦਾਸੀ ਮਹੰਤਾਂ ਕੋਲ ਸੀ।

## ਗੁਰਦੁਆਰਾ ਸ੍ਰੀ ਸਿਹਰਾ ਸਾਹਿਬ

ਇਹ ਉਹ ਪਵਿੱਤਰ ਅਸਥਾਨ ਹੈ ਜਿੱਥੇ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਆਪਣੇ ਸਪੁੱਤਰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੂੰ ਵਿਆਹੁਣ ਜਾਂਦੇ ਹੋਏ ਰਾਤ ਠਹਿਰੇ ਸਨ ਤੇ ਇਥੇ ਹੀ ਸਿਹਰਾ-ਬੰਦੀ ਕਰ ਕੇ ਡੱਲੇ ਪਧਾਰੇ ਸਨ। ਇਸ ਗੁਰਦੁਆਰੇ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਦੀ ਧਰਮਸ਼ਾਲਾ ਵੀ ਕਹਿੰਦੇ ਹਨ।

## ਗੁਰਦੁਆਰਾ ਸ੍ਰੀ ਗੁਰੂ ਕਾ ਬਾਗ਼ ਸਾਹਿਬ

ਇਸ ਪਵਿੱਤਰ ਅਸਥਾਨ 'ਤੇ ਗੁਰੂ ਸਾਹਿਬ ਵਿਆਹ ਤੋਂ ਬਾਅਦ ਪਰਿਵਾਰ ਨਾਲ ਰਹਿੰਦੇ ਸਨ। ਇਸ ਅਸਥਾਨ 'ਤੇ ਹੀ ਬਾਬਾ ਸ੍ਰੀਚੰਦ ਜੀ ਤੇ ਬਾਬਾ ਲਖਮੀ ਦਾਸ ਜੀ ਦਾ ਜਨਮ ਹੋਇਆ। ਇਸ ਅਸਥਾਨ ਪਰ ਕਿਉਂਕਿ ਗੁਰੂ ਜੀ ਦਾ ਪਰਿਵਾਰ ਵਧਿਆ-ਫੁੱਲਿਆ ਸੀ, ਇਸ ਲਈ ਇਸ ਸਥਾਨ ਦਾ ਨਾਂ ਗੁਰਦੁਆਰਾ ਸ੍ਰੀ ਗੁਰੂ ਕਾ ਬਾਗ਼ ਸਾਹਿਬ ਹੈ।

## ਗੁਰਦੁਆਰਾ ਸ੍ਰੀ ਅੰਤਰਯਾਮਤਾ ਸਾਹਿਬ

ਜਿਸ ਈਦਗਾਹ ਵਿਖੇ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਵਾਬ ਦੌਲਤ ਖ਼ਾਨ ਅਤੇ ਉਸ ਦੇ ਮੌਲਵੀ ਨੂੰ ਨਮਾਜ਼ ਦੀ ਅਸਲੀਅਤ ਸਮਝਾਈ ਸੀ, ਉਸ ਅਸਥਾਨ 'ਤੇ ਪਵਿੱਤਰ ਗੁਰਦੁਆਰਾ ਸ੍ਰੀ ਅੰਤਰਯਾਮਤਾ ਸਾਹਿਬ ਸੁਸ਼ੋਭਿਤ ਹੈ।

## ਗੁਰਦੁਆਰਾ ਸ੍ਰੀ ਹੱਟ ਸਾਹਿਬ

ਇਸ ਪਵਿੱਤਰ ਅਸਥਾਨ 'ਤੇ ਗੁਰੂ ਨਾਨਕ ਦੇਵ ਜੀ ਮੋਦੀ ਦੀ ਨੌਕਰੀ ਕਰਦੇ ਰਹੇ, ਗ਼ਰੀਬਾਂ, ਸਾਧੂ-ਸੰਤਾਂ ਨੂੰ ਮੁਫ਼ਤ ਅਨਾਜ ਵੰਡਦੇ ਰਹੇ ਤੇ 'ਤੇਰਾ-ਤੇਰਾ' ਉਚਾਰਦੇ ਹੋਏ ਲੋੜਵੰਦਾਂ ਦੀ ਮਦਦ ਕਰਦੇ ਰਹੇ। ਗੁਰਦੁਆਰਾ ਸਾਹਿਬ ਅੰਦਰ ਗੁਰੂ ਸਾਹਿਬ ਦੇ ਮੁਬਾਰਕ ਹੱਥਾਂ ਦੀ ਛੋਹ ਪ੍ਰਾਪਤ 14 ਵੱਟੇ ਅੱਜ ਵੀ ਮੌਜੂਦ ਹਨ, ਜਿਨ੍ਹਾਂ ਨਾਲ ਉਹ ਅਨਾਜ ਤੋਲਦੇ ਸਨ। ਵਿਰੋਧੀਆਂ ਵੱਲੋਂ ਦੌਲਤ ਖ਼ਾਨ ਲੋਧੀ ਪਾਸ ਸ਼ਿਕਾਇਤ ਕਰਨ 'ਤੇ ਮੋਦੀਖ਼ਾਨੇ ਦਾ ਹਿਸਾਬ ਕੀਤਾ ਗਿਆ ਤਾਂ ਗੁਰੂ ਜੀ ਨਿਰਦੋਸ਼ ਸਾਬਤ ਹੋਏ ਤੇ ਗੁਰੂ ਜੀ ਦੀ ਰਕਮ ਹਾਕਮ ਵੱਲ ਨਿਕਲੀ ਸੀ। ਸ਼ਿਕਾਇਤ ਹੋਣ 'ਤੇ ਜਿੱਥੇ ਗੁਰੂ ਸਾਹਿਬ ਨੂੰ ਨਜ਼ਰਬੰਦ ਰੱਖਿਆ ਗਿਆ ਸੀ ਉਸ ਅਸਥਾਨ 'ਤੇ ਗੁਰਦੁਆਰਾ ਕੋਠੜੀ ਸਾਹਿਬ ਸਥਿਤ ਹੈ। •

# ਚੜ੍ਹਿਆ ਸੋਧਣ ਧਰਤਿ ਲੋਕਾਈ





ਬੇਅੰਤ ਸਿੰਘ ਬਾਜਵਾ
98726-71446

ਸ੍ਰੀ ਗੁਰੂ ਨਾਨਕ ਦੇਵ ਜੀ 20 ਸਾਲ ਦੀ ਉਮਰ ਵਿਚ ਸੁਲਤਾਨਪੁਰ ਲੋਧੀ ਵਿਖੇ ਆ ਗਏ। ਵੇਈਂ 'ਚ ਇਸਨਾਨ ਦੌਰਾਨ ਆਪ ਨੂੰ ਸੱਚੇ ਗਿਆਨ ਦੀ ਪ੍ਰਾਪਤੀ ਹੋਈ। ਗਿਆਨ ਦੀ ਪ੍ਰਾਪਤੀ ਤੋਂ ਬਾਅਦ 1499 ਈਸਵੀ ਵਿਚ ਆਪ ਉਦਾਸੀਆਂ ਲਈ ਨਿਕਲ ਪਏ। ਇਨ੍ਹਾਂ ਉਦਾਸੀਆਂ ਦਾ ਉਦੇਸ਼ ਲੋਕਾਂ ਅੰਦਰ ਫੈਲੀ ਅਗਿਆਨਤਾ ਨੂੰ ਦੂਰ ਕਰਨਾ ਤੇ ਪਰਮਾਤਮਾ ਦੀ ਅਰਾਧਨਾ ਦਾ ਪ੍ਰਚਾਰ ਕਰਨਾ ਸੀ।

ਗੁਰੂ ਸਾਹਿਬ ਨੇ ਕੁੱਲ ਕਿੰਨੀਆਂ ਉਦਾਸੀਆਂ ਕੀਤੀਆਂ, ਇਸ ਸਬੰਧੀ ਇਤਿਹਾਸਕਾਰਾਂ ਵਿਚ ਮਤਭੇਦ ਹਨ। ਬਹੁਤ ਥਾਈਂ ਗੁਰੂ ਸਾਹਿਬ ਦੀਆਂ ਉਦਾਸੀਆਂ ਦੀ ਗਿਣਤੀ ਤਿੰਨ ਆਖੀ ਗਈ ਹੈ, ਬਹੁਤ ਥਾਈਂ ਚਾਰ ਉਦਾਸੀਆਂ ਦਾ ਜ਼ਿਕਰ ਵੀ ਹੈ। ਗੁਰੂ ਸਾਹਿਬ ਨੇ ਪਹਿਲੀ ਉਦਾਸੀ 1499 ਦੇ ਅਖ਼ੀਰ 'ਚ ਸ਼ੁਰੂ ਕੀਤੀ। ਇਨ੍ਹਾਂ ਯਾਤਰਾਵਾਂ ਸਮੇਂ ਭਾਈ ਮਰਦਾਨਾ ਜੀ ਵੀ ਉਨ੍ਹਾਂ ਦੇ ਨਾਲ ਰਹੇ। ਇਸ ਉਦਾਸੀਆਂ ਗੁਰੂ ਜੀ ਨੇ 12 ਸਾਲਾਂ ਵਿਚ ਸੰਪੂਰਨ ਕੀਤੀਆਂ ਤੇ ਉਹ ਪੂਰਬ ਤੋਂ ਦੱਖਣ ਵੱਲ ਗਏ।

## ਪਹਿਲੀ ਉਦਾਸੀ

**ਸੈਦਪੁਰ** : ਗੁਰੂ ਸਾਹਿਬ ਸਭ ਤੋਂ ਪਹਿਲਾਂ ਸੈਦਪੁਰ ਪਹੁੰਚੇ। ਇਥੇ ਮਲਕ ਭਾਗੋ ਨੇ ਗੁਰੂ ਜੀ ਨੂੰ ਬ੍ਰਹਮ ਭੋਜ ਲਈ ਸੱਦਾ ਦਿੱਤਾ ਪਰ ਗੁਰੂ ਸਾਹਿਬ ਇਕ ਕਿਰਤੀ ਤਰਖਾਣ ਭਾਈ ਲਾਲੋ ਜੀ ਦੇ ਘਰ ਠਹਿਰੇ। ਇਸ ਸਬੰਧੀ ਜਦ ਮਲਕ ਭਾਗੋ ਨੇ ਗੁਰੂ ਸਾਹਿਬ ਤੋਂ ਪੁੱਛਿਆ ਤਾਂ ਉਨ੍ਹਾਂ ਨੇ ਦਸਾਂ ਨਹੁੰਆਂ ਦੀ ਕਿਰਤ ਤੋਂ ਬਣਾਈ ਰੋਟੀ ਨੂੰ ਉੱਤਮ ਦੱਸਿਆ।

**ਤਾਲੁੰਬਾ** : ਇਥੇ ਗੁਰੂ ਨਾਨਕ ਦੇਵ ਜੀ ਦੀ ਮੁਲਾਕਾਤ ਸੱਜਣ ਠੱਗ ਨਾਲ ਹੋਈ। ਉਸ ਨੇ ਯਾਤਰੀਆਂ ਲਈ ਆਪਣੀ ਹਵੇਲੀ 'ਚ ਇਕ ਮੰਦਰ ਤੇ ਮਸਜਿਦ ਬਣਾਏ ਹੋਏ ਸਨ। ਉਹ ਦਿਨ ਵੇਲੇ ਤਾਂ ਯਾਤਰੀਆਂ ਦੀ ਸੇਵਾ ਕਰਦਾ ਤੇ ਰਾਤ ਵੇਲੇ ਉਨ੍ਹਾਂ ਨੂੰ ਲੁੱਟ ਕੇ ਖੂਹ 'ਚ ਸੁੱਟ ਦਿੰਦਾ ਸੀ। ਉਹ ਗੁਰੂ ਨਾਨਕ ਦੇਵ ਜੀ ਤੇ ਮਰਦਾਨਾ ਜੀ ਨਾਲ ਵੀ ਅਜਿਹਾ ਹੀ ਕਰਨਾ ਚਾਹੁੰਦਾ ਸੀ ਪਰ ਗੁਰੂ ਸਾਹਿਬ ਦੀ ਬਾਣੀ ਸੁਣ ਕੇ ਗੁਰੂ ਜੀ ਦੇ ਚਰਨੀਂ ਪੈ ਗਿਆ। ਇਸ ਤੋਂ ਬਾਅਦ ਸੱਜਣ ਠੱਗ ਨੇ ਆਪਣਾ ਬਾਕੀ ਜੀਵਨ ਸਿੱਖ ਧਰਮ ਦਾ ਪ੍ਰਚਾਰ 'ਚ ਬਤੀਤ ਕੀਤਾ। ਇਸ ਤੋਂ ਬਾਅਦ ਗੁਰੂ ਸਾਹਿਬ ਸੂਰਜ ਗ੍ਰਹਿਣ ਦੇ ਮੌਕੇ ਕੁਰੂਕਸ਼ੇਤਰ ਪੁੱਜੇ। ਇਥੇ ਉਨ੍ਹਾਂ ਨੇ ਬ੍ਰਾਹਮਣ ਤੇ ਸਾਧੂਆਂ ਨੂੰ ਸਮਝਾਇਆ ਕਿ ਫਜ਼ੂਲ ਦੇ ਝਗੜਿਆ ਦੀ ਥਾਂ ਆਪਣੀ ਆਤਮਾ ਨੂੰ ਪਵਿੱਤਰ ਰੱਖਣ ਵੱਲ ਧਿਆਨ ਦੇਣਾ ਚਾਹੀਦਾ ਹੈ। ਇਸ ਤੋਂ ਬਾਅਦ ਉਹ ਦਿੱਲੀ ਗਏ।

**ਹਰਿਦੁਆਰ** : ਗੁਰੂ ਸਾਹਿਬ ਜਦੋਂ ਹਰਿਦੁਆਰ ਪੁੱਜੇ ਤਾਂ ਇਥੇ ਵੱਡੀ ਗਿਣਤੀ 'ਚ ਲੋਕ ਇਸ਼ਨਾਨ ਕਰਦੇ ਹੋਏ ਸੂਰਜ ਤੇ ਪਿੱਤਰਾਂ ਨੂੰ ਪਾਣੀ ਦੇ ਰਹੇ ਸਨ। ਗੁਰੂ ਜੀ ਨੇ ਇਹ ਵੇਖ ਕੇ ਪੱਛਮ ਵੱਲ ਨੂੰ ਪਾਣੀ ਦੇਣਾ ਸ਼ੁਰੂ ਕਰ ਦਿੱਤਾ। ਲੋਕ ਗੁਰੂ ਜੀ ਨੂੰ ਪੁੱਛਣ ਲੱਗੇ ਕੀ ਉਹ ਇਹ ਕੀ ਕਰ ਰਹੇ ਹਨ? ਗੁਰੂ ਜੀ ਨੇ ਕਿਹਾ ਕਿ ਉਹ ਆਪਣੇ ਖੇਤਾਂ ਨੂੰ ਪਾਣੀ ਦੇ ਰਹੇ ਹਨ। ਲੋਕ ਹੱਸਣ ਲੱਗੇ ਕਿ ਇਹ ਪਾਣੀ ਮੀਲਾਂ ਦੂਰ ਉਨ੍ਹਾਂ ਦੇ ਖੇਤਾਂ ਤਕ ਕਿਵੇਂ ਪਹੁੰਚ ਸਕਦਾ ਹੈ? ਗੁਰੂ ਜੀ ਨੇ ਕਿਹਾ ਕਿ ਜੇ ਤੁਹਾਡਾ ਪਾਣੀ ਲੱਖਾਂ ਮੀਲ ਦੂਰ ਸੂਰਜ ਤਕ ਪਹੁੰਚ ਸਕਦਾ ਹੈ ਤਾਂ ਇਹ ਮੇਰੇ ਖੇਤਾਂ ਤਕ ਕਿਵੇਂ ਨਹੀਂ ਪਹੁੰਚ ਸਕਦਾ। ਇੰਜ ਉਨ੍ਹਾਂ ਕੁਰੀਤੀਆਂ ਬਾਰੇ ਭਰਮ ਤੋੜਿਆ।

**ਗੋਰਖਮੱਤਾ** : ਹਰਿਦੁਆਰ ਤੋਂ ਬਾਅਦ ਗੁਰੂ ਸਾਹਿਬ ਗੋਰਖਮੱਤਾ ਪਹੁੰਚੇ। ਇੱਥੋਂ ਦੇ ਸਿੱਧ ਜੋਗੀਆਂ ਨੂੰ ਦੱਸਿਆ ਕਿ ਮੁੰਦਰਾਂ ਪਾਉਣ, ਸਰੀਰ ਤੇ ਸੁਆਹ ਮਲਣ, ਸੰਖ ਵਜਾਉਣ ਜਾਂ ਸਿਰ ਮੁੰਨਵਾ ਲੈਣ ਨਾਲ ਮੁਕਤੀ ਨਹੀਂ ਮਿਲਦੀ। ਮੁਕਤੀ ਤਾਂ ਆਤਮਾ ਦੀ ਸ਼ੁੱਧੀ ਨਾਲ ਪ੍ਰਾਪਤ ਹੁੰਦੀ ਹੈ। ਉਸ ਸਮੇਂ ਤੋ ਹੀ ਗੋਰਖਮੱਤਾ ਦਾ ਨਾਂ ਨਾਨਕਮੱਤਾ ਪੈ ਗਿਆ।

**ਬਨਾਰਸ** : ਬਨਾਰਸ ਪ੍ਰਸਿੱਧ ਤੀਰਥ ਅਸਥਾਨ ਹੈ। ਇੱਥੇ ਗੁਰੂ ਨਾਨਕ ਦੇਵ ਜੀ ਦਾ ਪੰਡਤ ਚਤਰ ਦਾਸ ਨਾਲ ਮੂਰਤੀ ਪੂਜਾ ਬਾਰੇ ਲੰਬਾ ਵਾਰਤਾਲਾਪ ਹੋਇਆ। ਗੁਰੂ ਜੀ ਦੇ ਉਪਦੇਸ਼ਾਂ ਤੋਂ ਪ੍ਰਭਾਵਿਤ ਹੋ ਕੇ ਚਤਰ ਦਾਸ ਸਾਥੀਆਂ ਸਮੇਤ ਗੁਰੂ ਜੀ ਦਾ ਪੈਰੋਕਾਰ ਬਣ ਗਿਆ। ਧੁਬਰੀ ਤੋਂ ਗੁਰੂ ਜੀ ਕਾਮਰੂਪ (ਆਸਾਮ) ਪਹੁੰਚੇ। ਇੱਥੋਂ ਦੀ ਜਾਦੂਗਰਨੀ ਨੂਰਸ਼ਾਹੀ ਨੇ ਹੁਸਨ ਦੇ ਜਾਦੂ ਨਾਲ ਗੁਰੂ ਜੀ ਨੂੰ ਭਰਮਾਉਣ ਦਾ ਅਸਫਲ ਯਤਨ ਕੀਤਾ। ਗੁਰੂ ਜੀ ਨੇ ਉਸ ਨੂੰ ਜੀਵਨ ਦਾ ਅਸਲ ਮਨੋਰਥ ਦੱਸਿਆ। ਆਸਾਮ ਤੋਂ ਬਾਅਦ ਗੁਰੂ ਜੀ ਉੜੀਸਾ ਵਿਚ ਜਗਨਨਾਥ ਪਹੁੰਚੇ, ਜਿੱਥੇ ਉਨ੍ਹਾਂ ਨੂੰ ਦੇਵਤੇ ਦੀ ਆਰਤੀ ਉਤਾਰਨ ਲਈ ਕਿਹਾ ਗਿਆ। ਗੁਰੂ ਜੀ ਨੇ ਦੱਸਿਆ ਕਿ ਅਕਾਲ ਪੁਰਖ ਦੀ ਆਰਤੀ ਕੁਦਰਤ ਹਰ ਸਮੇਂ ਕਰਦੀ ਰਹਿੰਦੀ ਹੈ।

**ਲੰਕਾ** : ਗੁਰੂ ਨਾਨਕ ਦੇਵ ਜੀ ਦੱਖਣੀ ਭਾਰਤ ਤੋਂ ਹੁੰਦੇ ਹੋਏ ਲੰਕਾ ਪਹੁੰਚੇ। ਗੁਰੂ ਸਾਹਿਬ ਤੋਂ ਪ੍ਰਭਾਵਿਤ ਹੋ ਕੇ ਲੰਕਾ ਦਾ ਰਾਜਾ ਸ਼ਿਵਨਾਥ ਗੁਰੂ ਜੀ ਦਾ ਸ਼ਰਧਾਲੂ ਬਣ ਗਿਆ। ਲੰਕਾ ਤੋਂ ਪੰਜਾਬ ਵਾਪਸੀ ਸਮੇਂ ਗੁਰੂ ਨਾਨਕ ਦੇਵ ਜੀ ਪਾਕਪਟਨ ਵਿਖੇ ਠਹਿਰੇ ਤੇ ਇਥੇ ਉਨ੍ਹਾਂ ਦੀ ਸ਼ੇਖ਼ ਬ੍ਰਹਮ ਨਾਲ ਮੁਲਾਕਾਤ ਹੋਈ ਸੀ।

## ਦੂਜੀ ਉਦਾਸੀ

ਗੁਰੂ ਨਾਨਕ ਦੇਵ ਜੀ ਨੇ 1513-14 ਈਸਵੀ ਵਿਚ ਆਪਣੀ ਦੂਸਰੀ ਉਦਾਸੀ ਉਤਰ ਵੱਲ ਸ਼ੁਰੂ ਕੀਤੀ। ਇਸ ਉਦਾਸੀ ਨੂੰ ਚਾਰ ਸਾਲ ਲੱਗੇ। ਇਸ ਉਦਾਸੀ ਦੌਰਾਨ ਗੁਰੂ ਜੀ ਮੰਡੀ, ਰਿਵਾਲਸਰ, ਜਵਾਲਾਮੁਖੀ, ਕਾਂਗੜਾ, ਬੈਜਨਾਥ ਤੇ ਕੁੱਲੂ ਆਦਿ ਪਹਾੜੀ ਇਲਾਕਿਆਂ 'ਚ ਗਏ। ਇੱਥੋਂ ਆਪ ਤਿੱਬਤ ਤੋਂ ਹੁੰਦੇ ਹੋਏ ਕੈਲਾਸ਼ ਪਰਬਤ ਪੁੱਜੇ। ਗੁਰੂ ਜੀ ਦੇ ਇਥੇ ਪੁੱਜਣ 'ਤੇ ਸਿੱਧ ਬੜੇ ਹੈਰਾਨ ਹੋਏ। ਗੁਰੂ ਜੀ ਨੇ ਉਨ੍ਹਾਂ ਨੂੰ ਦੱਸਿਆ ਕਿ ਸੰਸਾਰ ਵਿੱਚੋਂ ਸੱਚ ਅਲੋਪ ਹੋ ਗਿਆ ਹੈ ਤੇ ਹਰ ਪਾਸੇ ਭ੍ਰਿਸ਼ਟਾਚਾਰ ਤੇ ਝੂਠ ਦਾ ਬੋਲਬਾਲਾ ਹੈ। ਗੁਰੂ ਜੀ ਨੇ ਉਨ੍ਹਾਂ ਨੂੰ ਕਰਮ-ਕਾਂਡਾਂ ਦੀ ਥਾਂ ਲੋਕਾਈ ਦੇ ਮਾਰਗ-ਦਰਸ਼ਨ ਦਾ ਸੰਦੇਸ਼ ਦਿੱਤਾ। ਲੱਦਾਖ ਤੋਂ ਬਾਅਦ ਕਸ਼ਮੀਰ ਸਥਿਤ ਮਟਨ ਵਿਖੇ ਗੁਰੂ ਨਾਨਕ ਦੇਵ ਜੀ ਦਾ ਪੰਡਤ ਬ੍ਰਹਮ ਦਾਸ ਨਾਲ ਧਾਰਮਿਕ ਵਾਦ-ਵਿਵਾਦ ਹੋਇਆ। ਗੁਰੂ ਜੀ ਨੇ ਉਸ ਨੂੰ ਸਮਝਾਇਆ ਕਿ ਮੁਕਤੀ ਗ੍ਰੰਥਾਂ ਨੂੰ ਪੜ੍ਹਨ ਨਾਲ ਨਹੀਂ ਬਲਕਿ ਉਨ੍ਹਾਂ ਵਿਚਲੀਆਂ ਗੱਲਾਂ 'ਤੇ ਅਮਲ ਕਰ ਕੇ ਪ੍ਰਾਪਤ ਕੀਤੀ ਜਾ ਸਕਦੀ ਹੈ। ਗੁਰੂ ਜੀ ਪੰਜਾਬ ਦੀ ਵਾਪਸੀ ਯਾਤਰਾ ਸਮੇਂ ਹਸਨ ਅਬਦਾਲ ਵਿਖੇ ਠਹਿਰੇ। ਇਥੇ ਹੰਕਾਰੀ ਫ਼ਕੀਰ ਵਲੀ ਕੰਧਾਰੀ ਨੇ ਗੁਰੂ ਜੀ ਨੂੰ ਕੁਚਲਣ ਲਈ ਵੱਡਾ ਪੱਥਰ ਪਹਾੜੀ ਤੋਂ ਸੁੱਟਿਆ। ਗੁਰੂ ਜੀ ਨੇ ਇਸ ਨੂੰ ਆਪਣੇ ਪੰਜੇ ਨਾਲ ਰੋਕਿਆ। ਇਸ ਅਸਥਾਨ ਨੂੰ 'ਪੰਜਾ ਸਾਹਿਬ' ਆਖਦੇ ਹਨ। ਸਿਆਲਕੋਟ ਵਿਖੇ ਗੁਰੂ ਜੀ ਦੀ ਮੁਲਾਕਾਤ ਇਕ ਦਰਵੇਸ਼ ਹਮਜਾ ਗੌਂਸ ਨਾਲ ਹੋਈ। ਉਸ ਨੇ ਕਿਸੇ ਗੱਲ ਤੋਂ ਨਰਾਜ਼ ਹੋ ਕੇ ਆਪਣੀ ਸ਼ਕਤੀ ਨਾਲੇ ਸ਼ਹਿਰ ਨੂੰ ਤਬਾਅ ਕਰਨ ਦਾ ਨਿਰਣਾ ਕਰ ਲਿਆ ਸੀ ਪਰ ਗੁਰੂ ਜੀ ਨੂੰ ਮਿਲਣ ਉਪਰੰਤ ਉਸ ਨੇ ਨਿਰਣਾ ਬਦਲ ਲਿਆ।

## ਤੀਜੀ ਉਦਾਸੀ

1517 ਵਿਚ ਤੀਜੀ ਉਦਾਸੀ ਸਮੇਂ ਗੁਰੂ ਸਾਹਿਬ ਪੱਛਮ-ਏਸ਼ਿਆਈ ਦੇਸ਼ਾਂ ਵੱਲ ਗਏ।

**ਮੱਕਾ** : ਗੁਰੂ ਨਾਨਕ ਸਾਹਿਬ ਜਦੋਂ ਮੱਕੇ ਪਹੁੰਚੇ ਤਾਂ ਉਹ ਕਾਅਬੇ ਵੱਲ ਪੈਰ ਕਰ ਕੇ ਸੌਂ ਗਏ। ਜਦੋਂ ਕਾਜ਼ੀ ਰੁਕਨਦੀਨ ਨੇ ਇਹ ਵੇਖਿਆ ਤਾਂ ਉਸ ਨੂੰ ਬਹੁਤ ਗੁੱਸਾ ਆਇਆ। ਆਖਦੇ ਹਨ ਕਿ ਜਦੋਂ ਕਾਜ਼ੀ ਨੇ ਗੁਰੂ ਸਾਹਿਬ ਦੇ ਪੈਰ ਫੜ ਕੇ ਦੂਜੇ ਪਾਸੇ ਕਰਨੇ ਚਾਹੇ ਤਾਂ ਮਹਿਰਾਬ ਵੀ ਉਸ ਪਾਸੇ ਘੁੰਮਣ ਲੱਗਾ। ਇਹ ਵੇਖ ਕਿ ਮੁਸਲਮਾਨ ਬੜੇ ਪ੍ਰਭਾਵਿਤ ਹੋਏ। ਗੁਰੂ ਸਾਹਿਬ ਨੇ ਸਮਝਾਇਆ ਕਿ ਪ੍ਰਮਾਤਮਾ ਸਰਬਵਿਆਪਕ ਹੈ। ਇਸ ਉਪਰੰਤ ਉਹ ਮਦੀਨਾ ਤੇ ਬਗ਼ਦਾਦ ਗਏ। ਗੁਰੂ ਸਾਹਿਬ ਜਦੋਂ 1520-21 ਵਿਚ ਸੈਦਪੁਰ ਪੁੱਜੇ ਤਾਂ ਉਸ ਸਮੇਂ ਬਾਬਰ ਨੇ ਪੰਜਾਬ ਉੱਤੇ ਹਮਲਾ ਕੀਤਾ ਸੀ। ਹਮਲੇ 'ਚ ਹਜ਼ਾਰਾਂ ਦੀ ਗਿਣਤੀ 'ਚ ਲੋਕਾਂ ਨੂੰ ਕੈਦੀ ਬਣਾ ਲਿਆ ਗਿਆ। ਇਨ੍ਹਾਂ ਵਿਚ ਗੁਰੂ ਸਾਹਿਬ ਵੀ ਸਨ। ਜਦੋਂ ਬਾਬਰ ਨੂੰ ਪਤਾ ਲੱਗਾ ਕਿ ਗੁਰੂ ਸਾਹਿਬ ਮਹਾਨ ਸੰਤ ਹਨ ਤਾਂ ਉਸ ਨੇ ਗੁਰੂ ਸਾਹਿਬ ਤੇ ਬਾਕੀ ਕੈਦੀਆਂ ਨੂੰ ਰਿਹਾਅ ਕਰ ਦਿੱਤਾ।

**ਕਰਤਾਰਪੁਰ ਵਿਖੇ ਨਿਵਾਸ** : 1521 ਈਸਵੀ ਵਿਚ ਗੁਰੂ ਨਾਨਕ ਦੇਵ ਜੀ ਨੇ ਰਾਵੀ ਦਰਿਆ ਦੇ ਕਿਨਾਰੇ ਕਰਤਾਰਪੁਰ ਨਾਂ ਦੇ ਨਗਰ ਦੀ ਸਥਾਪਨਾ ਕੀਤੀ। ਇਥੇ ਗੁਰੂ ਜੀ ਨੇ ਪਰਿਵਾਰ ਸਮੇਤ ਆਪਣੇ ਜੀਵਨ ਦੇ ਆਖ਼ਰੀ 18 ਸਾਲ ਬਤੀਤ ਕੀਤੇ। ਇਥੇ ਗੁਰੂ ਜੀ ਨੇ 976 ਸ਼ਬਦਾਂ ਦੀ ਰਚਨਾ ਕੀਤੀ। ਗੁਰੂ ਜੀ ਦਾ ਇਹ ਕੰਮ ਸਿੱਖ ਪੰਥ ਦੇ ਵਿਕਾਸ ਲਈ ਮੀਲ ਪੱਥਰ ਸਿੱਧ ਹੋਇਆ। ਗੁਰੂ ਨਾਨਕ ਦੇਵ ਜੀ ਦੀਆਂ ਪ੍ਰਮੁੱਖ ਬਾਣੀਆਂ ਦੇ ਨਾਂ ਜਪੁਜੀ, ਵਾਰ ਮਾਝ, ਆਸਾ ਦੀ ਵਾਰ, ਸਿੱਧ ਗੋਸ਼ਟਿ, ਵਾਰ ਮਲਹਾਰ, ਬਾਰਾਹਮਾਹ ਅਤੇ ਪੱਟੀ ਆਦਿ ਹਨ।

**ਜੋਤੀ-ਜੋਤੀ ਸਮਾਉਣਾ** : ਗੁਰੂ ਨਾਨਕ ਦੇਵ ਜੀ 22 ਸਤੰਬਰ 1539 ਈਸਵੀ ਵਿਚ ਜੋਤੀ ਜੋਤ ਸਮਾਏ। ਜੋਤੀ ਜੋਤ ਸਮਾਉਣ ਤੋਂ ਪਹਿਲਾਂ ਗੁਰੂ ਸਾਹਿਬ ਨੇ ਭਾਈ ਲਹਿਣਾ ਜੀ ਨੂੰ ਆਪਣਾ ਉਤਰਾਧਿਕਾਰੀ ਨਿਯੁਕਤ ਕੀਤਾ ਤੇ ਗੁਰ ਗੱਦੀ ਬਖ਼ਸ਼ ਕੇ ਉਨ੍ਹਾਂ ਨੂੰ ਭਾਈ ਲਹਿਣਾ ਜੀ ਤੋਂ ਗੁਰੂ ਅੰਗਦ ਦੇਵ ਜੀ ਬਣਾ ਦਿੱਤਾ। •

# 434 ਥਾਂਵਾ ਤੇ ਮਿਲੇ ਲਾਰਵੇ ਨੂੰ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਮੌਕੇ 'ਤੇ ਹੀ ਨਸ਼ਟ ਕਰਵਾ ਦਿੱਤਾ ਗਿਆ

**ਪਟਿਆਲਾ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਸਰਜਨ ਪਟਿਆਲਾ ਡਾ.ਜਗਪਾਲਇੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡੇਂਗੂ ਤੋਂ ਬਚਾਅ ਲਈ ਹਰੇਕ ਸ਼ੁੱਕਰਵਾਰ ਮਨਾਏ ਜਾ ਰਹੇ ਡਰਾਈ-ਡੇਅ ਤਹਿਤ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਗਲੀ / ਮੁਹੱਲਿਆਂ ਵਿਚ ਘਰ ਘਰ ਜਾ ਕੇ ਪਾਣੀ ਦੇ ਖੜੇ ਸਰੋਤਾਂ ਦੀ ਚੈਕਿੰਗ ਕੀਤੀ ਗਈ? ਡੇਂਗੂ ਦੇ ਹਾਟਸਪਾਟ ਥਾਂਵਾਂ ਉੱਤੇ ਸਰਵੇ ਕੀਤਾ ਗਿਆ।ਇਸ ਮੌਕੇ ਨਰਸਿੰਗ ਵਿਦਿਆਰਥਨਾਂ ਅਤੇ ਆਸ਼ਾ ਵਰਕਰਾਂ ਵੱਲੋਂ ਵੀ ਭਾਗ ਲਿਆ ਗਿਆ?



ਸਿਵਲ ਸਰਜਨ ਡਾ.ਜਗਪਾਲਇੰਦਰ ਸਿੰਘ ਨੇ ਨਾਖਿਆ ਕਿ ਪਟਿਆਲਾ ਦੇ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਡੇਂਗੂ ਦੇ ਇਲਾਜ ਸਬੰਧੀ ਪ੍ਰਬੰਧ ਮੁਕੰਮਲ ਹਨ ਅਤੇ ਲੋੜੀਂਦੀਆਂ ਹਰੇਕ ਤਰ੍ਹਾਂ ਦੀਆਂ ਦਵਾਈਆਂ ਮੌਜੂਦ ਹਨ ਤੇ ਸਾਰੇ ਇਲਾਕਿਆਂ ਵਿੱਚ ਸਿਹਤ ਵਿਭਾਗ ਦੀਆਂ ਟੀਮਾਂ ਪੂਰੀ ਚੌਕਸੀ ਨਾਲ ਕੰਮ ਕਰ ਰਹੀਆਂ ਹਨ? ਉਨ੍ਹਾਂ ਆਖਿਆ ਕਿ ਪਾਣੀ ਨੂੰ ਕਿਤੇ ਖੜ੍ਹਾ ਨਾ ਹੋਣ ਦਿੱਤਾ ਜਾਵੇ ਤੇ ਜੇ ਕਿਤੇ ਪਾਣੀ ਖੜ੍ਹਾ ਰਹਿ ਵੀ ਜਾਂਦਾ ਹੈ ਤਾਂ ਪਾਣੀ ਦੇ ਖੜ੍ਹੇ ਸਰੋਤਾਂ ਵਿੱਚ ਕਾਲਾ ਤੇਲ ਪਾ ਦਿੱਤਾ ਜਾਵੇ? ਜੇ ਕਿਸੇ ਨੂੰ ਤੇਜ਼ ਬੁਖਾਰ, ਸਿਰਦਰਦ, ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ ਮਹਿਸੂਸ ਹੁੰਦਾ ਹੈ ਤੇ ਸਾਰੇ ਸ਼ਰੀਰ ਵਿੱਚ ਦਰਦ ਹੁੰਦਾ ਹੈ ਤਾਂ ਨਜ਼ਦੀਕੀ ਸਿਹਤ ਕੇਂਦਰ ਵਿੱਚ ਜਾ ਕੇ ਡੇਂਗੂ ਸਬੰਧੀ ਜਾਂਚ ਕਰਵਾਈ ਜਾਵੇ।

ਜਿਲ੍ਹਾ ਐਪੀਡੋਮੋਲੋਜਿਸਟ ਡਾ.ਸੁਮੀਤ ਸਿੰਘ ਨੇ ਆਖਿਆ ਕਿ ਇਸ ਵਾਰੀ ਸਮੁੱਚੇ ਪਟਿਆਲਾ ਜਿਲ੍ਹੇ ਵਿੱਚ ਹੁਣ ਤੱਕ 524 ਡੇਂਗੂ ਦੇ ਕੇਸ ਪਾਏ ਗਏ ਹਨ? ਉਨ੍ਹਾਂ ਦੱਸਿਆ ਕਿ ਇਸ ਹਫਤੇ ਜਿਲ੍ਹੇ ਭਰ ਦੇ 39416 ਘਰਾਂ ਵਿਚ ਪਹੁੰਚ ਕੇ ਡੇਂਗੂ ਲਾਰਵੇ ਦੀ ਚੈਕਿੰਗ ਕੀਤੀ ਗਈ ਅਤੇ 434 ਥਾਂਵਾ ਤੇ ਮਿਲੇ ਲਾਰਵੇ ਨੂੰ ਟੀਮਾਂ ਵੱਲੋਂ ਮੌਕੇ ਤੇ ਹੀ ਨਸ਼ਟ ਕਰਵਾ ਦਿੱਤਾ ਗਿਆ? ਉਨ੍ਹਾਂ ਅੱਗੇ ਦੱਸਿਆ ਕਿ ਹੁਣ ਤੱਕ ਸਿਹਤ ਟੀਮਾਂ ਵੱਲੋਂ ਡਰਾਈ ਡੇਅ ਮੁਹਿੰਮ ਤਹਿਤ 1036665 ਘਰਾਂ ਦਾ ਸਰਵੇ ਕੀਤਾ ਜਾ ਚੁੱਕਾ ਹੈ, ਜਿਨ੍ਹਾਂ ਵਿੱਚ 10328 ਥਾਂਵਾ ਤੇ ਮਿਲੇ ਲਾਰਵਾ ਨੂੰ ਮੌਕੇ ਤੇ ਹੀ ਨਸ਼ਟ ਕਰਵਾ ਦਿੱਤਾ ਗਿਆ ਹੈ ਅਤੇ ਸਬੰਧਤ ਪਰਿਵਾਰਾਂ ਨੂੰ ਅਗਾਂਹ ਲਈ ਬਚਾਅ ਸਬੰਧੀ ਜਾਗਰੂਕ ਕੀਤਾ ਗਿਆ? ਉਹਨਾਂ ਆਖਿਆ ਕਿ ਡੇਂਗੂ ਬੁਖਾਰ ਫੈਲਾਉਣ ਵਾਲੇ ਮੱਛਰਾਂ ਦੀ ਪੈਦਾਵਾਰ ਦਾ ਇਹ ਸਿਖਰ ਸਮਾਂ ਹੈ ਇਸ ਲਈ ਦਿਨ ਦੇ ਸਮੇਂ ਜਾਲੀ ਵਾਲੇ ਖਿੜਕੀ ਦਰਵਾਜੇ ਬੰਦ ਰੱਖੇ ਜਾਣ, ਦਿਨ ਵੇਲੇ ਮੱਛਰ ਭਜਾਉਣ ਵਾਲੀ ਰਿਪੈਲੇਂਟ ਜਿਵੇਂ ਕਿ ਆਲ-ਆਉਟ ਆਦਿ ਲਗਾਏ ਜਾਣ।

# ਸ.ਸੀ. ਕਮਿਸ਼ਨ ਜਨਵਰੀ 2026 ਤੋਂ ਵਰਚੂਅਲ ਕੋਰਟ ਕਰੇਗੀ ਸਥਾਪਤ: ਜਸਵੀਰ ਸਿੰਘ ਗੜ੍ਹੀ

## ਕਮਿਸ਼ਨ ਦੇ ਯਤਨਾਂ ਸਦਕਾ ਪੁਲਿਸ ਵਿਭਾਗ ਵੱਲੋਂ ਨੋਡਲ ਅਧਿਕਾਰੀ ਨਿਯੁਕਤ

**ਚੰਡੀਗੜ੍ਹ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਵੱਲੋਂ ਰਾਜ ਦੇ ਲੋਕਾਂ ਨੂੰ ਸਹੂਲਤ ਦੇਣ ਦੇ ਮਕਸਦ ਨਾਲ ਕਮਿਸ਼ਨ ਦੀ ਕਾਰਵਾਈ ਜਨਵਰੀ 2026 ਤੋਂ ਵਰਚੂਅਲ ਕੋਰਟ ਰਾਹੀਂ ਚਲਾਈ ਜਾਵੇਗੀ। ਇਹ ਜਾਣਕਾਰੀ ਕਮਿਸ਼ਨ ਦੇ ਚੇਅਰਮੈਨ ਸ. ਜਸਵੀਰ ਸਿੰਘ ਗੜ੍ਹੀ ਵੱਲੋਂ ਅੱਜ ਇਥੇ ਦਿੱਤੀ ਗਈ। ਉਹ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੀ 27ਵੀਂ ਫੁੱਲ ਕਮਿਸ਼ਨ ਦੀ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ।

ਉਨ੍ਹਾਂ ਕਿਹਾ ਕਿ ਪੰਜਾਬ ਰਾਜ ਦੇ ਦੂਰ-ਦਰਾਡੇ ਇਲਾਕਿਆਂ ਤੋਂ ਵੱਖ-ਵੱਖ ਮਾਮਲਿਆਂ ਦੀ ਸੁਣਵਾਈ ਲਈ ਲੋਕ ਲੰਮਾ ਪੈਂਡਾ ਤੈਅ ਕਰਕੇ ਚੰਡੀਗੜ੍ਹ ਆਉਂਦੇ ਹਨ, ਜਿਸ ਵਿੱਚ ਉਨ੍ਹਾਂ ਦਾ ਪੈਸਾ ਅਤੇ ਸਮਾਂ ਵੱਡੇ ਪੱਧਰ 'ਤੇ ਖ਼ਰਚ ਹੁੰਦਾ ਹੈ। ਉਨ੍ਹਾਂ ਕਿਹਾ ਇਸ ਸਮੱਸਿਆ ਨੂੰ ਦੂਰ ਕਰਨ ਲਈ ਉਹ ਅਧਿਕਾਰੀਆਂ ਨਾਲ ਤਾਲਮੇਲ ਕਰਕੇ ਵਰਚੂਅਲ ਕੋਰਟ ਰੂਮ ਸਥਾਪਤ ਕਰਨ ਲਈ ਯਤਨ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਐਸ.ਸੀ. ਕਮਿਸ਼ਨ ਦਾ ਨਵਾਂ ਕੋਰਟ ਰੂਮ ਪੰਜਾਬ ਸਿਵਲ ਸਕੱਤਰੇਤ ਦੀ ਚੌਥੀ ਮੰਜ਼ਿਲ 'ਤੇ ਤਿਆਰ ਕੀਤਾ ਜਾ ਰਿਹਾ ਹੈ, ਜੋ ਕਿ ਨਵੰਬਰ ਵਿੱਚ ਮੁਕੰਮਲ ਹੋ ਕੇ ਕਾਰਜਸ਼ੀਲ ਹੋ ਜਾਵੇਗਾ।

ਉਨ੍ਹਾਂ ਦੱਸਿਆ ਕਿ ਕਮਿਸ਼ਨ ਦੇ ਯਤਨਾਂ ਸਦਕਾ ਪੰਜਾਬ ਰਾਜ ਦੇ ਹਰੇਕ ਜ਼ਿਲ੍ਹੇ ਵਿੱਚ ਐਸ.ਸੀ.ਐਸ.ਟੀ.ਐਕਟ ਤਹਿਤ ਦਰਜ ਮਾਮਲਿਆਂ ਦੇ ਨਿਪਟਾਰੇ ਲਈ ਐਸ.ਪੀ.ਪੱਧਰ ਦੇ ਨੋਡਲ ਅਧਿਕਾਰੀ ਨਿਯੁਕਤ ਕੀਤਾ ਗਏ ਹਨ ਅਤੇ ਰਾਜ ਪੱਧਰ ਤੇ ਡੀ.ਆਈ.ਜੀ. ਪੱਧਰ ਦਾ ਅਧਿਕਾਰੀ ਸ੍ਰੀ ਨਵੀਨ ਸੈਣੀ ਡੀਜੀਪੀ ਕ੍ਰਾਈਮ ਅਤੇ ਕਮਿਸ਼ਨ ਦੇ ਨੋਡਲ ਅਧਿਕਾਰੀ ਏਆਈਜੀ ਸੁਰਿੰਦਰਜੀਤ ਕੌਰ ਜੀ ਨੂੰ ਨਿਯੁਕਤ ਕੀਤਾ ਗਿਆ ਹੈ। ਜਦੋਂ ਕਿ ਸਪੈਸ਼ਲ ਡੀਜੀਪੀ ਸ਼੍ਰੀ ਨਰੇਸ਼ ਅਰੋੜਾ ਜੀ ਵਿਸ਼ੇਸ਼ ਤੌਰ ਤੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਜੀ ਨਾਲ ਕਮਿਸ਼ਨ ਅਤੇ ਪੁਲਿਸ ਵਿਭਾਗ ਦੇ ਤਾਲਮੇਲ ਨੂੰ ਮਜਬੂਤ ਕਰਨਗੇ।



ਉਨ੍ਹਾਂ ਦੱਸਿਆ ਕਿ ਅੱਜ ਦੀ ਮੀਟਿੰਗ ਵਿੱਚ ਪੁਲਿਸ, ਸਥਾਨਕ ਸਰਕਾਰਾਂ, ਸਮਾਜਿਕ ਨਿਆਂ ਤੇ ਹੋਰ ਵਿਭਾਗਾਂ ਦੇ ਸੀਨੀਅਰ ਅਧਿਕਾਰੀਆਂ ਨਾਲ ਐਸ.ਸੀ./ਐਸ.ਟੀ. ਅੱਤਿਆਚਾਰ ਰੋਕਥਾਮ ਐਕਟ 1989 ਤਹਿਤ ਦਰਜ ਕੇਸਾਂ ਦੀ ਸਥਿਤੀ ਸਬੰਧੀ ਰਿਪੋਰਟ ਲਈ ਗਈ। ਇਸ ਤੋਂ ਇਲਾਵਾ ਕਮਿਸ਼ਨ ਦੀ 26ਵੀ ਮੀਟਿੰਗ ਦੌਰਾਨ ਪੁਲਿਸ ਵਿਭਾਗ ਨੂੰ ਕੀਤੀ ਗਈ ਹਦਾਇਤ ਅਨੁਸਾਰ ਵਿਸ਼ੇਸ਼ ਹੈਲਪ ਲਾਈਨ ਨੰਬਰ ਸਥਾਪਿਤ ਕਰਨ ਬਾਰੇ, ਭੂਰੀਵਾਲੇ ਗੁਰਗੱਦੀ (ਗਰੀਬ ਦਾਸੀ ਪਰੰਪਰਾ) ਸੰਪਰਦਾਇ ਦੇ ਧਾਮ ਸ੍ਰੀ ਰਕਬਾ ਸਾਹਿਬ (ਲੁਧਿਆਣਾ) ਅਤੇ ਸ੍ਰੀ ਝਾਂਡੀਆਂ ਧਾਮ (ਰੋਪੜ) ਵਿਖੇ ਸ਼ਰਧਾਲੂਆਂ ਦੀ ਸੁਰੱਖਿਆ ਲਈ ਅਤੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਚਰਨਛੋਹ ਪ੍ਰਾਪਤ ਧਰਤੀ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਤਪ-ਅਸਥਾਨ ਅਤੇ ਚਰਨ ਛੋਹ ਗੰਗਾ ਵਿਖੇ ਸੁਰੱਖਿਆ ਲਈ ਗਾਰਦ ਨਿਯੁਕਤ ਕਰਨ ਬਾਰੇ ਅਤੇ ਕਮਿਸ਼ਨ ਦੇ ਮੈਂਬਰ ਨੂੰ ਸੁਰੱਖਿਆ ਮੁੱਹਈਆ ਕਰਵਾਉਣ ਲਈ ਕਮਿਸ਼ਨ ਦੇ ਹੁਕਮ ਸਬੰਧੀ ਕੀਤੀ ਕਾਰਵਾਈ ਦੀ ਰਿਪੋਰਟ ਵੀ ਲਈ ਗਈ।

ਸਰਦਾਰ ਗੜ੍ਹੀ ਨੇ ਦੱਸਿਆ ਕਿ ਇਸ ਤੋਂ ਇਲਾਵਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਵਿਭਾਗ ਦੇ ਅਧਿਕਾਰੀਆਂ ਤੋਂ ਬਰਨਾਲਾ, ਫਾਜ਼ਿਲਕਾ, ਮਲੇਰਕੋਟਲਾ, ਪਠਾਨਕੋਟ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿੱਚ ਅੰਬੇਡਕਰ ਭਵਨ ਦੇ ਨਿਰਮਾਣ ਸਬੰਧੀ ਕਾਰਜਾਂ ਵਿੱਚ ਤੇਜ਼ੀ ਲਿਆਉਣ, ਸਾਲ 2017 ਤੋਂ 2019 ਪੋਸਟਮੈਟਿਕ ਸਕਾਲਰਸ਼ਿਪ ਸਕੀਮ ਦੇ ਸੂਬੇ ਦੇ 40% ਹਿੱਸੇ ਦੇ ਹਿਸਾਬ ਨਾਲ ਬਕਾਇਆ ਫੰਡ ਸਬੰਧਤ ਕਾਲਜਾਂ ਤੇ ਸਿੱਖਿਆ ਸੰਸਥਾਵਾਂ ਨੂੰ ਦਿਵਾਉਣ ਲਈ ਅਤੇ ਪੋਸਟ ਮੈਟਰਿਕਸ ਸਕਾਲਰਸ਼ਿਪ ਸਕੀਮ ਦਾ 60% ਕੇਂਦਰੀ ਸਰਕਾਰ ਦਾ ਹਿੱਸਾ 2017-2020 ਦ 1550ਕਰੋੜ ਦ ਹਿੱਸਾ ਕੇਂਦਰ ਸਰਕਾਰ ਨਾਲ ਚਾਰਾਜੋਈ ਕਰਕੇ ਹੱਲ ਕਰਾਉਣ ਅਤੇ ਡਿਊਟੀ ਦੌਰਾਨ ਮਰਨ ਵਾਲੇ ਸਫਾਈ ਕਰਮਚਾਰੀਆਂ ਦੇ ਪਰਿਵਾਰਾਂ ਨੂੰ ਤਰਸ ਦੇ ਅਧਾਰ ਤੇ ਨੌਕਰੀ ਦੇਣ ਸਬੰਧੀ ਪੈਂਡਿੰਗ ਕੇਸਾਂ ਨੂੰ ਜਲਦ ਨਿਪਟਾਰੇ ਸਬੰਧੀ ਵੀ ਜਾਣਕਾਰੀ ਲਈ ਗਈ।

ਅੱਜ ਦੀ ਮੀਟਿੰਗ ਵਿੱਚ ਕਮਿਸ਼ਨ ਦੇ ਮੈਂਬਰ ਰੁਪਿੰਦਰ ਸਿੰਘ ਸੀਤਲ, ਗੁਰਪ੍ਰੀਤ ਸਿੰਘ ਇੱਟਾਂਵਾਲੀ, ਗੁਲਜ਼ਾਰ ਸਿੰਘ ਬੋਬੀ , ਪੰਜਾਬ ਪੁਲਿਸ ਦੇ ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ ਸ੍ਰੀ ਨਰੇਸ਼ ਅਰੋੜਾ, ਡਾਇਰੈਕਟਰ ਸਮਾਜਿਕ ਨਿਆਂ, ਅਧਿਕਾਰਤਾ ਤੇ ਘੱਟ ਗਿਣਤੀ ਸ੍ਰੀਮਤੀ ਵਿਮੀ ਭੁੱਲਰ ਤੋ ਇਲਾਵਾ ਸਥਾਨਕ ਸਰਕਾਰਾਂ ਵਿਭਾਗ, ਕਮਿਸ਼ਨ ਦੇ ਮੈਂਬਰ ਸੈਕਟਰੀ ਡਾਕਟਰ ਨਯਨ ਜੱਸਲ, ਡੀਆਈਜੀ ਨਵੀਨ ਸੈਣੀ ਏਆਈਜੀ ਸੁਰਿੰਦਰਜੀਤ ਕੌਰ ਪੁਲਿਸ ਵਿਭਾਗ ਸਮੇਤ ਕਈ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਸਰਕਾਰੀ ਬਹੁਤਕਨੀਕੀ ਕਾਲਜ ਪਟਿਆਲਾ ਵਿਖੇ ਰਾਜ ਪੱਧਰੀ ਬਾਸਕਟਬਾਲ ਟੂਰਨਾਮੈਂਟ ਯਾਦਗਾਰੀ ਹੋ ਨਿਬੜਿਆ



**ਪਟਿਆਲਾ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਟੈਕਨੀਕਲ ਇੰਸਟੀਚਿਊਟਸ ਸਪੋਰਟਸ (ਪੀ.ਟੀ.ਆਈ.ਐਸ) ਵੱਲੋਂ ਸਰਕਾਰੀ ਬਹੁਤਕਨੀਕੀ ਕਾਲਜ ਪਟਿਆਲਾ ਵਿਖੇ ਪ੍ਰਿੰਸੀਪਲ ਜਗਦੇਵ ਸਿੰਘ ਕਾਲੇਕਾ ਦੀ ਅਗਵਾਈ ਹੇਠ ਰਾਜ ਪੱਧਰੀ ਇੰਟਰਪੋਲੀਟੈਕਨਿਕ ਖੇਡਾਂ ਦੇ ਬਾਸਕਟਬਾਲ ਮੁਕਾਬਲੇ 29 ਅਤੇ 30 ਅਕਤੂਬਰ ਨੂੰ ਸਫਲਤਾ ਪੂਰਵਕ ਕਰਵਾਏ ਗਏ। ਐਸ.ਆਰ.ਸੀ. ਪ੍ਰਧਾਨ ਨਵਜੀਤ ਕੌਰ ਗਰੇਵਾਲ ਨੇ ਦੱਸਿਆ ਕਿ ਇਸ ਦੋ ਰੋਜ਼ਾ ਟੂਰਨਾਮੈਂਟ ਵਿੱਚ ਰਾਜ ਭਰ ਦੇ ਵੱਖ ਵੱਖ ਸਰਕਾਰੀ ਅਤੇ ਨਿੱਜੀ ਬਹੁਤਕਨੀਕੀ ਕਾਲਜਾਂ ਦੀਆਂ ਕੁੱਲ 8 ਟੀਮਾਂ ਨੇ ਹਿੱਸਾ ਲਿਆ। ਬਾਸਕਟਬਾਲ ਲੜਕਿਆਂ ਵਿੱਚ ਸਰਕਾਰੀ ਬਹੁਤਕਨੀਕੀ ਕਾਲਜ ਬਟਾਲਾ ਨੇ ਪਹਿਲਾ, ਦੇਸ਼ ਭਗਤ ਪੋਲੀਟੈਕਨਿਕ ਕਾਲਜ ਧੂਰੀ ਨੇ ਦੂਸਰਾ ਅਤੇ ਸੀ.ਸੀ.ਈ.ਟੀ. ਚੰਡੀਗੜ੍ਹ ਨੇ ਤੀਜਾ ਸਥਾਨ ਹਾਸਲ ਕੀਤਾ । ਇਸੇ ਤਰ੍ਹਾਂ ਲੜਕੀਆਂ ਦੇ ਮੁਕਾਬਲੇ ਵਿੱਚ ਸੀ.ਸੀ.ਈ.ਟੀ. ਚੰਡੀਗੜ੍ਹ ਦੀ ਟੀਮ ਨੇ ਪਹਿਲਾ ਅਤੇ ਸਰਕਾਰੀ ਬਹੁਤਕਨੀਕੀ ਕਾਲਜ (ਲ) ਅਮ੍ਰਿਤਸਰ ਨੇ ਦੂਜਾ ਸਥਾਨ ਹਾਸਲ ਕੀਤਾ। ਇਸ ਮੌਕੇ ਤੇ ਪ੍ਰਿੰਸੀਪਲ ਜਗਦੇਵ ਸਿੰਘ ਕਾਲੇਕਾ ਵੱਲੋ ਜੇਤੂ ਟੀਮਾਂ ਨੂੰ ਟਰਾਫੀ, ਮੈਡਲ ਅਤੇ ਸਰਟੀਫਿਕੇਟ ਵੰਡੇ ਗਏ। ਪ੍ਰਿੰਸੀਪਲ ਨੇ ਖੇਡ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਕਾਲਜਾਂ ਦੇ ਪ੍ਰਿੰਸੀਪਲ, ਇੰਚਾਰਜ਼ਾਂ ਅਤੇ ਖਿਡਾਰੀਆਂ ਦਾ ਧੰਨਵਾਦ ਕੀਤਾ ਅਤੇ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵਧ ਚੜ੍ਹ ਕੇ ਹਿੱਸਾ ਲੈਂਦੇ ਰਹਿਣ ਲਈ ਪ੍ਰੇਰਿਤ ਕੀਤਾ।

# ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਯਾਦ 'ਚ ਭਾਜਪਾ ਸੂਬੇ ਦੇ ਹਰ ਕਸਬੇ ਵਿਚ ਕਰੇਗੀ ਵਿਸ਼ਾਲ ਸਮਾਰੋਹ- ਸੂਬਾ ਪੱਧਰੀ ਕਮੇਟੀ ਦਾ ਐਲਾਨ

## *ਸਾਬਕਾ ਸੰਸਦ ਮੈਂਬਰ ਮਹਾਰਾਣੀ ਪ੍ਰਨੀਤ ਕੌਰ ਨੂੰ ਕੋਆਰਡੀਨੇਟਰ, ਪਰਮਿੰਦਰ ਸਿੰਘ ਬਰਾੜ ਨੂੰ ਇੰਚਾਰਜ ਕੀਤਾ ਨਿਯੁਕਤ*

**ਪਟਿਆਲਾ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸ਼ਾਨ ਨਾਲ ਮਨਾਉਣ ਲਈ ਪੰਜਾਬ ਭਾਜਪਾ ਵੱਲੋਂ ਸੂਬਾ ਪੱਧਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ। ਇਸ ਕਮੇਟੀ ਵਿੱਚ ਸੂਬੇ ਦੇ ਸੀਨੀਅਰ ਆਗੂਆਂ ਨੂੰ ਸ਼ਾਮਲ ਕੀਤਾ ਗਿਆ ਹੈ ਤਾਂ ਜੋ ਕਸਬਾ ਪੱਧਰ ਤੱਕ ਕਰਵਾਏ ਜਾਣ ਵਾਲੇ ਸਮਾਰੋਹਾਂ ਦੀ ਤਿਆਰੀ ਸੁਚੱਜੇ ਢੰਗ ਨਾਲ ਕੀਤੀ ਜਾ ਸਕੇ।

ਇਸ ਕਮੇਟੀ ਵਿੱਚ ਪਟਿਆਲਾ ਤੋਂ ਸਾਬਕਾ ਸੰਸਦ ਮੈਂਬਰ ਮਹਾਰਾਣੀ ਪ੍ਰਨੀਤ ਕੌਰ ਨੂੰ ਕਮੇਟੀ ਦਾ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ, ਜਦਕਿ ਸੂਬਾ ਜਨਰਲ ਸਕੱਤਰ ਪਰਮਿੰਦਰ ਬਰਾੜ ਨੂੰ ਇੰਚਾਰਜ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।

ਇਸ ਤੋਂ ਇਲਾਵਾ ਡਾ. ਸੁਭਾਸ਼ ਸ਼ਰਮਾ (ਸੂਬਾ ਮੀਤ ਪ੍ਰਧਾਨ), ਜਤਿੰਦਰ ਮਿੱਤਲ (ਸੂਬਾ ਮੀਤ ਪ੍ਰਧਾਨ), ਮਨਜੀਤ ਸਿੰਘ ਮੰਨਾ, ਦੀਦਾਰ ਸਿੰਘ ਭੱਟੀ, ਐਸ.ਐਸ. ਚੰਨੀ (ਸੂਬਾ ਬੁਲਾਰੇ) ਅਤੇ ਸ਼ਿਵਬੀਰ ਸਿੰਘ ਰਾਜਨ (ਸਾਬਕਾ ਜ਼ਿਲ੍ਹਾ ਪ੍ਰਧਾਨ) ਨੂੰ ਸਹਿ-ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ।

ਭਾਜਪਾ ਮੁਤਾਬਕ, ਇਹ ਕਮੇਟੀ ਸੂਬੇ ਭਰ ਵਿੱਚ ਗੁਰੂ ਤੇਗ਼ ਬਹਾਦਰ ਜੀ ਦੇ ਬਲਿਦਾਨ ਤੇ ਉਨ੍ਹਾਂ ਦੇ ਉਪਦੇਸ਼ਾਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਵਿਭਿੰਨ ਧਾਰਮਿਕ ਤੇ ਸੱਭਿਆਚਾਰਕ ਸਮਾਰੋਹ ਕਰਵਾਏਗੀ। ਪਾਰਟੀ ਨੇ ਕਿਹਾ ਹੈ ਕਿ ਸਕੂਲਾਂ ਕਾਲਜਾ ਵਿੱਚ ਵੀ ਸੈਮੀਨਾਰ ਕਰਵਾਏ ਜਾਣਗੇ ਤਾਂ ਹੋ ਨੌਜਵਾਨ ਪੀੜ੍ਹੀ ਨੂੰ ਗੁਰੂ ਸਾਹਿਬ ਦੀ ਜੀਵਨੀ, ਸ਼ਹਾਦਤ ਬਾਰੇ ਜਾਣੂ ਕਰਵਾਇਆ ਜਾ ਸਕੇ ਨਾਲ ਹੀ ਇਹ ਤਿਉਹਾਰ ਸ਼ਰਧਾ, ਏਕਤਾ ਤੇ ਰਾਸ਼ਟਰੀ ਸਮਰਪਣ ਦਾ ਪ੍ਰਤੀਕ ਬਣ ਸਕੇ।

# ਮਾਡਲ ਸਕੂਲ ਵਿਖੇ ਸਰਦਾਰ ਵੱਲਭ ਭਾਈ ਪਟੇਲ ਜੀ ਦੇ ਜਨਮ ਦਿਵਸ ਮੌਕੇ *ਕੌਮੀ ਏਕਤਾ ਦਿਵਸ ਮਨਾਇਆ*




**ਪਟਿਆਲਾ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਡਲ ਸਕੂਲ ਵਿਖੇ ਅੱਜ ਸਵੇਰ ਦੀ ਸਭਾ ਵਿੱਚ ਸਰਦਾਰ ਵੱਲਭ ਭਾਈ ਪਟੇਲ ਜੀ ਦੇ 150ਵੇਂ ਜਨਮਦਿਨ ਦੇ ਮੌਕੇ ਤੇ ਵਿਦਿਆਰਥੀਆਂ ਨੂੰ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਦੇ ਉਪਰਾਲਿਆਂ ਸਬੰਧੀ ਜਗਾਰੂਕ ਕੀਤਾ ਗਿਆ । ਇਸ ਮੌਕੇ ਸਕੂਲ ਦੇ ਅਧਿਆਪਕਾ ਸ੍ਰੀਮਤੀ ਗੁਰਪ੍ਰੀਤ ਕੌਰ ਮੱਲੀ ਵੱਲੋਂ ਅਤੇ ਵਿਦਿਆਰਥੀ ਐਨ.ਸੀ.ਸੀ ਕੈਡਿਟ ਜਤਿਨ ਵੱਲੋਂ ਵਿਦਿਆਰਥੀਆਂ ਨੂੰ ਭ੍ਰਿਸ਼ਟਾਚਾਰ ਦੇ ਵਿਰੁੱਧ ਲੜਨ ਲਈ ਉਤਸ਼ਾਹਿਤ ਕੀਤਾ । ਸਕੂਲ ਦੇ ਵਿਦਿਆਰਥੀ ਅਨਮੋਲ ਸਿੰਘ ਵੱਲੋਂ ਭਾਰਤ ਸਰਕਾਰ ਵੱਲੋਂ ਭੇਜੀ ਗਈ ਸੌਂਹ ਚੁਕਾਈ ਗਈ। ਇਸ ਮੌਕੇ ਸਕੂਲ ਇੰਚਾਰਜ ਸ੍ਰੀ ਸਤਵੀਰ ਸਿੰਘ ਗਿੱਲ ਵੱਲੋਂ ਵਿਦਿਆਰਥੀਆਂ ਨੂੰ ਆਪਣੇ ਜੀਵਨ ਵਿੱਚ ਸਦਾ ਇਮਾਨਦਾਰੀ ਦਾ ਰਸਤਾ ਅਪਣਾਉਣ ਦੀ ਸੇਧ ਦਿੱਤੀ।

# ਗੋਪਾਸ਼ਟਮੀ 'ਤੇ ਮਾਤਾ ਪਿਤਾ ਗੋਧਾਮ ਮਹਾਤੀਰਥ 'ਤੇ 2000 ਦੇਸੀ ਘਿਓ ਦੇ ਦੀਵੇ ਜਗਾਏ ਗਏ



**ਪਟਿਆਲਾ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਬਾਲਾ ਰੋਡ 'ਤੇ ਪਿੰਡ ਖਲੋਰ ਸਥਿਤ ਮਾਤਾ ਪਿਤਾ ਗੋਧਾਮ ਮਹਾਤੀਰਥ ਵਿਖੇ ਗੋਪਸ਼ਟਮੀ ਦਾ ਤਿਉਹਾਰ ਧੂਮਧਾਮ ਅਤੇ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਸ਼ਰਧਾਲੂਆਂ ਨੇ 2000 ਤੋਂ ਵੱਧ ਦੇਸੀ ਘਿਓ ਦੇ ਦੀਵੇ ਜਗਾ ਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ । ਮੇਲੇ ਵਿੱਚ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਚੰਡੀਗੜ੍ਹ ਅਤੇ ਦਿੱਲੀ ਤੋਂ ਸੈਂਕੜੇ ਸ਼ਰਧਾਲੂਆਂ ਨੇ ਸ਼ਿਰਕਤ ਕੀਤੀ ਅਤੇ ਗੋਮਾਤਾ ਦੇਵੀ ਦੀ ਪੂਜਾ ਅਰਚਨਾ ਕੀਤੀ।

ਇਸ ਮੌਕੇ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਮੁੱਖ ਮਹਿਮਾਨ ਵਜੋਂ ਸ਼ਿਰਕਤ ਹੋਏ । ਰਾਸ਼ਟਰੀ ਪੁਰਸਕਾਰ ਵਿਜੇਤਾ ਅਤੇ ਬਾਲੀਵੁੱਡ ਅਭਿਨੇਤਾ ਅਤੇ ਨਿਰਮਾਤਾ ਵਿਜੇ ਟੰਡਨ ਅਤੇ ਆਲ ਇੰਡੀਆ ਅਗਰਵਾਲ ਕਾਨਫਰੰਸ (ਹਰਿਆਣਾ) ਦੇ ਸੀਨੀਅਰ ਮੀਤ ਪ੍ਰਧਾਨ ਜਗਮੋਹਨ ਗਰਗ ਵਿਸ਼ੇਸ਼ ਮਹਿਮਾਨਾਂ ਦੇ ਨਾਲ ਸਮਾਜ ਸੇਵਕ ਸਤਿਆਭਗਵਨ ਸਿੰਗਲਾ, ਪ੍ਰਧਾਨ ਸਨਾਤਨ ਧਰਮ ਬੈਕੁੰਠ ਧਾਮ ਪ੍ਰਦੀਪ ਗੋਇਲ, ਫਾਊਂਡਰ ਪਲੈਨੇਟ ਆਯੁਰਵੇਦ ਡਾ ਵਿਕਰਮ ਚੌਹਾਨ ਹਾਜ਼ਰ ਸਨ। ਪ੍ਰੋਗਰਾਮ ਵਿੱਚ ਆਲ ਇੰਡੀਆ ਗਊ ਕਥਾ ਵਾਚਕ ਸ਼੍ਰੀ ਚੰਦਰਕਾਂਤ ਅਤੇ ਭਜਨ ਗਾਇਕ ਸ਼੍ਰੀ ਹਿਤ ਸ਼ਰਨ ਸਿਧਾਰਥ ਭਈਆ ਜੀ ਆਪਣੀਆਂ ਕਹਾਣੀਆਂ ਅਤੇ ਭਜਨਾਂ ਨਾਲ ਮਾਤਾ ਗਊ ਦੇ ਭਗਤਾਂ ਨੂੰ ਮੰਤਰਮੁਗਧ ਕਿੱਤਾ।

ਵਰਲਡ ਰਿਕਾਰਡ ਬੁੱਕ (ਲੰਡਨ) ਵਿਚ ਮਾਤਾ ਪਿਤਾ ਗੋਧਾਮ ਮਹਾਤੀਰਥ ਮੰਦਰ ਨੂੰ ਦੁਨੀਆ ਦਾ ਇਕਲੌਤਾ ਅਜਿਹਾ ਮੰਦਰ ਹੋਣ ਦਾ ਦਰਜਾ ਦਿੱਤਾ ਗਿਆ ਹੈ, ਜਿਸ ਦੇ ਮੰਦਰ ਵਿਚ ਕਿਸੇ ਵੀ ਦੇਵੀ-ਦੇਵਤੇ ਦੀ ਮੂਰਤੀ ਨਹੀਂ ਹੈ, ਪਰ ਇਥੇ ਆਪਣੇ ਮਾਤਾ-ਪਿਤਾ ਨਾਲ ਆ ਕੇ ਉਨ੍ਹਾਂ ਨੂੰ ਅਤੇ ਜਿਨ੍ਹਾਂ ਦੇ ਮਾਤਾ-ਪਿਤਾ ਹੁਣ ਇਸ ਦੁਨੀਆ ਵਿਚ ਨਹੀਂ ਰਹੇ, ਉਨ੍ਹਾਂ ਨੂੰ ਰੌਸ਼ਨੀ ਦੇ ਰੂਪ ਵਿਚ ਯਾਦ ਕੀਤਾ ਜਾਵੇਗਾ।

ਇਸ ਮੌਕੇ ਮਹਾਤੀਰਥ ਦੇ ਟਰੱਸਟੀ ਬਿਸ਼ੇਸ਼ਵਰ ਨਾਥ ਸ਼ਰਮਾ ਅਮਰਜੀਤ ਬਾਂਸਲ, ਸੁਰਨੇਸ਼ ਸਿੰਗਲਾ, ਕਸ਼ਮੀਰੀ ਲਾਲ ਗੁਪਤਾ, ਮੋਮਨ ਰਾਮ ਗਰਗ, ਜੈਗੋਪਾਲ ਬਾਂਸਲ, ਦੀਪਕ ਮਿੱਤਲ ਅਤੇ ਕਮੇਟੀ ਮੈਂਬਰ ਸੂਰਤ ਵਾਲੀਆ, ਸੁਰੇਸ਼ ਬਾਂਸਲ, ਸੁਭਾਸ਼ ਸਿੰਗਲਾ, ਪੰਕਜ ਜੈਸਵਾਲ, ਹਿਰੇਂਦਰ ਬੁੱਧੀਰਾਜਾ, ਕੁਲਦੀਪ ਠਾਕੁਰ, ਕੁਲਦੀਪ ਠਾਕੁਰ, ਬਾਬੂ, ਕਪਿਲ ਆਦਿ ਹਾਜ਼ਰ ਸਨ।

# ਤਰਨਤਾਰਨ ਜਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਵੱਡੀ ਲੀਡ ਨਾਲ ਜਿੱਤੇਗੀ : ਬਰਸਟ

**ਪਟਿਆਲਾ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਚਹੁੰਪੱਖੀ ਵਿਕਾਸ ਕੀਤਾ ਜਾ ਰਿਹਾ ਹੈ, ਜਿਸ ਤੋਂ ਸੂਬਾ ਵਾਸੀ ਬਹੁਤ ਖੁਸ਼ ਹਨ। ਜਿਸਦੇ ਚਲਦਿਆਂ ਵਿਧਾਨ ਸਭਾ ਹਲਕਾ ਤਰਨਤਾਰਨ ਵਿਖੇ ਹੋਣ ਵਾਲੀ ਜਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸ. ਹਰਮੀਤ ਸਿੰਘ ਸੰਧੂ ਵੱਡੇ ਅੰਤਰ ਨਾਲ ਜਿੱਤ ਹਾਸਲ ਕਰਨਗੇ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ. ਹਰਚੰਦ ਸਿੰਘ ਬਰਸਟ, ਚੇਅਰਮੈਨ ਪੰਜਾਬ ਮੰਡੀ ਬੋਰਡ ਅਤੇ ਸੂਬਾ ਜਨਰਲ ਸਕੱਤਰ ਆਮ ਆਦਮੀ ਪਾਰਟੀ, ਪੰਜਾਬ ਵੱਲੋਂ ਤਰਨਤਾਰਨ ਵਿਖੇ ਚੋਣ ਪ੍ਰਚਾਰ ਦੌਰਾਨ ਕੀਤਾ ਗਿਆ।




ਇਸ ਮੌਕੇ ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਲੋਕਾਂ ਦੀ ਆਪਣੀ ਪਾਰਟੀ ਹੈ, ਜਿਸ ਵੱਲੋਂ ਲੋਕਾਂ ਦੀ ਭਲਾਈ ਅਤੇ ਸੂਬੇ ਦੀ ਤਰੱਕੀ ਲਈ ਲਗਾਤਾਰ ਕਾਰਜ ਕੀਤੇ ਜਾ ਰਹੇ ਹਨ। ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਪਣੇ ਸਾਢੇ ਤਿੰਨ ਸਾਲਾਂ ਦੇ ਕਾਰਜਕਾਲ ਦੌਰਾਨ ਜੋ ਵਿਕਾਸ ਕੀਤਾ ਹੈ ਅਤੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਜੋ ਸਕੀਮਾਂ ਚਲਾਇਆ ਹਨ, ਉਸ ਤੋਂ ਹਰ ਵਰਗ ਦੇ ਲੋਕ ਬਹੁਤ ਖੁਸ਼ ਹਨ।

ਸੂਬਾ ਜਨਰਲ ਸਕੱਤਰ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲੋਕਾਂ ਦੀ ਬਿਹਤਰੀ ਅਤੇ ਸੂਬੇ ਦੇ ਵਿਕਾਸ ਨੂੰ ਹੀ ਤਰਜੀਹ ਦਿੱਤੀ ਜਾ ਰਹੀ ਹੈ। ਆਪ ਸਰਕਾਰ ਵੱਲੋਂ ਆਪਣੇ ਸਾਢੇ 3 ਸਾਲਾਂ ਦੇ ਕਾਰਜਕਾਲ ਦੌਰਾਨ ਹਰ ਖੇਤਰ ਵਿੱਚ ਬਹੁਤ ਸੁਧਾਰ ਕੀਤੇ ਗਏ ਹਨ। ਲੋਕਾਂ ਨੂੰ 600 ਯੂਨਿਟ ਮੁਫ਼ਤ ਬਿਜਲੀ ਦਿੱਤੀ ਜਾ ਰਹੀ ਹੈ। ਖੇਤਾਂ ਨੂੰ ਨਹਿਰਾਂ ਦਾ ਪਾਣੀ ਦਿੱਤਾ ਜਾ ਰਿਹਾ ਹੈ। ਸਰਕਾਰ ਵੱਲੋਂ ਨੌਜਵਾਨਾਂ ਨੂੰ ਬਿਨਾਂ ਕਿਸੇ ਰਿਸ਼ਵਤ ਜਾਂ ਸਿਫਾਰਸ਼ ਤੋਂ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ। ਮਹਿਲਾਵਾਂ ਨੂੰ ਮੁਫ਼ਤ ਬਸ ਸਫ਼ਰ ਦਿੱਤਾ ਜਾ ਰਿਹਾ ਹੈ। ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ ਜਾ ਰਹੀ ਹੈ। ਨੌਜਵਾਨਾਂ ਨੂੰ ਖੇਡਾਂ ਵੱਲ ਉਤਸਾਹਿਤ ਕਰਨ ਲਈ ਜਿੱਥੇ ਵੱਖ-ਵੱਖ ਖੇਡ ਮੁਕਾਬਲੇ ਕਰਵਾਏ ਜਾ ਰਹੇ ਹਨ, ਉੱਥੇ ਹੀ ਖੇਡ ਮੈਦਾਨ ਵੀ ਬਣਾਏ ਜਾ ਰਹੇ ਹਨ। ਇਸਦੇ ਨਾਲ ਹੀ ਪੇਂਡੂ ਲਿੰਕ ਸੜਕਾਂ ਦੇ ਨਵੀਨੀਕਰਣ ਅਤੇ ਮੁਰੰਮਤ ਦੇ ਕਾਰਜ ਵੀ ਕੀਤੇ ਜਾ ਰਹੇ ਹਨ। ਉਨ੍ਹਾਂ ਸਾਰੇ ਵਲੰਟੀਅਰਾਂ ਨੂੰ ਅਪੀਲ ਕੀਤੀ ਕਿ ਉਹ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਅਤੇ ਲੋਕਾਂ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾ ਨੂੰ ਲੋਕਾਂ ਤੱਕ ਪਹੁੰਚਾਉਣ। ਸ. ਬਰਸਟ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਮ ਆਦਮੀ ਪਾਰਟੀ ਦੇ ਉਮੀਦਵਾਰ ਸ. ਹਰਮੀਤ ਸਿੰਘ ਸੰਧੂ ਨੂੰ ਭਾਰੀ ਬਹੁਮਤ ਨਾਲ ਜਿਤਾਉਣ।

# ਟਰਾਈਡੈਂਟ ਗਰੁੱਪ ਦੇ 'ਫਰੀ ਮੈਗਾ ਮੈਡੀਕਲ ਕੈਂਪ 2025 ਦਾ ਪਹਿਲਾ ਪੜਾਅ ਮੁਕੰਮਲ, ਦੂਜਾ ਪੜਾਅ 6 ਨਵੰਬਰ ਤੋਂ ਹੋਵੇਗਾ ਸ਼ੁਰੂ

**ਬਰਨਾਲਾ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਟਰਾਈਡੈਂਟ ਗਰੁੱਪ ਵੱਲੋਂ ਸ਼ੁਰੂ ਕੀਤੇ ਗਏ 'ਫਰੀ ਮੈਗਾ ਮੈਡੀਕਲ ਕੈਂਪ 2025' ਦਾ 31 ਅਕਤੂਬਰ ਨੂੰ ਪਹਿਲਾ ਪੜਾਅ ਮੁਕੰਮਲ ਹੋ ਗਿਆ ਹੈ, ਜਿੱਥੇ ਸੀ.ਐੱਮ.ਸੀ. ਹਸਪਤਾਲ ਲੁਧਿਆਣਾ ਦੇ ਮਾਹਰ ਡਾਕਟਰਾਂ ਵੱਲੋਂ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। 31 ਅਕਤੂਬਰ ਨੂੰ ਕੈਂਪ ਦੇ ਤੀਜੇ ਦਿਨ ਪੁੱਜੇ ਹਜ਼ਾਰਾਂ ਲੋਕਾਂ ਨੇ ਇਸ ਨੇਕ ਉਪਰਾਲੇ ਲਈ ਟਰਾਈਡੈਂਟ ਗਰੁੱਪ ਦੇ ਸੰਸਥਾਪਕ ਅਤੇ ਮੈਂਬਰ ਰਾਜ ਸਭਾ ਪਦਮਸ਼ ?ਰੀ ਰਜਿੰਦਰ ਗੁਪਤਾ, ਸੀ.ਐੱਸ.ਆਰ ਹੈੱਡ ਮੈਡਮ ਮਧੂ ਗੁਪਤਾ ਅਤੇ ਸੀ.ਐਕਸ.ਓ ਸ਼ ?ਰੀ ਅਭਿਸ਼ੇਕ ਗੁਪਤਾ ਜੀ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਇਨ੍ਹਾਂ ਸਦਕਾ ਹੀ ਸਾਨੂੰ ਆਪਣੇ ਸ਼ਹਿਰ 'ਚ ਸੀ.ਐੱਮ.ਸੀ. ਵਰਗੇ ਵੱਡੇ ਹਸਪਤਾਲ ਦੀਆਂ ਸਹੂਲਤਾਂ ਮੁਫ਼ਤ 'ਚ ਮਿਲੀਆਂ ਹਨ, ਨਹੀਂ ਤਾਂ ਸਾਡੀ ਇਨੀ ਪਹੁੰਚ ਨਹੀਂ ਸੀ ਕਿ ਅਸੀਂ ਆਪਣੇ ਇਲਾਜ਼ ਲਈ ਉੱਥੇ ਜਾ ਸਕੀਏ। ਲੋਕਾਂ ਨੇ ਉਮੀਦ ਜਤਾਈ ਕਿ ਟਰਾਈਡੈਂਟ ਗਰੁੱਪ ਭਵਿੱਖ 'ਚ ਵੀ ਅਜਿਹੇ ਉਪਰਾਲੇ ਬਰਨਾਲਾ ਵਾਸੀਆਂ ਲਈ ਕਰਦਾ ਰਹੇਗਾ।




ਟਰਾਈਡੈਂਟ ਗਰੁੱਪ ਦੇ ਐਡਮਿਨ ਹੈੱਡ ਸ਼੍ਰੀ ਰੁਪਿੰਦਰ ਗੁਪਤਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਤੀਸਰੇ ਦਿਨ 3ਕੈਂਪ ਦਾ ਪਹਿਲਾ ਪੜਾਅ ਮੁਕੰਮਲ ਹੋ ਗਿਆ ਹੈ। ਦੂਜਾ ਪੜਾਅ 6 ਨਵੰਬਰ ਤੋਂ ਸ਼ੁਰੂ ਹੋਵੇਗਾ। ਇਹ ਕੈਂਪ 6, 7, 8 ਨਵੰਬਰ, 12, 13, 14 ਨਵੰਬਰ, 19, 20, 24 ਨਵੰਬਰ, 26, 27, 28 ਨਵੰਬਰ ਅਤੇ 3, 4, 5 ਦਸੰਬਰ ਤੱਕ ਜਾਰੀ ਰਹੇਗਾ। ਉਨ੍ਹਾਂ ਦੱਸਿਆ ਕਿ ਕੈਂਪ ਵਿੱਚ ਆਮ ਸਿਹਤ ਜਾਂਚ, ਅੱਖਾਂ ਦੇ ਮੁਫ਼ਤ ਮੋਤੀਆਬਿੰਦ ਆਪ੍ਰੇਸ਼ਨ, ਦੰਦਾਂ ਦੀ ਜਾਂਚ, ਡਾਇਗਨੋਸਟਿਕ ਟੈਸਟ (ਜਿਵੇਂ ਕਿ ਐਕਸ-ਰੇ, ਈਸੀਜੀ, ਲੈਬ ਟੈਸਟ), ਮੁਫ਼ਤ ਦਵਾਈਆਂ, ਅਤੇ ਚਸ਼ਮਿਆਂ ਦੀ ਵੰਡ ਵਰਗੀਆਂ ਬੇਹਤਰੀਨ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਇਸ ਮੈਗਾ ਕੈਂਪ ਨੇ ਨਾ ਸਿਰਫ਼ ਲੋਕਾਂ ਨੂੰ ਸਿਹਤ ਸਹੂਲਤਾਂ ਦਿੱਤੀਆਂ ਹਨ, ਸਗੋਂ ਟਰਾਈਡੈਂਟ ਗਰੁੱਪ ਦੀ ਸਮਾਜ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਨੂੰ ਵੀ ਮਜ਼ਬੂਤ ਕੀਤਾ ਹੈ।

**- ਮਰੀਜ਼ਾਂ ਨੂੰ ਮਿਲ ਰਹੀਆਂ ਉੱਚ ਪੱਧਰੀ ਇਲਾਜ਼ ਸਹੂਲਤਾਂ**

ਇਸ ਕੈਂਪ ਦੌਰਾਨ ਸੀ.ਐੱਮ.ਸੀ. ਹਸਪਤਾਲ ਲੁਧਿਆਣਾ ਦੇ ਮਾਹਿਰ ਡਾਕਟਰਾਂ ਦੀ ਟੀਮ ਮਰੀਜ਼ਾਂ ਨੂੰ ਆਮ ਸਿਹਤ ਜਾਂਚ, ਮਾਹਿਰ ਡਾਕਟਰੀ ਸਲਾਹ, ਡੈਂਟਲ ਸਕੇਲਿੰਗ, ਫ਼ ?ਲਿੰਗ ਅਤੇ ਐਕਸਟ ?ਰੈਕਸ਼ਨ, ਡਾਇਗਨੋਸਟਿਕ ਟੈਸਟ, ਮੁਫ਼ਤ ਦਵਾਈਆਂ, ਐਕਸ-ਰੇ, ਈ.ਸੀ.ਜੀ., ਮੋਤੀਆ ਬਿੰਦ ਦੀ ਜਾਂਚ, ਅੱਖਾਂ ਦੀ ਪੂਰੀ ਤਬੀ ਜਾਂਚ ਅਤੇ ਮੁਫ਼ਤ ਚਸ਼ਮਿਆਂ ਦੀ ਸਹੂਲਤ ਪ੍ਰਦਾਨ ਕਰ ਰਹੀ ਹੈ। ਮਰੀਜ਼ਾਂ ਦੀ ਰਜਿਸਟ ?ਰੇਸ਼ਨ ਸਵੇਰੇ 8 ਵਜੇ ਤੋਂ ਦੁਪਹਿਰ 2 ਵਜੇ ਤੱਕ ਕੀਤੀ ਜਾਵੇਗੀ, ਤਾਂ ਜੋ ਹਰ ਮਰੀਜ਼ ਨੂੰ ਸਮੇਂ ਸਿਰ ਸੇਵਾ ਮਿਲ ਸਕੇ। ਫ਼ਰੀ ਮੈਗਾ ਮੈਡੀਕਲ ਕੈਂਪ 2025 ਵਿੱਚ ਸੀ.ਐੱਮ.ਸੀ. ਲੁਧਿਆਣਾ ਦੇ ਮਾਹਿਰਾਂ ਦੀ 65 ਮੈਂਬਰੀ ਟੀਮ ਸੇਵਾਵਾਂ ਦੇ ਰਹੀ ਹੈ। ਇਸ ਟੀਮ ਵਿੱਚ 22 ਡਾਕਟਰ ਅੱਖਾਂ ਦੀ ਜਾਂਚ, ਮੁਫ਼ਤ ਮੋਤੀਆਬਿੰਦ ਆਪ੍ਰੇਸ਼ਨ, ਚਸ਼ਮਿਆਂ ਦੀ ਵੰਡ, ਦੰਦਾਂ ਦੀ ਪੂਰੀ ਜਾਂਚ, ਸਕੇਲਿੰਗ, ਫ਼ ?ਲਿੰਗ ਅਤੇ ਐਕਸਟ ?ਰੈਕਸ਼ਨ ਦੇ ਨਾਲ ਨਾਲ ਵੱਖ-ਵੱਖ ਡਾਇਗਨੋਸਟਿਕ ਟੈਸਟ ਕੀਤੇ ਜਾ ਰਹੇ ਹਨ। ਇਸ ਤੋਂ ਇਲਾਵਾ, 16 ਮੈਡੀਸਨ ਸਪੈਸ਼ਲਿਸਟ ਡਾਕਟਰਾਂ ਵੱਲੋਂ ਚਮੜੀ, ਨੱਕ, ਕੰਨ ਅਤੇ ਮਹਿਲਾ ਰੋਗਾਂ ਦੀ ਜਾਂਚ ਅਤੇ ਇਲਾਜ਼ ਕਰ ਰਹੇ ਹਨ। ਇਸ ਮੌਕੇ ਈ.ਸੀ.ਜੀ. ਅਤੇ ਐਕਸ-ਰੇ ਟੈਸਟ ਵੀ ਪੂਰੀ ਤਰ੍ਹਾਂ ਮੁਫ਼ਤ ਕੀਤੇ ਜਾ ਰਹੇ ਹਨ।

ਟਰਾਈਡੈਂਟ ਗਰੁੱਪ ਵੱਲੋਂ ਲਗਾਏ ਗਏ ਮੁਫ਼ਤ ਮੈਗਾ ਮੈਡੀਕਲ ਕੈਂਪ ਵਿੱਚ ਪਹੁੰਚੇ ਹਜ਼ਾਰਾਂ ਮਰੀਜ਼ਾਂ ਵੱਲੋਂ ਟਰਾਈਡੈਂਟ ਗਰੁੱਪ ਦੇ ਸੰਸਥਾਪਕ ਅਤੇ ਮੈਂਬਰ ਰਾਜ ਸਭਾ ਪਦਮਸ਼ ?ਰੀ ਰਾਜਿੰਦਰ ਗੁਪਤਾ ਦੀ ਭਰਪੂਰ ਪ੍ਰਸ਼ੰਸਾ ਕੀਤੀ ਜਾ ਰਹੀ ਹੈ। ਮਰੀਜ਼ਾਂ ਨੇ ਇਸ ਕੈਂਪ ਨੂੰ ਲੋੜਵੰਦਾਂ ਲਈ 'ਵਰਦਾਨ' ਦੱਸਿਆ ਹੈ ਅਤੇ ਕਿਹਾ ਕਿ ਇਸ ਨਾਲ ਉਨ੍ਹਾਂ ਨੂੰ ਮਹਿੰਗੇ ਇਲਾਜਾਂ ਤੋਂ ਵੱਡੀ ਰਾਹਤ ਮਿਲੀ ਹੈ। ਕੈਂਪ ਵਿੱਚ ਵੱਖ-ਵੱਖ ਬਿਮਾਰੀਆਂ ਦੇ ਇਲਾਜ ਅਤੇ ਜਾਂਚ ਲਈ ਪਹੁੰਚੇ ਲੋਕਾਂ ਨੇ ਇੱਕ ਸੁਰ ਵਿੱਚ ਟਰਾਈਡੈਂਟ ਗਰੁੱਪ ਦੀ ਸਮਾਜ ਪ੍ਰਤੀ ਵਚਨਬੱਧਤਾ ਦੀ ਤਾਰੀਫ਼ ਕੀਤੀ।

ਕੈਂਪ 'ਚ ਪਿੰਡ ਅਮਲਾ ਸਿੰਘ ਵਾਲਾ ਤੋਂ ਪੁੱਜੇ 78 ਸਾਲਾਂ ਬਜ਼ੁਰਗ ਅਜਮੇਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਸ਼ਰੀਰ 'ਚ ਦਰਦ ਅਤੇ ਅੱਖਾਂ ਦੀ ਸਮੱਸਿਆ ਹੈ। ਇਸ ਕੈਂਪ ਵਿੱਚ ਉਨ੍ਹਾਂ ਨੂੰ ਮਾਹਿਰ ਡਾਕਟਰਾਂ ਵੱਲੋਂ ਉਹ ਚੰਗੀਆਂ ਸਿਹਤ ਸਹੂਲਤਾਂ ਅਤੇ ਮੁਫ਼ਤ ਦਵਾਈਆਂ ਪ੍ਰਾਪਤ ਹੋਈਆਂ, ਜੋ ਆਮ ਤੌਰ 'ਤੇ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਹਨ। ਉਨ੍ਹਾਂ ਕਿਹਾ ਕਿ ਇਸ ਨੇਕ ਉਪਰਾਲੇ ਲਈ ਟਰਾਈਡੈਂਟ ਗਰੁੱਪ ਦੀ ਜਿੰਨੀ ਤਾਰੀਫ਼ ਕੀਤੀ ਜਾਵੇ ਘੱਟ ਹੈ। ਪਦਮਸ਼ ?ਰੀ ਰਾਜਿੰਦਰ ਗੁਪਤਾ ਦੀ ਸਮਾਜ ਨੂੰ 'ਸਿਹਤਮੰਦ' ਬਣਾਉਣ ਦੀ ਸੋਚ ਸਦਕਾ ਹੀ ਅਜਿਹੇ ਵੱਡੇ ਉਪਰਾਲੇ ਸੰਭਵ ਹੋ ਸਕੇ ਹਨ। ਉਨ੍ਹਾਂ ਦੀ ਇਸ ਦੂਰ-ਅੰਦੇਸ਼ੀ ਸੋਚ ਨੇ ਗਰੀਬ ਅਤੇ ਲੋੜਵੰਦ ਲੋਕਾਂ ਨੂੰ ਇੱਕ ਉੱਜਲ ਭਵਿੱਖ ਦੀ ਉਮੀਦ ਦਿੱਤੀ ਹੈ। ਕੈਂਪ 'ਚ ਇਲਾਜ਼ ਲਈ ਪਹੁੰਚੀਆਂ ਬੀਬੀ ਸ਼ਿੰਦਰ ਕੌਰ ਅਤੇ ਪਰਮਜੀਤ ਕੌਰ ਵਾਸੀ ਬਰਨਾਲਾ ਨੇ ਕਿਹਾ ਕਿ ਉਹ ਬੀ.ਪੀ., ਸ਼ੂਗਰ ਅਤੇ ਜੋੜਾਂ 'ਚ ਦਰਦ ਆਦਿ ਬੀਮਾਰੀਆਂ ਤੋਂ ਪੀੜ੍ਹਤ ਹਨ ਤੇ ਇਸ ਕੈਂਪ 'ਚ ਉਨ੍ਹਾਂ ਨੂੰ ਮਾਹਿਰ ਡਾਕਟਰਾਂ ਨੇ ਉੱਚ ਪੱਧਰੀ ਇਲਾਜ਼ ਮੁਹੱਈਆ ਕਰਵਾਇਆ ਹੈ।

ਉਨ੍ਹਾਂ ਕਿਹਾ ਕਿ ਸੀ.ਐੱਮ.ਸੀ. ਵਰਗੇ ਵੱਡੇ ਹਸਪਤਾਲਾਂ ਤੱਕ ਪਹੁੰਚ ਕਰਨਾ ਹਰ ਇਕ ਦੇ ਵਸ ਦੀ ਗੱਲ ਨਹੀਂ ਹੁੰਦੀ, ਪਰ ਟਰਾਈਡੈਂਟ ਗਰੁੱਪ ਨੇ ਇਹ ਸਹੂਲਤਾਂ ਸਾਨੂੰ ਸਾਡੇ ਆਪਣੇ ਸ਼ਹਿਰ 'ਚ ਹੀ ਮੁਹੱਈਆ ਕਰਵਾ ਦਿੱਤੀਆਂ, ਉਹ ਵੀ ਬਿਲਕੁਲ ਮੁਫ਼ਤ 'ਚ। ਜਿਸਦੇ ਲਈ ਟਰਾਈਡੈਂਟ ਗਰੁੱਪ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ।

# ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਐਡੀਸ਼ਨਲ ਡਾਇਰੈਕਟਰ ਹਰਜੀਤ ਗਰੇਵਾਲ ਅਤੇ ਡਿਪਟੀ ਡਾਇਰੈਕਟਰ ਹਰਦੀਪ ਸਿੰਘ ਨੂੰ ਸੇਵਾਮੁਕਤੀ 'ਤੇ ਨਿੱਘੀ ਵਿਦਾਇਗੀ

## ਓ.ਐਸ.ਡੀ. (ਮੀਡੀਆ)/ ਮੁੱਖ ਮੰਤਰੀ ਅਮਨਜੋਤ ਅਤੇ ਵਿਭਾਗ ਦੇ ਸਕੱਤਰ ਰਾਮਵੀਰ ਨੇ ਦੋਵੇਂ ਅਧਿਕਾਰੀਆਂ ਨੂੰ ਸੇਵਾਮੁਕਤੀ ਤੋਂ ਬਾਅਦ ਦੇ ਚੰਗੇਰੇ ਜੀਵਨ ਲਈ ਦਿੱਤਿਆਂ ਸ਼ੁਭਕਾਮਨਾਵਾਂ

**ਚੰਡੀਗੜ੍ਹ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਚਨਾ ਤੇ ਲੋਕ ਸੰਪਰਕ ਵਿਭਾਗ (ਡੀ.ਆਈ.ਪੀ.ਆਰ.), ਪੰਜਾਬ ਦੇ ਅਧਿਕਾਰੀਆਂ ਵੱਲੋਂ ਵਧੀਕ ਡਾਇਰੈਕਟਰ ਸ. ਹਰਜੀਤ ਸਿੰਘ ਗਰੇਵਾਲ ਅਤੇ ਡਿਪਟੀ ਡਾਇਰੈਕਟਰ (ਆਰਟ) ਸ. ਹਰਦੀਪ ਸਿੰਘ ਨੂੰ ਉਨ੍ਹਾਂ ਦੀ ਸੇਵਾਮੁਕਤੀ 'ਤੇ ਨਿੱਘੀ ਵਿਦਾਇਗੀ ਦਿੱਤੀ ਗਈ।



ਵਿਭਾਗ ਵੱਲੋਂ ਰੱਖੇ ਗਏ ਸੇਵਾਮੁਕਤੀ ਸਮਾਗਮ ਵਿੱਚ ਮੁੱਖ ਮੰਤਰੀ ਦੇ ਓਐਸਡੀ (ਮੀਡੀਆ) ਅਮਨਜੋਤ ਸਿੰਘ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਸਕੱਤਰ ਰਾਮਵੀਰ, ਡਾਇਰੈਕਟਰ ਵਿਮਲ ਸੇਤੀਆ, ਵਧੀਕ ਡਾਇਰੈਕਟਰ (ਪ੍ਰਬੰਧ) ਸੰਦੀਪ ਸਿੰਘ ਗੜ੍ਹਾ, ਵਧੀਕ ਡਾਇਰੈਕਟਰ ਰਣਦੀਪ ਸਿੰਘ ਆਹਲੂਵਾਲੀਆ, ਜਾਇੰਟ ਡਾਇਰੈਕਟਰ ਪ੍ਰੀਤਕੰਵਲ ਸਿੰਘ ਅਤੇ ਮਨਵਿੰਦਰ ਸਿੰਘ, ਡਿਪਟੀ ਡਾਇਰੈਕਟਰ ਗੁਰਮੀਤ ਸਿੰਘ ਖਹਿਰਾ, ਸ੍ਰੀਮਤੀ ਰੁਚੀ ਕਾਲੜਾ, ਨਵਦੀਪ ਸਿੰਘ ਗਿੱਲ, ਪ੍ਰਭਦੀਪ ਸਿੰਘ ਨੱਥੋਵਾਲ ਅਤੇ ਵਿਭਾਗ ਦੇ ਪੀ.ਆਰ.ਓਜ਼ ਸਮੇਤ ਸੀਨੀਅਰ ਅਧਿਕਾਰੀ ਸ਼ਾਮਲ ਹੋਏ, ਜਿਨ੍ਹਾਂ ਨੇ ਵਿਭਾਗ ਲਈ ਦੋਵਾਂ ਅਧਿਕਾਰੀਆਂ ਦੇ ਸ਼ਾਨਦਾਰ ਯੋਗਦਾਨ ਨੂੰ ਚੇਤੇ ਕਰਦਿਆਂ ਉਨ੍ਹਾਂ ਨੂੰ ਭਵਿੱਖ ਲਈ ਸ਼ੁਭ ਇੱਛਾਵਾਂ ਦਿੱਤੀਆਂ। ਵਿਭਾਗ ਵਿੱਚ 24 ਸਾਲਾਂ ਦੀ ਸ਼ਾਨਦਾਰ ਸੇਵਾ ਨਿਭਾ ਕੇ ਸੇਵਾਮੁਕਤ ਹੋਏ ਹਰਜੀਤ ਸਿੰਘ ਗਰੇਵਾਲ ਅਤੇ ਵਿਭਾਗ ਵਿੱਚ 35 ਸਾਲ ਦੇ ਸੇਵਾਕਾਲ ਨਿਭਾਉਣ ਵਾਲੇ ਹਰਦੀਪ ਸਿੰਘ ਦੀ ਉਨ੍ਹਾਂ ਦੇ ਸਮਰਪਣ, ਮਿਹਨਤ ਅਤੇ ਪ੍ਰਬੰਧਕੀ ਸੂਝ-ਬੂਝ ਲਈ ਭਰਵੀਂ ਸ਼ਲਾਘਾ ਕੀਤੀ ਗਈ। ਗਰੇਵਾਲ ਅਤੇ ਹਰਦੀਪ ਸਿੰਘ ਦੇ ਡੀਆਈਪੀਆਰ ਵਿੱਚ ਲੰਬੇ ਯੋਗਦਾਨ ਦੀ ਪ੍ਰਸ਼ੰਸਾ ਕਰਦਿਆਂ ਵਿਭਾਗ ਦੇ ਸਕੱਤਰ ਰਾਮਵੀਰ ਨੇ ਉਨ੍ਹਾਂ ਨੂੰ ਸੇਵਾਮੁਕਤੀ ਤੋਂ ਬਾਅਦ ਦੇ ਜੀਵਨ ਅਤੇ ਚੰਗੇਰੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਦੋਵਾਂ ਅਧਿਕਾਰੀਆਂ ਨੂੰ ਉਨ੍ਹਾਂ ਦੇ ਸ਼ਾਨਦਾਰ ਕਾਰਜਕਾਲ ਲਈ ਵਿਭਾਗ ਵੱਲੋਂ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

ਕੌਮੀ ਪੱਤ੍ਰਿਕਾ

# ਆਰ.ਜੇ.ਡੀ. ਨੇ ਯੂਪੀਏ ’ਤੇ ਬਿਹਾਰ ਵਿੱਚ ਪ੍ਰੋਜੈਕਟਾਂ ਨੂੰ ਰੋਕਣ ਲਈ ਦਬਾਅ ਪਾਇਆ: ਪ੍ਰਧਾਨ ਮੰਤਰੀ

**ਸਹਰਸਾ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ RJD ’ਤੇ ਦੋਸ਼ ਲਗਾਇਆ ਕਿ ਉਹ 2005 ਵਿੱਚ ਰਾਜ ਵਿੱਚ ਸੱਤਾ ਤੋਂ ਬੇਦਖਲ ਹੋਣ ਦਾ ਬਦਲਾ ਲੈਣ ਲਈ ਕੇਂਦਰ ਵਿੱਚ ਕਾਂਗਰਸ ਦੀ ਅਗਵਾਈ ਵਾਲੀ ਯੂਪੀਏ ਸਰਕਾਰ ’ਤੇ ਦਬਾਅ ਪਾ ਕੇ ਬਿਹਾਰ ਵਿੱਚ ਵਿਕਾਸ ਪ੍ਰੋਜੈਕਟਾਂ ਨੂੰ ਰੋਕ ਰਿਹਾ ਹੈ।

ਉੱਤਰੀ ਬਿਹਾਰ ਦੇ ਸਹਰਸਾ ਜ਼ਿਲ੍ਹੇ ਵਿੱਚ ਇੱਕ ਰੈਲੀ ਨੂੰ ਸੰਬੋਧਨ ਕਰਦਿਆਂ, ਮੋਦੀ ਨੇ ਦਾਅਵਾ ਕੀਤਾ ਕਿ ਹੁਣ, ਮੌਜੂਦਾ ਚੋਣਾਂ ਵਿੱਚ, ਬਿਹਾਰ ਵਿੱਚ ਪਹਿਲਾਂ ਹੀ ਕਮਜ਼ੋਰ ਕਾਂਗਰਸ ਨੇ ਆਰਜੇਡੀ ਨੂੰ ਡੋਬਣ ਦੀ ਸਹੁੰ ਖਾਧੀ ਹੈ। ਉਨ੍ਹਾਂ ਦੋਸ਼ ਲਗਾਇਆ, ਜਦੋਂ 2005 ਵਿੱਚ ਬਿਹਾਰ ਵਿੱਚ ਆਰਜੇਡੀ ਨੂੰ ਸੱਤਾ ਤੋਂ ਬਾਹਰ ਕੀਤਾ ਗਿਆ ਸੀ, ਤਾਂ ਇਹ ਕੇਂਦਰ ਵਿੱਚ ਸੱਤਾ ਵਿੱਚ ਸੀ। ਕੋਸੀ ਮਹਾਸੇਤੂ ਵਰਗੇ ਪ੍ਰੋਜੈਕਟਾਂ ਨੂੰ ਅਟਲ ਬਿਹਾਰੀ ਵਾਜਪਾਈ ਸਰਕਾਰ ਨੇ ਮਨਜ਼ੂਰੀ ਦਿੱਤੀ ਸੀ। ਆਰਜੇਡੀ ਨਿਤੀਸ਼ ਕੁਮਾਰ ਵੱਲੋਂ ਰਾਜ ਵਿੱਚ ਨਵੀਂ ਸਰਕਾਰ ਬਣਾਉਣ ਤੋਂ ਇੰਨਾ ਨਾਰਾਜ਼ ਸੀ ਕਿ ਇਸਨੇ ਮਨਮੋਹਨ ਸਿੰਘ ਅਤੇ ਸੋਨੀਆ ਗਾਂਧੀ ’ਤੇ ਦਬਾਅ ਪਾਇਆ ਅਤੇ ਬਿਹਾਰ ਵਿੱਚ ਅਜਿਹੇ ਸਾਰੇ ਪ੍ਰੋਜੈਕਟਾਂ ਨੂੰ ਰੋਕ ਦਿੱਤਾ।

ਮੁਸਲਿਮ ਆਬਾਦੀ ਦੀ ਇੱਕ ਵੱਡੀ ਆਬਾਦੀ ਵਾਲੇ ਖੇਤਰ ਵਿੱਚ, ਮੋਦੀ ਨੇ ਆਰਜੇਡੀ-ਕਾਂਗਰਸ ਗਠਜੋੜ ’ਤੇ ਘੁਸਪੈਠੀਆਂ ਪ੍ਰਤੀ ਨਰਮ ਰਵੱਈਆ ਰੱਖਣ ਅਤੇ ਅਯੁੱਧਿਆ ਵਿੱਚ ਰਾਮ ਮੰਦਰ ਅਤੇ ਛੱਠ ਤਿਉਹਾਰ ਪ੍ਰਤੀ ਨਫ਼ਰਤ ਦਿਖਾਉਣ ਦਾ ਦੋਸ਼ ਲਗਾਇਆ।

ਉਨ੍ਹਾਂ ਦਾਅਵਾ ਕੀਤਾ ਕਿ ਐਨਡੀਏ ਦੀਆਂ ਭਲਾਈ ਯੋਜਨਾਵਾਂ ਤੋਂ ਲਾਭ ਉਠਾਉਣ ਵਾਲੀਆਂ ਸਾਡੀਆਂ ਮਾਵਾਂ ਅਤੇ ਭੈਣਾਂ ਨੂੰ ਉਹ ਇਹ ਕਹਿਣਾ ਚਾਹੁੰਦਾ ਹਨ ਕਿ ਜੰਗਲ ਰਾਜ ਦੇ ਲੋਕਾਂ ਤੋਂ ਸਾਵਧਾਨ ਰਹੋ।

# ਤਿਲੰਗਾਨਾ: ਟਿੱਪਰ ਤੇ ਬੱਸ ਦੀ ਟੱਕਰ ’ਚ 19 ਮੌਤਾਂ, 4 ਜ਼ਖ਼ਮੀ



**ਰੰਗਾ ਰੈੱਡੀ (ਤਿਲੰਗਾਨਾ), 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਤਿਲੰਗਾਨਾ ਦੇ ਰੰਗਾ ਰੈੱਡੀ ਜ਼ਿਲ੍ਹੇ ਵਿੱਚ ਇੱਕ ਬੱਜਰੀ ਨਾਲ ਭਰੇ ਟਿੱਪਰ ਟਰੱਕ ਦੀ ਬੱਸ ਨਾਲ ਆਹਮੋ-ਸਾਹਮਣੀ ਟੱਕਰ ਕਾਰਨ ਘੱਟੋ-ਘੱਟ 19 ਲੋਕਾਂ ਦੀ ਮੌਤ ਹੋ ਗਈ ਅਤੇ ਚਾਰ ਹੋਰ ਜ਼ਖ਼ਮੀ ਹੋ ਗਏ। ਇਹ ਟੱਕਰ ਅੱਜ ਸਵੇਰੇ ਚੇਵੇਲਾ ਨੇੜੇ ਤੇਲੰਗਾਨਾ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੀ ਬੱਸ ਨਾਲ ਹੋਈ, ਜਿਸ ਦੇ ਨਤੀਜੇ ਵਜੋਂ ਟਿੱਪਰ ਦੀ ਬੱਜਰੀ ਬੱਸ ਉੱਤੇ ਡਿੱਗ ਗਈ।

ਇੱਕ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਮਰਨ ਵਾਲੇ 19 ਲੋਕਾਂ ਵਿੱਚ 10 ਔਰਤਾਂ ਸ਼ਾਮਲ ਹਨ। ਤੰਦੂਰ ਤੋਂ ਹੈਦਰਾਬਾਦ ਜਾ ਰਹੀ ਬੱਸ ਦਾ ਡਰਾਈਵਰ ਵੀ ਮਰਨ ਵਾਲਿਆਂ ਵਿੱਚ ਸ਼ਾਮਲ ਸੀ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ‘ਐਕਸ’ (X) ’ਤੇ ਇੱਕ ਪੋਸਟ ਵਿੱਚ ਕਿਹਾ ਕਿ ਉਹ ਇਸ ਹਾਦਸੇ ਵਿੱਚ ਹੋਏ ਜਾਨੀ ਨੁਕਸਾਨ ਤੋਂ ਬਹੁਤ ਦੁਖੀ ਹਨ। ਉਨ੍ਹਾਂ ਨੇ ਮਰਨ ਵਾਲਿਆਂ ਦੇ ਪਰਿਵਾਰਾਂ ਲਈ 2 ਲੱਖ ਰੁਪਏ ਅਤੇ ਜ਼ਖ਼ਮੀਆਂ ਲਈ 50,000 ਰੁਪਏ ਪ੍ਰਤੀ ਵਿਅਕਤੀ ਮੁਆਵਜ਼ੇ ਦਾ ਐਲਾਨ ਕੀਤਾ।

ਬੱਸ ਕੰਡਕਟਰ ਅਨੁਸਾਰ ਹਾਦਸੇ ਸਮੇਂ ਬੱਸ ਵਿੱਚ 72 ਯਾਤਰੀ ਸਵਾਰ ਸਨ। ਬੱਜਰੀ ਬੱਸ ਉੱਤੇ ਡਿੱਗਣ ਕਾਰਨ ਕਈ ਯਾਤਰੀ ਵਾਹਨ ਦੇ ਅੰਦਰ ਹੀ ਫਸ ਗਏ ਸਨ ਅਤੇ ਅਧਿਕਾਰੀਆਂ ਨੇ ਰਾਹਤ ਕਾਰਜ ਚਲਾਉਣ ਲਈ ਜੇ ਸੀ ਬੀ ਮਸ਼ੀਨਾਂ ਦੀ ਵਰਤੋਂ ਕੀਤੀ। ਪੁਲੀਸ ਅਧਿਕਾਰੀ ਨੇ ਦੱਸਿਆ ਕਿ ਬੱਸ ਦੇ ਯਾਤਰੀਆਂ ਨੂੰ ਬਾਹਰ ਕੱਢ ਲਿਆ ਗਿਆ ਹੈ।

ਹਾਦਸੇ ’ਤੇ ਦੁੱਖ ਪ੍ਰਗਟ ਕਰਦੇ ਹੋਏ ਮੁੱਖ ਮੰਤਰੀ ਏ. ਰੇਵੰਤ ਰੈੱਡੀ ਨੇ ਤੁਰੰਤ ਰਾਹਤ ਕਾਰਜ ਚਲਾਉਣ ਦੇ ਨਿਰਦੇਸ਼ ਦਿੱਤੇ ਹਨ।

# ਟਰੰਪ ਦਾ ਖੁਲਾਸਾ: ਪਾਕਿਸਤਾਨ ਕਰ ਰਿਹਾ ਪਰਮਾਣੂ ਹਥਿਆਰਾਂ ਦੀ ਜਾਂਚ

**ਵਾਸ਼ਿੰਗਟਨ ਡੀ.ਸੀ., 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਖੁਲਾਸਾ ਕੀਤਾ ਹੈ ਕਿ ਪਾਕਿਸਤਾਨ ਉਨ੍ਹਾਂ ਦੇਸ਼ਾਂ ਵਿੱਚ ਸ਼ਾਮਲ ਹੈ ਜੋ ਪਰਮਾਣੂ ਹਥਿਆਰਾਂ ਦੇ ਪ੍ਰੀਖਣ ਵਿੱਚ ਸਰਗਰਮੀ ਨਾਲ ਲੱਗੇ ਹੋਏ ਹਨ। ਉਨ੍ਹਾਂ ਇਸ ਨੂੰ ਹੋਰ ਦੇਸ਼ਾਂ ਵਿੱਚ ਇੱਕ ਵਿਆਪਕ ਪੈਟਰਨ ਦਾ ਹਿੱਸਾ ਦੱਸਿਆ, ਜੋ ਕਿ ਅਮਰੀਕਾ ਲਈ ਆਪਣੇ ਪਰਮਾਣੂ ਪ੍ਰੀਖਣਾਂ ਨੂੰ ਮੁੜ ਸ਼ੁਰੂ ਕਰਨ ਦੀ ਲੋੜ ਪੈਦਾ ਕਰਦਾ ਹੈ। ਸੀ ਬੀ ਐੱਸ ਨਿਊਜ਼ ਦੇ ’60 ਮਿੰਟ’ ਨਾਲ ਇੱਕ ਇੰਟਰਵਿਊ ਵਿੱਚ ਟਰੰਪ ਨੇ ਕਿਹਾ ਕਿ ਰੂਸ, ਚੀਨ, ਉੱਤਰੀ ਕੋਰੀਆ ਅਤੇ ਪਾਕਿਸਤਾਨ ਸਮੇਤ ਕਈ ਦੇਸ਼ ਪਰਮਾਣੂ ਪ੍ਰੀਖਣ ਕਰ ਰਹੇ ਹਨ, ਜਦੋਂ ਕਿ ਅਮਰੀਕਾ ਇੱਕਮਾਤਰ ਦੇਸ਼ ਹੈ ਜੋ ਅਜਿਹਾ ਨਹੀਂ ਕਰਦਾ।

ਟਰੰਪ ਨੇ ਕਿਹਾ, “ਰੂਸ ਪ੍ਰੀਖਣ ਕਰ ਰਿਹਾ ਹੈ ਅਤੇ ਚੀਨ ਪ੍ਰੀਖਣ ਕਰ ਰਿਹਾ ਹੈ, ਪਰ ਉਹ ਇਸ ਬਾਰੇ ਗੱਲ ਨਹੀਂ ਕਰਦੇ। ਅਸੀਂ ਇੱਕ ਖੁੱਲ੍ਹਾ ਸਮਾਜ ਹਾਂ। ਅਸੀਂ ਵੱਖਰੇ ਹਾਂ। ਅਸੀਂ ਇਸ ਬਾਰੇ ਗੱਲ ਕਰਦੇ ਹਾਂ। ਸਾਨੂੰ ਇਸ ਬਾਰੇ ਗੱਲ ਕਰਨੀ ਪਵੇਗੀ ਕਿਉਂਕਿ ਨਹੀਂ ਤਾਂ ਤੁਹਾਡੇ ਲੋਕ ਇਸ ਬਾਰੇ ਰਿਪੋਰਟ ਕਰਨਗੇ। ਉਨ੍ਹਾਂ ਕੋਲ ਅਜਿਹੇ ਪੱਤਰਕਾਰ ਨਹੀਂ ਹਨ ਜੋ ਇਸ ਬਾਰੇ ਲਿਖਣਗੇ।” ਉਨ੍ਹਾਂ ਅੱਗੇ ਕਿਹਾ, “ਅਸੀਂ ਪ੍ਰੀਖਣ ਕਰਾਂਗੇ ਕਿਉਂਕਿ ਉਹ ਪ੍ਰੀਖਣ ਕਰਦੇ ਹਨ ਅਤੇ ਹੋਰ ਲੋਕ ਪ੍ਰੀਖਣ ਕਰਦੇ ਹਨ ਅਤੇ ਯਕੀਨਨ ਉੱਤਰੀ ਕੋਰੀਆ ਪ੍ਰੀਖਣ ਕਰ ਰਿਹਾ ਹੈ। ਪਾਕਿਸਤਾਨ ਪ੍ਰੀਖਣ ਕਰ ਰਿਹਾ ਹੈ।”

# ਆਈਸੀਆਈਸੀਆਈ ਪ੍ਰੂ ਲਾਈਫ ਨੇ ਗਾਹਕਾਂ ਨੂੰ ਜੀਐਸਟੀ ਲਾਭ ਦਿੱਤਾ

**ਅੰਮ੍ਰਿਤਸਰ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਟਰਮ ਇੰਸ਼ੋਰੈਂਸ ਕਿਸੇ ਵੀ ਵਿਅਕਤੀ ਦੀ ਵਿੱਤੀ ਯੋਜਨਾਬੰਦੀ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਇਹ ਪਰਿਵਾਰ ਲਈ ਇੱਕ ਆਮਦਨ ਸਰੋਤ ਵਜੋਂ ਕੰਮ ਕਰਦਾ ਹੈ, ਜਿਸ ਨਾਲ ਉਹ ਆਪਣੇ ਵਿੱਤੀ ਟੀਚਿਆਂ ਨੂੰ ਪ੍ਰਾਪਤ ਕਰ ਸਕਦੇ ਹਨ ਭਾਵੇਂ ਕਮਾਉਣ ਵਾਲਾ ਮੈਂਬਰ ਹੁਣ ਆਲੇ-ਦੁਆਲੇ ਨਾ ਹੋਵੇ। ਹਾਲ ਹੀ ਵਿੱਚ, ਭਾਰਤ ਸਰਕਾਰ ਨੇ ਇੱਕ ਵੱਡਾ ਸੁਧਾਰ ਲਾਗੂ ਕੀਤਾ ਹੈ, ਜਿਸ ਨਾਲ ਸਾਰੀਆਂ ਬੀਮਾ ਪਾਲਿਸੀਆਂ ਨੂੰ GST ਤੋਂ ਛੋਟ ਦਿੱਤੀ ਗਈ ਹੈ। ਪਹਿਲਾਂ, ਗਾਹਕਾਂ ਨੂੰ ਪ੍ਰੀਮੀਅਮ ਰਕਮ ’ਤੇ 18% GST ਦੇਣਾ ਪੈਂਦਾ ਸੀ। ਉਦਾਹਰਣ ਵਜੋਂ, ਜੇਕਰ ਪ੍ਰੀਮੀਅਮ ?100 ਹੁੰਦਾ ਸੀ, ਤਾਂ ਵਾਧੂ ?18 ਜੀਐਸਟੀ ਲਗਾਇਆ ਜਾਵੇਗਾ। ਹੁਣ, ਇਸ ਛੋਟ ਨਾਲ, ਵਿਅਕਤੀਆਂ ਨੂੰ ਸਿਰਫ਼ ?100 ਦਾ ਭੁਗਤਾਨ ਕਰਨਾ ਪਵੇਗਾ। ਇਸ ਨਾਲ ਜੀਵਨ ਬੀਮਾ ਅਤੇ ਟਰਮ ਇੰਸ਼ੋਰੈਂਸ ਯੋਜਨਾਵਾਂ ਦੋਵੇਂ ਕਿਫਾਇਤੀ ਹੋ ਗਈਆਂ ਹਨ।

ਆਈਸੀਆਈਸੀਆਈ ਪ੍ਰੂਡੈਂਸ਼ੀਅਲ ਲਾਈਫ ਇੰਸ਼ੋਰੈਂਸ ਨੇ ਇਸ ਜੀਐਸਟੀ ਛੋਟ ਦਾ ਪੂਰਾ ਲਾਭ ਆਪਣੇ ਗਾਹਕਾਂ ਨੂੰ ਦੇ ਦਿੱਤਾ ਹੈ, ਜੋ ਕਿ ÷ਗਾਹਕਾਂ ਨੂੰ ਸਭ ਤੋਂ ਵਧੀਆ ਮੁੱਲ ਪ੍ਰਦਾਨ ਕਰਨ÷ ਦੀ ਕੰਪਨੀ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਇਸ ਨਾਲ ਬੀਮਾ ਯੋਜਨਾਵਾਂ ਹੋਰ ਵੀ ਕਿਫਾਇਤੀ ਅਤੇ ਹਰ ਭਾਰਤੀ ਪਰਿਵਾਰ ਲਈ ਪਹੁੰਚਯੋਗ ਬਣ ਗਈਆਂ ਹਨ। ਹੁਣ ਆਓ ਦੇਖੀਏ ਕਿ ਇਸ ਨੇ ਟਰਮ ਇੰਸ਼ੋਰੈਂਸ ਕੀਮਤਾਂ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ। ਪਹਿਲਾਂ, ਇੱਕ 30 ਸਾਲ ਦੇ ਪੁਰਸ਼ (ਸਿਗਰਟਨੋਸ਼ੀ ਨਾ ਕਰਨ ਵਾਲੇ) ਨੂੰ ?1 ਕਰੋੜ ਦੇ ਜੀਵਨ ਕਵਰ ਅਤੇ 30 ਸਾਲ ਦੀ ਮਿਆਦ ਲਈ ?825 (ਜੀਐਸਟੀ ਸਮੇਤ) ਦਾ ਮਹੀਨਾਵਾਰ ਪ੍ਰੀਮੀਅਮ ਦੇਣਾ ਪੈਂਦਾ ਸੀ। ਹੁਣ, ਉਸੇ ਵਿਅਕਤੀ ਨੂੰ ਸਿਰਫ਼ ?699 ਦਾ ਭੁਗਤਾਨ ਕਰਨਾ ਪਵੇਗਾ। ਇਸੇ ਤਰ੍ਹਾਂ, ਇੱਕ 30 ਸਾਲ ਦੀ ਔਰਤ (ਸਿਗਰਟਨੋਸ਼ੀ ਨਾ ਕਰਨ ਵਾਲੇ) ਲਈ, ਪ੍ਰੀਮੀਅਮ ?697 (ਜੀਐਸਟੀ ਸਮੇਤ) ਸੀ, ਜੋ ਹੁਣ ਘੱਟ ਕੇ ਸਿਰਫ਼ ?594 ਰਹਿ ਗਿਆ ਹੈ। ਆਈਸੀਆਈਸੀਆਈ ਪ੍ਰੂਡੈਂਸ਼ੀਅਲ ਲਾਈਫ ਇੰਸ਼ੋਰੈਂਸ ਕੰਪਨੀ ਲਿਮਿਟਿਡ ਦੇ ਮੁੱਖ ਉਤਪਾਦ ਅਧਿਕਾਰੀ, ਸ਼੍ਰੀ ਵਿਕਾਸ ਗੁਪਤਾ ਨੇ ਕਿਹਾ, ਸਾਡਾ ਮੰਨਣਾ ਹੈ ਕਿ ਅਸਲ ਮੁੱਲ ਇਸ ਗੱਲ ਵਿੱਚ ਹੈ ਕਿ ਗਾਹਕ ਨੂੰ ਕੀ ਲਾਭ ਹੁੰਦਾ ਹੈ। ਅਸੀਂ ਆਪਣੇ ਗਾਹਕਾਂ ਨੂੰ ਜੋ ਬੱਚਤ ਵਾਪਸ ਕਰਦੇ ਹਾਂ ਉਹ ਨਾ ਸਿਰਫ਼ ਵਿਸ਼ਵਾਸ ਪੈਦਾ ਕਰਦੀ ਹੈ ਬਲਕਿ ਬੀਮਾ ਨੂੰ ਹੋਰ ਕਿਫਾਇਤੀ ਵੀ ਬਣਾਉਂਦੀ ਹੈ। ਇਹ ਸਾਨੂੰ ਹਰ ਕਿਸੇ ਲਈ ਗੁਣਵੱਤਾ ਵਾਲੇ ਬੀਮਾ ਨੂੰ ਪਹੁੰਚਯੋਗ ਬਣਾਉਣ ਦੇ

# ਟਰਾਈਡੈਂਟ ਗਰੁੱਪ ਵੱਲੋਂ ਫ਼ਰੀ ਮੈਗਾ ਮੈਡੀਕਲ ਕੈਂਪ 2025 ਪਹਿਲਾਂ ਪੜ੍ਹਾਅ ਸਫ਼ਲਤਾਪੂਰਵਕ ਮੁਕੰਮਲ, 6 ਨਵੰਬਰ ਤੋਂ ਫਿਰ ਹੋਵੇਗਾ ਆਗਾਜ਼

**ਬਰਨਾਲਾ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਹਤਮੰਦ ਸਮਾਜ ਦੀ ਸਿਰਜਣਾ ਵੱਲ ਇੱਕ ਹੋਰ ਸ਼ਲਾਘਾਯੋਗ ਕਦਮ ਚੁੱਕਦਿਆਂ, ਟਰਾਈਡੈਂਟ ਗਰੁੱਪ ਦੇ ਸੰਸਥਾਪਕ ਅਤੇ ਰਾਜ ਸਭਾ ਮੈਂਬਰ ਪਦਮਸ਼੍ਰੀ ਰਾਜਿੰਦਰ ਗੁਪਤਾ, ਸੀ.ਐੱਸ.ਆਰ ਹੈੱਡ ਮੈਡਮ ਮਧੂ ਗੁਪਤਾ ਅਤੇ ਸੀ.ਐਕਸ.ਓ ਸ਼੍ਰੀ ਅਭਿਸ਼ੇਕ ਗੁਪਤਾ ਜੀ ਦੀ ਪ੍ਰੇਰਨਾ ਸਦਕਾ, ਸੀ.ਐੱਮ.ਸੀ. ਹਸਪਤਾਲ ਲੁਧਿਆਣਾ ਦੀ ਟੀਮ ਦੇ ਸਹਿਯੋਗ ਨਾਲ ਵਿਸ਼ਾਲ ਫ਼ਰੀ ਮੈਗਾ ਮੈਡੀਕਲ ਕੈਂਪ 2025 ਜਾਰੀ ਹੈ। ਇਸ ਕੈਂਪ ਵਿੱਚ ਲੋੜਵੰਦ ਮਰੀਜ਼ਾਂ ਨੂੰ ਮਾਹਿਰ ਡਾਕਟਰਾਂ ਵੱਲੋਂ ਮੁਫ਼ਤ ਜਾਂਚ, ਫ਼ਰੀ ਐਕਸਰੇ, ਈ.ਸੀ.ਜੀ, ਮੁਫ਼ਤ ਦਵਾਈਆਂ ਅਤੇ ਮੁਫ਼ਤ ਐਨਕਾਂ ਵਰਗੀਆਂ ਉੱਚ-ਪੱਧਰੀ ਸਿਹਤ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਜ਼ਿਕਰਯੋਗ ਹੈ ਕਿ ਇਹ ਕੈਂਪ ਲੰਘੀ 29 ਅਕਤੂਬਰ ਨੂੰ ਸ਼ੁਰੂ ਹੋਇਆ ਸੀ ਅਤੇ ਪਹਿਲੇ ਪੜ੍ਹਾਅ ਤਹਿਤ 30 ਤੇ 31 ਅਕਤੂਬਰ ਨੂੰ ਵੀ ਸਫਲਤਾਪੂਰਵਕ ਲੱਗ ਚੁੱਕਾ ਹੈ। ਕੈਂਪ ਹੁਣ 6, 7, 8 ਨਵੰਬਰ; 12, 13, 14 ਨਵੰਬਰ; 19, 20, 21 ਨਵੰਬਰ; ਅਤੇ 26, 27, 28 ਨਵੰਬਰ ਅਤੇ 3, 4, 5 ਦਸੰਬਰ ਨੂੰ ਲੱਗੇਗਾ, ਜਿਸ ਦਾ ਲਾਭ ਬਰਨਾਲਾ ਅਤੇ ਆਸ-ਪਾਸ ਦੇ ਇਲਾਕਿਆਂ ਦੇ ਲੋਕ ਉਠਾ ਸਕਦੇ ਹਨ। ਸਮਾਜ ਸੇਵਾ ਦੇ ਇਸ ਮਹਾਨ ਉਪਰਾਲੇ ਲਈ



ਬਰਨਾਲਾ ਸ਼ਹਿਰ ਦੀਆਂ ਪ੍ਰਮੁੱਖ ਸ਼ਖਸੀਅਤਾਂ ਟੰਡਨ ਇੰਟਰਨੈਸ਼ਨਲ ਸਕੂਲ ਦੇ ਡਾਇਰੈਕਟਰ ਸ਼ਿਵ ਸਿੰਗਲਾ, ਕੌਂਸਲਰ ਜਗਰਾਜ ਪੰਡੋਰੀ, ਪਵਨ ਸਿੰਗਲਾ ਅਤੇ ਚਰਨਜੀਤ ਸਿੰਘ ਨੇ ਟਰਾਈਡੈਂਟ ਗਰੁੱਪ ਅਤੇ ਪਦਮਸ਼੍ਰੀ ਰਾਜਿੰਦਰ ਗੁਪਤਾ ਦੀ ਦੂਰਅੰਦੇਸ਼ੀ ਸੋਚ ਅਤੇ ਲੋਕ ਭਲਾਈ ਪ੍ਰਤੀ ਸਮਰਪਣ ਦੀ ਦਿਲੋਂ ਤਾਰੀਫ਼ ਕੀਤੀ ਹੈ।

ਟਰਾਈਡੈਂਟ ਗਰੁੱਪ ਵੱਲੋਂ ਸੀ.ਐੱਮ.ਸੀ. ਵਰਗ ਹਸਪਤਾਲ ਦੀਆਂ ਸਹੂਲਤਾਂ ਮਹੁੱਈਆ ਕਰਵਾਉਣ ਕਾਬਿਲ-ਏ-ਤਾਰੀਫ਼ : ਸ਼ਿਵ ਸਿੰਗਲਾ

ਟੰਡਨ ਇੰਟਰਨੈਸ਼ਨਲ ਸਕੂਲ ਦੇ ਡਾਇਰੈਕਟਰ ਸ਼ਿਵ ਸਿੰਗਲਾ ਨੇ ਕਿਹਾ ਕਿ ਇਹ ਮੈਗਾ ਮੈਡੀਕਲ ਕੈਂਪ ਬਰਨਾਲਾ ਅਤੇ ਆਸ-ਪਾਸ ਦੇ ਇਲਾਕਿਆਂ ਲਈ ਵਰਦਾਨ ਸਾਬਿਤ ਹੋਵੇਗਾ। ਟਰਾਈਡੈਂਟ ਗਰੁੱਪ ਨੇ ਹਮੇਸ਼ਾ ਆਪਣੀ ਸਮਾਜਿਕ ਜ਼ਿੰਮੇਵਾਰੀ ਨੂੰ ਪਹਿਲ ਦਿੱਤੀ ਹੈ, ਪਰ ਪਦਮਸ਼੍ਰੀ ਰਾਜਿੰਦਰ ਗੁਪਤਾ ਜੀ ਦੀ ਅਗਵਾਈ ਹੇਠ ਸੀ.ਐੱਮ.ਸੀ. ਵਰਗੇ ਵੱਡੇ ਹਸਪਤਾਲ ਦੀਆਂ ਮਾਹਿਰ ਸੇਵਾਵਾਂ ਨੂੰ ਲੋਕਾਂ ਦੀਆਂ ਦਹਿਲੀਜ਼ਾਂ ਤੱਕ ਪਹੁੰਚਾਉਣਾ ਇੱਕ ਬਹੁਤ ਹੀ ਕਾਬਿਲ-ਏ-ਤਾਰੀਫ਼ ਕਦਮ ਹੈ। ਮੁਫ਼ਤ ਜਾਂਚ, ਦਵਾਈਆਂ ਅਤੇ ਐਨਕਾਂ ਵਰਗੀਆਂ ਸਹੂਲਤਾਂ ਲੋੜਵੰਦਾਂ ਨੂੰ ਵੱਡੀ ਰਾਹਤ ਪ੍ਰਦਾਨ ਕਰਨਗੀਆਂ। ਲੋਕਾਂ ਨੂੰ ਇਸ ਕੈਂਪ ਦਾ ਲਾਭ ਜ਼ਰੂਰ ਲੈਣਾ ਚਾਹੀਦਾ ਹੈ।÷

ਪਦਮਸ਼੍ਰੀ ਰਾਜਿੰਦਰ ਗੁਪਤਾ ਜੀ ਮਨੁੱਖਤਾ ਦੀ ਸੱਚੀ ਸੇਵਾ ਕਰ ਰਹੇ ਹਨ : ਜਗਰਾਜ ਪੰਡੋਰੀ

ਕੌਂਸਲਰ ਜਗਰਾਜ ਪੰਡੋਰੀ ਨੇ ਕਿਹਾ ਕਿ ਸਾਡੇ ਕੌਂਸਲਰ ਖੇਤਰ ਵਿੱਚ ਅਕਸਰ ਅਜਿਹੇ ਲੋਕ ਮਿਲਦੇ ਹਨ ਜੋ ਮਹਿੰਗੇ ਇਲਾਜ ਜਾਂ ਡਾਇਗਨੋਸਟਿਕ ਟੈਸਟ ਨਹੀਂ ਕਰਵਾ ਸਕਦੇ। ਟਰਾਈਡੈਂਟ ਗਰੁੱਪ ਅਤੇ ਪਦਮਸ਼੍ਰੀ ਰਾਜਿੰਦਰ ਗੁਪਤਾ ਜੀ ਨੇ ਇਹ ਕੈਂਪ ਲਗਾ ਕੇ ਮਨੁੱਖਤਾ ਦੀ ਸੱਚੀ ਸੇਵਾ ਕੀਤੀ ਹੈ। ਮੁਫ਼ਤ ਐਕਸਰੇ ਅਤੇ ਈ.ਸੀ.ਜੀ. ਦੀ ਸਹੂਲਤ ਦੇਣਾ ਬਹੁਤ ਵੱਡਾ ਸਹਿਯੋਗ ਹੈ। ਖਾਸ ਤੌਰ ’ਤੇ ਨਿਰਧਾਰਿਤ ਤਾਰੀਖਾਂ ਅਨੁਸਾਰ 18 ਦਿਨਾਂ ਤੱਕ ਸਹੂਲਤ ਮਿਲਦੇ ਰਹਿਣਾ ਬਹੁਤ ਪ੍ਰਸ਼ੰਸਾਯੋਗ ਕਾਰਜ ਹੈ।

## ਭਾਰਤ ਦੀਆਂ ਕੁੜੀਆਂ ਨੇ ਇਤਿਹਾਸ ਲਿਖਿਆ

# ਵਿਸ਼ਵ ਕੱਪ ਵਿਚ ਪਹਿਲੀ ਖਿਤਾਬੀ ਜਿੱਤ ਦਰਜ; ਫਾਈਨਲ ਵਿਚ ਦੱਖਣੀ ਅਫ਼ਰੀਕਾ ਨੂੰ 52 ਦੌੜਾਂ ਨਾਲ ਹਰਾਇਆ

**ਮੁੰਬਈ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਇੱਥੇ ਆਈਸੀਸੀ ਮਹਿਲਾ ਵਿਸ਼ਵ ਕੱਪ ਦੇ ਫਾਈਨਲ ਵਿਚ ਭਾਰਤ ਨੇ ਦੱਖਣੀ ਅਫਰੀਕਾ ਨੂੰ 52 ਦੌੜਾਂ ਨਾਲ ਹਰਾ ਕੇ ਨਵਾਂ ਇਤਿਹਾਸ ਲਿਖ ਦਿੱਤਾ ਹੈ। ਭਾਰਤੀ ਮਹਿਲਾ ਟੀਮ ਦੀ ਵਿਸ਼ਵ ਕੱਪ ਵਿਚ ਇਹ ਪਹਿਲੀ ਖਿਤਾਬੀ ਜਿੱਤ ਹੈ। ਭਾਰਤ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ ਨਿਰਧਾਰਤ 50 ਓਵਰਾਂ ਵਿਚ ਸੱਤ ਵਿਕਟਾਂ ਦੇ ਨੁਕਸਾਨ ’ਤੇ 298 ਦੌੜਾਂ ਬਣਾਈਆਂ ਜਿਸ ਦੇ ਜਵਾਬ ਵਿਚ ਦੱਖਣੀ ਅਫਰੀਕਾ ਦੀ ਪੂਰੀ ਟੀਮ 45.3 ਓਵਰਾਂ ਵਿਚ 246 ਦੌੜਾਂ ’ਤੇ ਆਊਟ ਹੋ ਗਈ।

ਭਾਰਤ ਵਲੋਂ ਦੀਪਤੀ ਸ਼ਰਮਾ ਨੇ ਬਿਹਤਰੀਨ ਗੇਂਦਬਾਜ਼ੀ ਕੀਤੀ ਤੇ ਪੰਜ ਵਿਕਟਾਂ ਲਈਆਂ। ਇਸ ਤੋਂ ਇਲਾਵਾ ਸ਼ੈਫਾਲੀ ਵਰਮਾ ਨੇ ਵੀ ਅਹਿਮ ਵਿਕਟਾਂ ਹਾਸਲ ਕੀਤੀਆਂ। ਇਨ੍ਹਾਂ ਦੋਵਾਂ ਖਿਡਾਰਨਾਂ ਨੇ ਸ਼ਾਨਦਾਰ ਗੇਂਦਬਾਜ਼ੀ ਤੋਂ ਇਲਾਵਾ ਸ਼ਾਨਦਾਰ ਬੱਲੇਬਾਜ਼ੀ ਵੀ ਕੀਤੀ। ਸ਼ੈਫਾਲੀ ਵਰਮਾ ‘ਪਲੇਅਰ ਆਫ ਦਿ ਫਾਈਨਲ’ ਚੁਣੀ ਗਈ।

ਭਾਰਤ ਨੇ ਦੱਖਣੀ ਅਫਰੀਕਾ ਖ਼ਿਲਾਫ਼ ਫਾਈਨਲ ਮੁਕਾਬਲੇ ਵਿਚ ਪੰਜਾਹ ਓਵਰਾਂ ਵਿਚ ਸੱਤ ਵਿਕਟਾਂ ਦੇ ਨੁਕਸਾਨ ਨਾਲ 298 ਦੌੜਾਂ ਬਣਾਈਆਂ ਤੇ ਦੱਖਣੀ ਅਫਰੀਕਾ ਨੂੰ ਜਿੱਤ ਲਈ 299 ਦੌੜਾਂ ਦਾ ਟੀਚਾ ਦਿੱਤਾ।

ਭਾਰਤ ਨੇ ਸੈਮੀਫਾਈਨਲ ਵਿੱਚ ਖਿਤਾਬ ਦੀ ਮਜ਼ਬੂਤ ਦਾਅਵੇਦਾਰ ਮੰਨੀ ਜਾ ਰਹੀ ਆਸਟਰੇਲੀਆ ਦੀ ਟੀਮ ਨੂੰ ਹਰਾ ਕੇ ਤੀਜੀ ਵਾਰ ਫਾਈਨਲ ਵਿੱਚ ਜਗ੍ਹਾ ਬਣਾਈ ਸੀ। ਮੀਂਹ ਕਾਰਨ ਮੈਚ ਲਗਪਗ ਦੋ ਘੰਟੇ ਦੇਰੀ ਨਾਲ ਸ਼ੁਰੂ ਹੋਇਆ ਪਰ ਓਵਰਾਂ ਵਿੱਚ ਕੋਈ ਕਟੌਤੀ ਨਹੀਂ ਕੀਤੀ ਗਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਹੋਰ ਆਗੂਆਂ ਨੇ ਭਾਰਤੀ ਟੀਮ ਨੂੰ ਜਿੱਤ ਦੀ ਵਧਾਈ ਦਿੱਤੀ ਹੈ।

ਸ਼ੈਫਾਲੀ ਵਰਮਾ ਨੇ ਸਭ ਤੋਂ ਵੱਧ 87 ਦੌੜਾਂ ਬਣਾਈਆਂ। ਉਸ ਨੇ ਸਮ੍ਰਿਤੀ ਮੰਧਾਨਾ (45) ਨਾਲ ਮਿਲ ਕੇ ਪਹਿਲੀ ਵਿਕਟ ਲਈ 104 ਦੌੜਾਂ ਦੀ ਭਾਈਵਾਲੀ ਕੀਤੀ। ਕਪਤਾਨ ਹਰਮਨਪ੍ਰੀਤ ਕੌਰ (20) ਵੀ ਵੱਡਾ ਸਕੋਰ ਬਣਾਉਣ ਵਿੱਚ ਨਾਕਾਮ ਰਹੀ। ਦੀਪਤੀ ਸ਼ਰਮਾ (58) ਅਤੇ ਰਿਚਾ ਘੋਸ਼ (24 ਗੇਂਦਾਂ ’ਤੇ 34) ਨੇ ਛੇਵੀਂ ਵਿਕਟ ਲਈ 47 ਦੌੜਾਂ ਦੀ ਤੇਜ਼ ਭਾਈਵਾਲੀ ਕਰਕੇ ਭਾਰਤ ਨੂੰ ਇੱਕ ਚੁਣੌਤੀਪੂਰਨ ਸਕੋਰ ਤੱਕ ਪਹੁੰਚਾਇਆ। ਦੀਪਤੀ ਸ਼ਰਮਾ ਇੱਕ ਰੋਜ਼ਾ ਵਿਸ਼ਵ ਕੱਪ ਵਿੱਚ 20 ਵਿਕਟਾਂ ਅਤੇ 200 ਦੌੜਾਂ ਬਣਾਉਣ ਵਾਲੀ ਪਹਿਲੀ ਮਹਿਲਾ ਕ੍ਰਿਕਟਰ ਬਣ ਗਈ ਹੈ।

ਟੀਚਾ ਪੂਰਾ ਕਰਨ ਉੱਤਰੀ ਦੱਖਣੀ ਅਫਰੀਕਾ ਦੀ ਕਪਤਾਨ ਲੌਰਾ ਵੋਲਵਾਰਟ ਨੇ 101 ਦੌੜਾਂ ਬਣਾ ਕੇ ਟੀਮ ਨੂੰ ਖਿਤਾਬ ਦੀ ਦੌੜ ਵਿੱਚ ਬਣਾਈ ਰੱਖਿਆ ਪਰ ਦੀਪਤੀ ਸ਼ਰਮਾ ਦੀ ਗੇਂਦ ’ਤੇ ਅਮਨਜੋਤ ਕੌਰ ਨੇ ਸ਼ਾਨਦਾਰ ਕੈਚ ਫੜ ਕੇ ਉਸ ਦੀ ਪਾਰੀ ਖ਼ਤਮ ਕਰ ਦਿੱਤੀ। ਵੋਲਵਾਰਟ ਇੱਕ ਸਿਰੇ ’ਤੇ ਡਟੀ ਰਹੀ ਪਰ ਉਸ ਨੂੰ ਦੂਜੇ ਪਾਸਿਓਂ ਕਿਸੇ ਦਾ ਸਾਥ ਨਾ ਮਿਲਿਆ। ਭਾਰਤ ਲਈ ਦੀਪਤੀ ਸ਼ਰਮਾ ਨੇ ਪੰਜ, ਸ਼ੈਫਾਲੀ ਵਰਮਾ ਨੇ ਦੋ ਤੇ ਸ੍ਰੀਚਰਨੀ ਨੇ ਇੱਕ ਵਿਕਟ ਹਾਸਲ ਕੀਤੀ।

# ਅਵਾਰਾ ਕੁੱਤਿਆਂ ਦੇ ਮਾਮਲੇ ’ਤੇ ਸੁਪਰੀਮ ਕੋਰਟ 7 ਨਵੰਬਰ ਨੂੰ ਸੁਣਾਏਗੀ ਫੈਸਲਾ

**ਨਵੀਂ ਦਿੱਲੀ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਸੋਮਵਾਰ ਨੂੰ ਕਿਹਾ ਕਿ ਉਹ ਅਵਾਰਾ ਕੁੱਤਿਆਂ ਦੇ ਮਾਮਲੇ ਵਿੱਚ 7 ਨਵੰਬਰ ਨੂੰ ਫੈਸਲਾ ਸੁਣਾਏਗੀ। ਜਸਟਿਸ ਵਿਕਰਮ ਨਾਥ, ਜਸਟਿਸ ਸੰਦੀਪ ਮਹਿਤਾ ਅਤੇ ਜਸਟਿਸ ਐੱਨ ਵੀ ਅੰਜਾਰੀਆ ਦੇ ਤਿੰਨ ਜੱਜਾਂ ਦੇ ਵਿਸ਼ੇਸ਼ ਬੈਂਚ ਨੇ ਨੋਟ ਕੀਤਾ ਕਿ ਜ਼ਿਆਦਾਤਰ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਮੁੱਖ ਸਕੱਤਰ ) ਅਦਾਲਤ ਵਿੱਚ ਮੌਜੂਦ ਸਨ।

ਬੈਂਚ ਨੇ ਕਿਹਾ ਕਿ ਭਾਰਤੀ ਜਾਨਵਰ ਭਲਾਈ ਬੋਰਡ ਨੂੰ ਵੀ ਇਸ ਮਾਮਲੇ ਵਿੱਚ ਇੱਕ ਧਿਰ ਬਣਾਇਆ ਜਾਵੇਗਾ। ਸ਼ੁਰੂਆਤ ਵਿੱਚ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਬੈਂਚ ਨੂੰ ਦੱਸਿਆ ਕਿ ਜ਼ਿਆਦਾਤਰ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੇ ਇਸ ਮਾਮਲੇ ਵਿੱਚ ਆਪਣੇ ਪਾਲਣਾ ਹਲਫ਼ਨਾਮੇ ) ਦਾਇਰ ਕਰ ਦਿੱਤੇ ਹਨ।

ਅਦਾਲਤ ਨੇ ਕਿਹਾ ਕਿ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਮੁੱਖ ਸਕੱਤਰਾਂ ਦੀ ਨਿੱਜੀ ਹਾਜ਼ਰੀ ਦੀ ਹੁਣ ਲੋੜ ਨਹੀਂ ਹੋਵੇਗੀ ਅਤੇ ਚੇਤਾਵਨੀ ਦਿੱਤੀ ਕਿ ਅਦਾਲਤ ਵੱਲੋਂ ਪਾਸ ਕੀਤੇ ਗਏ ਆਦੇਸ਼ਾਂ ਦੀ ਪਾਲਣਾ ਵਿੱਚ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਹੋਣ ’ਤੇ ਉਨ੍ਹਾਂ ਦੀ ਹਾਜ਼ਰੀ ਮੁੜ ਲਾਜ਼ਮੀ ਹੋ ਜਾਵੇਗੀ।

ਜ਼ਿਕਰਯੋਗ ਹੈ ਕਿ 27 ਅਕਤੂਬਰ ਨੂੰ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਪੱਛਮੀ ਬੰਗਾਲ ਅਤੇ ਤਿਲੰਗਾਨਾ ਨੂੰ ਛੱਡ ਕੇ ਬਾਕੀ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਮੁੱਖ ਸਕੱਤਰਾਂ ਨੂੰ 3 ਨਵੰਬਰ ਨੂੰ ਅਦਾਲਤ ਵਿੱਚ ਪੇਸ਼ ਹੋਣ ਲਈ ਕਿਹਾ ਸੀ। ਇਹ ਹੁਕਮ ਇਸ ਲਈ ਦਿੱਤਾ ਗਿਆ ਸੀ ਕਿਉਂਕਿ ਉਨ੍ਹਾਂ ਨੇ ਅਦਾਲਤ ਦੇ 22 ਅਗਸਤ ਦੇ ਹੁਕਮਾਂ ਦੇ ਬਾਵਜੂਦ ਪਾਲਣਾ ਹਲਫ਼ਨਾਮੇ ਦਾਇਰ ਨਹੀਂ ਕੀਤੇ ਸਨ।

22 ਅਗਸਤ ਨੂੰ ਸੁਪਰੀਮ ਕੋਰਟ ਨੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਤੋਂ ਜਾਨਵਰ ਜਨਮ ਨਿਯੰਤਰਣ ਨਿਯਮਾਂ ਦੀ ਪਾਲਣਾ ਲਈ ਚੁੱਕੇ ਗਏ ਕਦਮਾਂ ਬਾਰੇ ਪੁੱਛਿਆ ਸੀ। ਅਦਾਲਤ ਨੇ ਪਾਲਣਾ ਨਾ ਹੋਣ ’ਤੇ ਨਾਰਾਜ਼ਗੀ ਜ਼ਾਹਰ ਕੀਤੀ ਸੀ ਅਤੇ ਕਿਹਾ ਸੀ ਕਿ ਲਗਾਤਾਰ ਹੋ ਰਹੀਆਂ ਘਟਨਾਵਾਂ ਕਾਰਨ ਵਿਦੇਸ਼ਾਂ ਵਿੱਚ ਦੇਸ਼ ਨੂੰ ਨੀਵਾਂ ਦਿਖਾਇਆ ਜਾ ਰਿਹਾ ਹੈ।

ਸੁਪਰੀਮ ਕੋਰਟ ਨੇ ਇਸ ਮਾਮਲੇ ਦਾ ਦਾਇਰਾ ਦਿੱਲੀ-ਐਨਸੀਆਰ ਤੋਂ ਅੱਗੇ ਵਧਾ ਕੇ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਇਸ ਵਿੱਚ ਧਿਰ ਬਣਾਇਆ ਸੀ।

ਇਹ ਸੁਓ ਮੋਟੋ ਕੇਸ 28 ਜੁਲਾਈ ਨੂੰ ਸ਼ੁਰੂ ਕੀਤਾ ਗਿਆ ਸੀ, ਜਦੋਂ ਇੱਕ ਮੀਡੀਆ ਰਿਪੋਰਟ ਵਿੱਚ ਦਿੱਲੀ ਵਿੱਚ ਅਵਾਰਾ ਕੁੱਤਿਆਂ ਦੇ ਕੱਟਣ ਕਾਰਨ ਰੇਬੀਜ਼ ਖਾਸ ਕਰਕੇ ਬੱਚਿਆਂ ਵਿੱਚ, ਫੈਲਣ ਦੀ ਖ਼ਬਰ ਦਿੱਤੀ ਗਈ ਸੀ।

## ਭਾਜਪਾ ਅਤੇ ਕਾਂਗਰਸੀ ਕੌਂਸਲਰ ਆਹਮੋ ਸਾਹਮਣੇ



**ਚੰਡੀਗੜ੍ਹ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਅੱਜ ਹੋਈ ਜਨਰਲ ਹਾਊਸ ਮੀਟਿੰਗ ਵਿੱਚ ਉਸ ਸਮੇਂ ਹੰਗਾਮਾ ਹੋ ਗਿਆ ਜਦੋਂ ਭਾਜਪਾ ਕੌਂਸਲਰ ਗੁਰਬਖਸ਼ ਰਾਵਤ ਨੇ ਐਮ.ਪੀ. ਲੈਡ ਫੰਡਾਂ ਤਹਿਤ ਨਗਰ ਨਿਗਮ ਖੇਤਰ ਵਿੱਚ ਹੋਣ ਵਾਲੇ ਕੰਮਾਂ ਦੇ ਸਮਾਗਮਾਂ ਵਿੱਚ ਇਲਾਕਾ ਕੌਂਸਲਰ ਨੂੰ ਨਹੀਂ ਬੁਲਾਇਆ ਜਾਂਦਾ ਅਤੇ ਨਾ ਹੀ ਸਮਾਗਮ ਦੇ ਸੱਦਾ ਪੱਤਰਾਂ ਵਿੱਚ ਕੌਂਸਲਰ ਦੇ ਨਾਮ ਹੁੰਦਾ ਹੈ। ਰਾਵਤ ਨੇ ਮੈਂਬਰ ਪਾਰਲੀਮੈਂਟ ਮੁਨੀਸ਼ ਤਿਵਾੜੀ ਬਾਰੇ ਗੱਲ ਕੀਤੀ ਤਾਂ ਕਾਂਗਰਸੀ ਕੌਂਸਲਰ ਭੜਕ ਗਏ ਅਤੇ ਬਹਿਸ ਸ਼ੁਰੂ ਹੋ ਗਈ। ਬਹਿਸ ਇੰਨੀ ਤਿੱਖੀ ਹੋ ਗਈ ਕਿ ਭਾਜਪਾ ਕੌਂਸਲਰ ਸੌਰਭ ਜੋਸ਼ੀ ਨੇ ਮੁਨੀਸ਼ ਤਿਵਾੜੀ ਦੇ ਨਾਮ ਵਾਲੀ ਤਖਤੀ ਚੁੱਕ ਕੇ ਲਹਿਰਾਈ ਅਤੇ ਕਿਹਾ ਕਿ ਤਿਵਾੜੀ ਨਿਗਮ ਦੀਆਂ ਮੀਟਿੰਗਾਂ ਵਿੱਚ ਤਾਂ ਆਉਂਦੇ ਨਹੀਂ ਪਰ ਨਿਗਮ ਦੇ ਕੰਮਾਂ ਵਿੱਚ ਰਾਜਨੀਤੀ ਕਰਦੇ ਹਨ।

ਕੌਂਸਲਰ ਜੋਸ਼ੀ ਦੇ ਤਖਤੀ ਲਹਿਰਾਉਣ ’ਤੇ ਕਾਂਗਰਸੀ ਕੌਂਸਲਰ ਭੜਕ ਉੱਠੇ ਜਿਸ ਦੌਰਾਨ ਕੌਂਸਲਰ ਸਚਿਨ ਗਾਲਵ ਨੇ ਸ਼ੌਰਭ ਜੋਸ਼ੀ ਦੀ ਇਸ ਕਾਰਵਾਈ ਦਾ ਤਿੱਖਾ ਵਿਰੋਧ ਕੀਤਾ। ਮਾਮਲਾ ਹੱਥੋਪਾਈ ਤੱਕ ਪਹੁੰਚ ਗਿਆ ਜਿਸ ਨੂੰ ਸਾਰੀਆਂ ਪਾਰਟੀਆਂ ਦੇ ਕੌਂਸਲਰਾਂ ਨੇ ਮਿਲ ਕੇ ਸ਼ਾਂਤ ਕੀਤਾ।

# ਅੰਮ੍ਰਿਤਸਰ ਦਿਹਾਤੀ ਪੁਲਿਸ ਵੱਲੋਂ ਚੋਰੀ ਦੀਆਂ ਬੈਟਰੀਆਂ ਸਮੇਤ 4 ਦੋਸ਼ੀ ਕਾਬੂ

**ਅੰਮ੍ਰਿਤਸਰ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਅੰਮ੍ਰਿਤਸਰ ਦਿਹਾਤੀ ਪੁਲਿਸ ਵੱਲੋਂ ਸ਼ਾਂਤੀ-ਕਾਇਮਗੀ ਅਤੇ ਅਪਰਾਧਕ ਗਤੀਵਿਧੀਆਂ ‘ਤੇ ਨਿਯੰਤਰਣ ਲਈ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਤਹਿਤ ਇੱਕ ਵੱਡੀ ਕਾਮਯਾਬੀ ਹਾਸਲ ਹੋਈ ਹੈ। ਸ਼੍ਰੀ ਮਨਿੰਦਰ ਸਿੰਘ ਆਈ.ਪੀ.ਐਸ., ਐੱਸ.ਐੱਸ.ਪੀ. ਅੰਮ੍ਰਿਤਸਰ ਦਿਹਾਤੀ ਅਤੇ ਸ਼੍ਰੀ ਯਾਦਵਿੰਦਰ ਸਿੰਘ ਡੀ.ਐਸ.ਪੀ. ਅਟਾਰੀ ਦੀ ਅਗਵਾਈ ਹੇਠ ਥਾਣਾ ਘਰਿੰਡਾ ਪੁਲਿਸ ਨੇ ਚੋਰੀ ਦੇ ਇੱਕ ਮਾਮਲੇ ਦਾ ਪਰਦਾਫਾਸ਼ ਕਰਦਿਆਂ 4 ਵਿਅਕਤੀਆਂ ਨੂੰ ਮੋਬਾਈਲ ਟਾਵਰਾਂ ਤੋਂ ਚੋਰੀ ਕੀਤੀਆਂ ਬੈਟਰੀਆਂ ਸਮੇਤ ਕਾਬੂ ਕੀਤਾ। ਡੀ.ਐਸ.ਪੀ. ਯਾਦਵਿੰਦਰ ਸਿੰਘ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਥਾਣਾ ਘਰਿੰਡਾ ਪੁਲਿਸ ਨੂੰ ਪਿੰਡ ਚੀਚੇ ਵਿਖੇ ਮੋਬਾਈਲ ਟਾਵਰ ਦੀਆਂ ਬੈਟਰੀਆਂ ਚੋਰੀ ਹੋਣ ਦੀ ਜਾਣਕਾਰੀ ਮਿਲੀ ਸੀ।

ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਖਾਸ ਟੀਮਾਂ ਤਿਆਰ ਕੀਤੀਆਂ ਅਤੇ ਛਾਪੇਮਾਰੀ ਦੌਰਾਨ ਚਾਰ ਵਿਅਕਤੀਆਂ ਨੂੰ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਕੋਲੋਂ ਚੋਰੀਸ਼ੁਦਾ ਬੈਟਰੀਆਂ, ਇੱਕ ਲੋਡਿੰਗ ਵਾਹਨ ਅਤੇ ਹੋਰ ਸਬੂਤ ਵੀ ਬਰਾਮਦ ਕੀਤੇ ਗਏ ਹਨ।ਇਸ ਸਬੰਧ ਵਿੱਚ ਥਾਣਾ ਘਰਿੰਡਾ ਵਿਚ ਐੱਫ਼.ਆਈ.ਆਰ ਨੰਬਰ 356 ਮਿਤੀ 1 ਨਵੰਬਰ 2025 ਤਹਿਤ ਧਾਰਾ 305, 331(4), 62, ਅਤੇ 3(5) ਬੀ.ਐਨ.ਐੱਸ. ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਪੁਲਿਸ ਵੱਲੋਂ ਗ੍ਰਿਫ਼ਤਾਰ ਦੋਸ਼ੀਆਂ ਦੀ ਪਛਾਣ ਜਾਰੀ ਰੱਖਦਿਆਂ ਹੋਰ ਸਾਥੀਆਂ ਦੀ ਭਾਲ ਵੀ ਕੀਤੀ ਜਾ ਰਹੀ ਹੈ ਜੋ ਇਸ ਗਿਰੋਹ ਦਾ ਹਿੱਸਾ ਹੋ ਸਕਦੇ ਹਨ।ਡੀ.ਐਸ.ਪੀ. ਨੇ ਕਿਹਾ ਕਿ ਮੋਬਾਈਲ ਟਾਵਰਾਂ ‘ਤੇ ਲੱਗੀਆਂ ਬੈਟਰੀਆਂ ਦੀ ਚੋਰੀ ਸਹੂਲਤ ਸੰਚਾਰ ਪ੍ਰਣਾਲੀ ਲਈ ਗੰਭੀਰ ਖ਼ਤਰਾ ਹੁੰਦਾ ਹੈ, ਕਿਉਂਕਿ ਇਹ ਬੈਟਰੀਆਂ ਨੈੱਟਵਰਕ ਬੰਦ ਹੋਣ ਦੀ ਸਥਿਤੀ ਵਿੱਚ ਬੈਕਅਪ ਪਾਵਰ ਪ੍ਰਦਾਨ ਕਰਦੀਆਂ ਹਨ। ਇਸ ਤਰ੍ਹਾਂ ਦੀ ਚੋਰੀ ਸਿਰਫ਼ ਆਰਥਿਕ ਨੁਕਸਾਨ ਹੀ ਨਹੀਂ ਕਰਦੀ ਸਗੋਂ ਐਮਰਜੈਂਸੀ ਸੇਵਾਵਾਂ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ।ਐੱਸ.ਐੱਸ.ਪੀ. ਮਨਿੰਦਰ ਸਿੰਘ ਨੇ ਕਰਮਚਾਰੀਆਂ ਦੀ ਕਾਰਗੁਜ਼ਾਰੀ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਅਪਰਾਧ ‘ਤੇ ਕੁੜਕਾ ਹੱਥ ਰੱਖਣ ਲਈ ਹਰ ਪੁਲਿਸ ਥਾਣੇ ਨੂੰ ਸਿਆਣਪ, ਤੁਰੰਤ ਕਾਰਵਾਈ ਅਤੇ ਤਕਨੀਕੀ ਸਹਾਇਤਾ ਨਾਲ ਜੁੜਨਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸਮਾਜ ਦੇ ਸਹਿਯੋਗ ਨਾਲ ਹੀ ਅਜਿਹੇ ਅਪਰਾਧਕ ਤੱਤਾਂ ਨੂੰ ਰੋਕਿਆ ਜਾ ਸਕਦਾ ਹੈ।ਇਸ ਦਰਮਿਆਨ ਸਥਾਨਕ ਲੋਕਾਂ ਨੇ ਪੁਲਿਸ ਵੱਲੋਂ ਕੀਤੀ ਗਈ ਤੇਜ਼ ਕਾਰਵਾਈ ਦੀ ਸਰਾਹਨਾ ਕੀਤੀ ਹੈ। ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਇਹ ਕਾਰਵਾਈ ਨਾ ਸਿਰਫ਼ ਸੁਰੱਖਿਆ ਪ੍ਰਣਾਲੀ ‘ਤੇ ਵਿਸ਼ਵਾਸ ਮਜ਼ਬੂਤ ਕਰੇਗੀ ਸਗੋਂ ਅਪਰਾਧੀਆਂ ਵਿਚ ਡਰ ਦਾ ਮਾਹੌਲ ਵੀ ਪੈਦਾ ਕਰੇਗੀ।ਪੁਲਿਸ ਵੱਲੋਂ ਗ੍ਰਿਫ਼ਤਾਰ ਦੋਸ਼ੀਆਂ ਨਾਲ ਪੁੱਛਗਿੱਛ ਜਾਰੀ ਹੈ ਅਤੇ ਸੰਭਾਵਨਾ ਜਤਾਈ ਜਾ ਰਹੀ ਹੈ ਕਿ ਹੋਰ ਵੀ ਚੋਰੀਆਂ ਇਸ ਗਿਰੋਹ ਨਾਲ ਜੁੜੀਆਂ ਹੋ ਸਕਦੀਆਂ ਹਨ। ਅਗਲੇ ਕੁਝ ਦਿਨਾਂ ਵਿੱਚ ਇਸ ਮਾਮਲੇ ਨਾਲ ਸਬੰਧਤ ਹੋਰ ਖੁਲਾਸੇ ਹੋਣ ਦੀ ਉਮੀਦ ਹੈ।

# ਐੱਸਜੀਪੀਸੀ ਜਨਰਲ ਇਜਲਾਸ: ਹਰਜਿੰਦਰ ਸਿੰਘ ਧਾਮੀ ਪੰਜਵੀਂ ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ

**ਅੰਮ੍ਰਿਤਸਰ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੱਜ ਹੋਏ ਜਨਰਲ ਇਜਲਾਸ ਵਿੱਚ ਪ੍ਰਧਾਨ ਦੇ ਅਹੁਦੇ ਲਈ ਹੋਈ ਚੋਣ ਵਿਚ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਮੁੜ ਪ੍ਰਧਾਨ ਚੁਣੇ ਗਏ ਹਨ। ਜਨਰਲ ਇਜਲਾਸ ਦੌਰਾਨ ਕੁੱਲ 136 ਵੋਟਾਂ ਪਈਆਂ ਜਿਸ ਵਿਚੋਂ ਧਾਮੀ ਨੂੰ 117 ਵੋਟਾਂ ਮਿਲੀਆਂ।

ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਉਮੀਦਵਾਰ ਮਿੱਠੂ ਸਿੰਘ ਕਾਹਨੇਕੇ ਨੂੰ 18 ਵੋਟਾਂ ਪਈਆਂ ਜਦੋਂਕਿ ਇਕ ਵੋਟ ਰੱਦ ਹੋ ਗਈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪੰਜਵੀਂ ਵਾਰ ਪ੍ਰਧਾਨ ਬਣੇ ਹਨ। ਚੋਣ ਵਾਸਤੇ ਮੁੱਖ ਮੁਕਾਬਲਾ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਵੱਲੋਂ ਮਿੱਠੂ ਸਿੰਘ ਕਾਹਨੇਕੇ ਵਿਚਾਲੇ ਸੀ।

ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ ਅਤੇ ਜਨਰਲ ਸਕੱਤਰ ਦੇ ਨਾਵਾਂ ਦੀ ਸੂਚੀ

ਪ੍ਰਧਾਨ - ਐਡਵੋਕੇਟ ਹਰਜਿੰਦਰ ਸਿੰਘ ਧਾਮੀ

ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ

ਜੂਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ

ਜਨਰਲ ਸਕੱਤਰ ਸ਼ੇਰ ਸਿੰਘ ਮੰਡਵਾਲਾ

ਅੰਤ੍ਰਿੰਗ ਕਮੇਟੀ ਮੈਂਬਰ

ਸੁਰਜੀਤ ਸਿੰਘ ਗੜ੍ਹੀ
ਸੁਰਜੀਤ ਸਿੰਘ ਤੁਗਲਵਾਲਾ
ਸੁਰਜੀਤ ਸਿੰਘ ਕੰਗ
ਗੁਰਪ੍ਰੀਤ ਸਿੰਘ ਝੱਬਰ
ਦਿਲਜੀਤ ਸਿੰਘ ਭਿੰਡਰ
ਬੀਬੀ ਹਰਜਿੰਦਰ ਕੌਰ
ਬਲਦੇਵ ਸਿੰਘ ਕੈਮਪੁਰੀ
ਮੇਜਰ ਸਿੰਘ ਢਿੱਲੋਂ
ਮੰਗਵਿੰਦਰ ਸਿੰਘ ਖਾਪੜਖੇੜੀ
ਜੰਗਬਹਾਦਰ ਸਿੰਘ ਰਾਏ,
ਮਿੱਠੂ ਸਿੰਘ ਕਾਹਨੇਕੇ

ਇਹ ਜਨਰਲ ਇਜਲਾਸ ਦੁਪਹਿਰ 12 ਵਜੇ ਸ਼੍ਰੋਮਣੀ ਕਮੇਟੀ ਕੰਪਲੈਕਸ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਆਰੰਭ ਹੋਇਆ ਸੀ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਬੀਤੇ ਕੱਲ ਸ਼੍ਰੋਮਣੀ ਕਮੇਟੀ ਮੈਂਬਰਾਂ ਨਾਲ ਹੋਈ ਮੀਟਿੰਗ ਸਮੇਂ ਹੀ ਪ੍ਰਧਾਨ ਦੇ ਉਮੀਦਵਾਰ ਵਜੋਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਾਂਅ ਦਾ ਐਲਾਨ ਕਰ ਦਿੱਤਾ ਗਿਆ ਸੀ।

ਜਦੋਂ ਕਿ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਸ਼੍ਰੋਮਣੀ ਕਮੇਟੀ ਮੈਂਬਰਾਂ ਦੀ ਅੱਜ ਸਵੇਰੇ ਹੋਈ ਮੀਟਿੰਗ ਦੌਰਾਨ ਪ੍ਰਧਾਨ ਦੇ ਉਮੀਦਵਾਰ ਵਜੋਂ ਮਿੱਠੂ ਸਿੰਘ ਕਾਹਨੇਕੇ ਦੇ ਨਾਂ ਦਾ ਐਲਾਨ ਕੀਤਾ ਸੀ। ਇਹ ਮੀਟਿੰਗ ਪਾਰਟੀ ਪ੍ਰਧਾਨ ਜਥੇਦਾਰ ਹਰਪ੍ਰੀਤ ਸਿੰਘ ਦੀ ਅਗਵਾਈ ਹੇਠ ਹੋਈ ਜਿਸ ਵਿੱਚ ਪਾਰਟੀ ਨਾਲ ਸਬੰਧਤ ਸ਼੍ਰੋਮਣੀ ਕਮੇਟੀ ਮੈਂਬਰਾਂ ਵੱਲੋਂ ਸਰਬ ਸੰਮਤੀ ਨਾਲ ਉਨ੍ਹਾਂ ਦੇ ਨਾਂਅ ਦੀ ਚੋਣ ਕੀਤੀ ਗਈ। ਮਿੱਠੂ ਸਿੰਘ ਕਾਹਨੇਕੇ ਨੇ ਦੱਸਿਆ ਕਿ ਸਾਬਕਾ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਜਿਨ੍ਹਾਂ ਦੇ ਨਾਂਅ ਦੀ ਚੋਣ ਲੜਨ ਵਾਸਤੇ ਚਰਚਾ ਸੀ, ਵੱਲੋਂ ਵੀ ਉਨ੍ਹਾਂ ਦੇ ਨਾਂਅ ਤੇ ਸਹਿਮਤੀ ਦਿੱਤੀ ਗਈ ਸੀ।

# ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਕੇਂਦਰ ਨੇ 59 ਸਾਲ ਪੁਰਾਣੀ ਸੈਨੇਟ ਕੀਤੀ ਭੰਗ,90 ਦੀ ਥਾਂ ਹੁਣ ਹੋਣਗੇ ਸਿਰਫ 31 ਮੈਂਬਰ

**ਮਾਛੀਵਾੜਾ ਸਾਹਿਬ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰ ਸਰਕਾਰ ਨੇ ਪੰਜਾਬ ਦਿਵਸ ਦੀਆਂ ਵਧਾਈਆਂ ਦੇ ਰਹੇ ਪੰਜਾਬੀਆਂ ਨੂੰ ਨਵਾਂ ਤੋਹਫਾ ਦਿੱਤਾ ਹੈ। ਕੇਂਦਰ ਸਰਕਾਰ ਨੇ 59 ਸਾਲਾਂ ਵਿੱਚ ਪਹਿਲੀ ਵਾਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀਆਂ ਸੈਨੇਟ ਚੋਣਾਂ ਦੀ ਲੋਕਤੰਤਰਿਕ ਵਿਵਸਥਾ ਨੂੰ ਢਾਹ ਲਗਾਉਂਦਿਆਂ ਪ੍ਰਸ਼ਾਸਨਿਕ ਢਾਂਚੇ ਵਿੱਚ ਵੱਡਾ ਬਦਲਾਅ ਕਰਦਿਆਂ ਪੁਰਾਣੇ ਸੈਨੇਟ ਅਤੇ ਸਿੰਡੀਕੇਟ ਨੂੰ ਫੌਰੀ ਪ੍ਰਭਾਵ ਨਾਲ ਭੰਗ ਕਰ ਦਿੱਤਾ ਹੈ। ਜਿਸ ਦਾ ਸਿੱਧੇ ਤੌਰ ਤੇ ਪ੍ਰਭਾਵ ਪੰਜਾਬ ਨੂੰ ਪਿਆ ਹੈ, ਕਿਉਂਕਿ ਹੁਣ ਇਸ ਦੇ ਮੈਂਬਰਾਂ ਦੀ ਕੁੱਲ ਗਿਣਤੀ 90 ਤੋਂ ਘਟਾ ਕੇ 31 ਰਹਿ ਜਾਵੇਗੀ। ਜਿਸ ਵਿੱਚ 18 ਚੁਣੇ ਹੋਏ ,6 ਨਾਮਜਦ ਅਤੇ 7 ਐਕਸ ਆਫਿਸੀਓ ਹੋਣਗੇ। ਸਿੱਧੇ ਤੌਰ ਤੇ ਗੱਲ ਕਰੀਏ ਤਾਂ ਹੁਣ ਯੂਨੀਵਰਸਿਟੀ ਦਾ ਸੰਚਾਲਨ ਬੋਰਡ ਆਫ ਗਵਰਨਰਜ ਕਰੇਗਾ, ਜਿਸ ਦੀ ਪ੍ਰਧਾਨਗੀ ਵਾਇਸ ਚਾਂਸਲਰ ਕਰਨਗੇ ।ਬੋਰਡ ਵਿੱਚ ਕੇਂਦਰ ਸਰਕਾਰ, ਯੂ.ਜੀ.ਸੀ. ਅਤੇ ਚੰਡੀਗੜ੍ਹ ਪ੍ਰਸ਼ਾਸਨ ਦੇ ਨੁਮਿੰਦੇ ਹੋਣਗੇ ਸ਼ਾਮਿਲ। ਇਸ ਪ੍ਰਤੀ ਵੱਖ-ਵੱਖ ਸੂਝਵਾਨ ਰਾਜਨੀਤਿਕ ,ਧਾਰਮਿਕ ਸਮਾਜਿਕ, ਸ਼ਖਸ਼ੀਅਤਾਂ ਨੇ ਆਪਣਾ ਆਪਣਾ ਪ੍ਰਤੀਕਰਮ ਦਿੱਤਾ ਹੈ।

1. ਪੰਜਾਬ ਦਿਵਸ ਮੌਕੇ ਪੰਜਾਬੀਆਂ ਨਾਲ ਵੱਡਾ ਧੱਕਾ, ਵਰਸਿਟੀ ਨੂੰ ਸਿਆਸਤ ਦ ਥਾਂ ਬਣਾਉਣਾ ਸਰਾਸਰ ਗਲਤ - ਦਵਿੰਦਰ ਸਿੰਘ ਬਵੇਜਾ

ਕੇਂਦਰ ਸਰਕਾਰ ਦੇ ਇਸ ਪੰਜਾਬ ਨਾਲ ਹੋਏ ਧੱਕੇ ਵਾਲੇ ਫੈਸਲੇ ਸਬੰਧੀ ਆਪਣੀ ਪ੍ਰਤੀਕਿਰਿਆ ਦਿੰਦਿਆਂ ਮਾਛੀਵਾੜਾ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਦਵਿੰਦਰ ਸਿੰਘ ਬਵੇਜਾ ਨੇ ਕਿਹਾ ਕਿ ਪੰਜਾਬ ਦਿਵਸ ਮੌਕੇ ਯੂਨੀਵਰਸਿਟੀ ਪੰਜਾਬ ਦੇ ਹੱਥੋਂ ਖੋਹੇ ਜਾਣਾ ਕੇਂਦਰ ਸਰਕਾਰ ਦਾ ਪੰਜਾਬ ਨਾਲ ਵੱਡਾ ਤੇ ਨਜਾਇਜ਼ ਧੱਕਾ ਹੈ ,ਜਿਸ ਦੀ ਕਰੜੇ ਸ਼ਬਦਾਂ ਵਿੱਚ ਨਿੰਦਾ ਕੀਤੀ ਜਾਣੀ ਚਾਹੀਦੀ ਹੈ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਵਰਸਿਟੀ ਨੂੰ ਸਿਆਸਤ ਦਾ ਅਖਾੜਾ ਬਣਾਉਣਾ ਚਾਹੁੰਦੀ ਹੈ ਜੋ ਸਾਰਾ ਸਰਾਸਰ ਗਲਤ ਹੈ। ਪੰਜਾਬ ਯੂਨੀਵਰਸਿਟੀ ਵਿੱਚ ਹੀ ਪੰਜਾਬ ਦੇ ਸ਼ਮੂਲੀਅਤ ਨੂੰ ਖਤਮ ਕਰ ਦੇਣਾ ਅਤੇ ਨਿੰਦਣ ਯੋਗ ਹੈ ਇਸ ਲਈ ਸਮੂਹ ਪੰਜਾਬੀਆਂ ਨੂੰ ਰਲ ਕੇ ਇਸ ਫੈਸਲੇ ਵਿਰੁੱਧ ਆਵਾਜ਼ ਉਠਾਣੀ ਚਾਹੀਦੀ ਹੈ।

2. ਪੰਜਾਬ ਨਾਲ ਵੱਡੀ ਬੇਇਨਸਾਫੀ ਹੋਈ -ਸਾਬਕਾ ਪ੍ਰਧਾਨ ਹਰਜਿੰਦਰ ਸਿੰਘ ਖੇੜਾ

ਕੇਂਦਰ ਸਰਕਾਰ ਦੁਆਰਾ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਪੰਜਾਬ ਦੀ ਸ਼ਮੂਲੀਅਤ ਨੂੰ ਖਤਮ ਕਰਨ ਤੇ ਆਪਣੀ ਪ੍ਰਤੀਕਿਰਿਆ ਦਿੰਦਿਆਂ ਸੱਚਾ ਸੌਦਾ ਆੜ੍ਹਤੀ ਐਸੋਸੀਏਸ਼ਨ ਮਾਛੀਵਾੜਾ ਦੇ ਸਾਬਕਾ ਪ੍ਰਧਾਨ ਹਰਜਿੰਦਰ ਸਿੰਘ ਖੇੜਾ ਨੇ ਕਿਹਾ ਕਿ ਇਹ ਕੇਂਦਰ ਸਰਕਾਰ ਦੀ ਪੰਜਾਬ ਨਾਲ ਇੱਕ ਵੱਡੀ ਅਤੇ ਅਤਿ ਨਿੰਦਣਯੋਗ ਬੇਇਨਸਾਫੀ ਹੈ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਦੀ ਇਸ ਉੱਚ ਸਿੱਖਿਆ ਸੰਸਥਾ ਤੇ ਪੰਜਾਬ ਦਾ ਹੱਕ ਖਤਮ ਕਰਨਾ ਪੰਜਾਬ ਨਾਲ ਕੀਤੇ ਜਾਂਦੇ ਧੱਕੇ ਦਾ ਜਿਉਂਦਾ ਜਾਗਦਾ ਸਬੂਤ ਹੈ, ਅਤੇ ਇਹ ਪੰਜਾਬ ਦੀ ਜਨਤਾ ਨਾਲ ਸਰਾਸਰ ਧੱਕਾ ਹੈ॥ 3. ਕੇਂਦਰ ਸਰਕਾਰ ਦੇ ਇਸ ਅਤਿ ਨਿੰਦਣਯੋਗ ਫੈਸਲੇ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹਾਂ।

# ਸਬ ਡਵੀਜ਼ਨ ਸਮਾਣਾ ਦੇ 6 ਪਿੰਡਾਂ ਦੇ ਹੜ੍ਹ ਪ੍ਰਭਾਵਿਤ ਕਿਸਾਨਾਂ ਦੀ ਮਿਸ਼ਨ ਚੜ੍ਹਦੀਕਲਾ ਤਹਿਤ ਕੀਤੀ ਭਰਪਾਈ




**ਸਮਾਣਾ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹੜ੍ਹ ਦੌਰਾਨ ਪ੍ਰਭਾਵਿਤ ਹੋਏ ਕਿਸਾਨਾਂ ਨੂੰ ਪੰਜਾਬ ਸਰਕਾਰ ਵਲੋਂ ਮਿਸ਼ਨ ਚੜ੍ਹਦੀਕਲਾ ਤਹਿਤ ਨੁਕਸਾਨ ਦੀ ਭਰਪਾਈ ਕਰਨ ਲਈ ਸੂਬੇ ਭਰ ਵਿੱਚ ਬਹੁਤ ਜਲਦੀ ਅਤੇ ਸੁਚਾਰੂ ਢੰਗ ਨਾਲ ਮੁਆਵਜੇ ਦੀ ਰਕਮ ਹੜ੍ਹ ਪੀੜਿਤ ਪਰਿਵਾਰਾਂ ਦੇ ਖਾਤੇ ਵਿੱਚ ਪਾਈ ਗਈ।ਇਹ ਜਾਣਕਾਰੀ ਦਿੰਦਿਆਂ ਐਸ.ਡੀ.ਐਮ ਸਮਾਣਾ ਰਿਚਾ ਗੋਇਲ ਨੇ ਦੱਸਿਆ ਕਿ ਸਬ ਡਵੀਜਨ ਸਮਾਣਾ ਅਧੀਨ 06 ਪਿੰਡ ਰਤਨਹੇੜੀ, ਸਪਰਹੇੜੀ, ਮਰਦਾਹੇੜੀ, ਅਸਮਾਨਪੁਰ, ਮਰੌੜੀ ਅਤੇ ਗੁਰਦਿਆਲਪੁਰਾ ਹੜ ਪ੍ਰਭਾਵਿਤ ਰਹੇ ਹਨ, ਇਨ੍ਹਾਂ ਪਿੰਡਾਂ ਦੇ ਵਸਨੀਕਾਂ ਨੂੰ ਮੁਆਵਜ਼ਾ ਰਾਸ਼ੀ ਪਹਿਲੇ ਪੜਾਅ ਹੇਠ ਵਿਧਾਇਕ ਹਲਕਾ ਸ਼ੁਤਰਾਣਾ ਕੁਲਵੰਤ ਸਿੰਘ ਬਾਜ਼ੀਗਰ ਵੱਲੋਂ ਦਿਵਾਲੀ ਤੋਂ ਪਹਿਲਾਂ ਹੀ ਪ੍ਰਦਾਨ ਕੀਤੀ ਜਾ ਚੁੱਕੀ ਹੈ ਅਤੇ ਮੁਅਵਾਜੇ ਦੀ ਮੰਨਜੂਰੀ ਪੱਤਰਾਂ ਦੀ ਵੰਡ ਪਿੰਡ ਰਤਨਹੇੜੀ ਅਤੇ ਪਿੰਡ ਸਪਰਹੇੜੀ ਵਿਖੇ ਲਗਾਏ ਗਏ ਕੈਂਪਾਂ ਵਿੱਚ ਕੀਤੀ ਗਈ।

ਰਿਚਾ ਗੋਇਲ ਨੇ ਅੱਗੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਅਤੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੀ ਅਗਵਾਈ ਹੇਠ ਇਨ੍ਹਾਂ ਪਿੰਡਾਂ ਦੇ ਪ੍ਰਭਾਵਿਤ ਕਿਸਾਨਾਂ ਦੀ ਸਾਰੀ ਜਾਣਕਾਰੀ ਇਕੱਤਰ ਕਰਨ ਉਪਰੰਤ ਇਨਾਂ ਦੇ ਖਾਤਿਆਂ ਵਿੱਚ 20,000 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ (75 ਤੋਂ 100 ਪ੍ਰਤੀਸ਼ਤ) ਖਰਾਬਾ ਰਾਸ਼ੀ ਟਰਾਂਸਫਰ ਕੀਤੀ ਗਈ ਹੈ।

ਸਬ ਡਵੀਜਨ ਸਮਾਣਾ ਦੇ ਕੁੱਲ 06 ਪਿੰਡਾਂ ਵਿੱਚ 324 ਹੜ ਪੀੜਿਤ ਪਰਿਵਾਰਾਂ ਨੂੰ 1 ਕਰੋੜ 87 ਲੱਖ ਰੁਪਏ ਤਕਸੀਮ ਕੀਤੇ ਗਏ ਹਨ। ਜਿਸ ਵਿੱਚ ਵੱਖ-ਵੱਖ ਕਿਸਾਨਾਂ ਨੇ ਪੰਜਾਬ ਸਰਕਾਰ ਵੱਲੋਂ ਬਿਨ੍ਹਾਂ ਕਿਸੇ ਦੇਰੀ ਦੇ ਮੁਆਵਜਾ ਰਾਸ਼ੀ ਉਨ੍ਹਾਂ ਦੇ ਖਾਤਿਆਂ ਵਿੱਚ ਪਾਉਣ ਲਈ ਧੰਨਵਾਦ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਮੁਆਵਜੇ ਦੀ ਵੰਡ ਹੜ੍ਹਾਂ ਦੇ ਆਉਣ ਤੋਂ ਬਾਅਦ ਬਹੁਤ ਹੀ ਘੱਟ ਸਮੇਂ ਦੇ ਅੰਦਰ-ਅੰਦਰ ਪਾਰਦਰਸ਼ੀ ਢੰਗ ਨਾਲ ਕੀਤੀ ਗਈ ਹੈ।

# ਐੱਮ.ਐੱਮ.ਟੀ.ਸੀ.ਪੈਮ ਨੇ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਸਾਲ ਦੇ ਸਨਮਾਨ ਨੂੰ ਜਾਰੀ ਰੱਖਿਆ 999.9 ਸ਼ੁੱਧ ਸਿਲਵਰ ਕੋਇਨ

**ਅੰਮ੍ਰਿਤਸਰ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੇ ਇੱਕ ਮਾਤਰ ਐਲਬੀਐਮਟ (ਲੰਡਨ ਬੁਲਿਅਨ ਮਾਰਕੀਟ ਐਸੋਸੀਏਸ਼ਨ) ਗੁਡ ਡਿਲੀਵਰੀ ਗੋਲਡ ਐਂਡ ਸਿਲਵਰ ਰਿਫਾਈਨਰ ਐੱਮ.ਐੱਮ.ਟੀ.-ਪੈਮਪ ਨੇ ਸਿੱਖਾਂ ਦੇ ਵੇਂ ਗੁਰੂ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਸਾਲ ਦੇ ਸਨਮਾਨ ਵਿੱਚ 20 ਗ੍ਰਾਮ ਦਾ ਵਿਸ਼ੇਸ਼ 999.9 ਸ਼ੁੱਧ ਚੰਦ ਦਾ ਸਿੱਕਾ ਜਾਰੀ ਕੀਤਾ ਗਿਆ ਹੈ। ਗੁਰੂ ਤੇਗ ਬਹਾਦਰ ਜੀ ਸਿੱਖ ਕੇ ਦਸ ਗੁਰੂਆਂ ਵਿੱਚ ਨੌਕਰੀਆਂ ਤੋਂ ਗੁਰੂ ਸਨ, ਧਾਰਮਿਕ ਭਾਵਨਾਵਾਂ ਲਈ ਉਨ੍ਹਾਂ ਦੇ ਪ੍ਰਦਰਸ਼ਨ ਨੂੰ ਪ੍ਰਭਾਵਿਤ ਕੀਤਾ ਗਿਆ ਹੈ ਐਮਐਮਟੀਸੀ-ਪੈਮਪ ਨੇ ਯਾਦਗਰ ਨੇ ਸਪੱਸ਼ਟ ਤੌਰ 'ਤੇ 999.9 ਸ਼ੁੱਧ ਚੰਦਕਾ ਸਿੱਕਾ ਜਾਰੀ ਕੀਤਾ ਹੈ, 20 ਗ੍ਰਾਮ ਇਸ ਸਿਲਵਰਇਨ ਕੌਂਪਰ ਗੁਰੂ ਦੁਆਰਾ ਸਿੱਖ ਗੰਜ ਸਾਹਿਬ ਦਾ ਚਿੱਤਰਣ ਹੈ, ਜਿੱਥੋਂ ਉਨ੍ਹਾਂ ਦੀ ਸ਼ਾਹਦਤ ਹੋਈ, ਉਹੀਂ ਪਿੱਛੇ ਦੀ ਗੱਲ ਸਿੱਖ ਧਰਮ ਦਾ ਪੂਜਨੀ ਗੁਰੂ ਤੇਗ ਬਹਾਦਰ ਨੂੰ ਧਾਰਮਿਕਤਾ ਅਤੇ ਮਨੁੱਖ ਦੀ ਸੁਰੱਖਿਆ ਨੂੰ ਮਹੱਤਵ ਦੇਣ ਲਈ ਪੂਜਾ ਕੀਤੀ ਜਾਂਦੀ ਹੈ। 1675 ਵਿੱਚ ਦਿੱਲੀ ਵਿੱਚ ਉਨ੍ਹਾਂ ਦੀ ਸ਼ਾਹਦਤ ਵੱਖ-ਵੱਖ ਧਰਮਾਂ ਦੇ ਵਿਚਕਾਰ ਆਪਸੀ ਸਦਭਾਵ ਅਤੇ ਸੌਹਾਰਦ ਦਾ ਪ੍ਰਤੀਕ ਹੈ। ਮੰਨਣਾ ਕਿ ਸਾਰੇ ਲੋਕਾਂ ਨੂੰ ਪੂਰੀ ਤਰ੍ਹਾਂ ਮੁਕਤਤਾ ਅਤੇ



ਆਸਥਾ ਨਾਲ ਆਪਣੇ ਧਰਮ ਦੀ ਪਾਲਣਾ ਕਰਨ ਦਾ ਅਧਿਕਾਰ ਮਿਲਣਾ ਚਾਹੀਦਾ ਹੈ। ਬਾਲੀਦਾਨ ਸਾਰੀਆਂ ਸੀਮਾਵਾਂ ਦੇ ਅੰਕੜੇ ਵਧਾਉਂਦੇ ਹੋਏ ਸਮੁਦਾਏ ਦੇ ਵਿਚਕਾਰ ਸਹਿਨੁਭੂਤੀ ਅਤੇ ਇੱਕਜੁਟਤਾ ਦੀ ਭਾਵਨਾ ਨੂੰ ਨਿਰਦੇਸ਼ਕ ਬਣਾਉਂਦਾ ਹੈ। ਇਸ ਮੌਕੇ ਨੂੰ ਅਹਮੀਅਤ ਦਿੰਦੇ ਹੋਏ ਐਮ.ਐਮ.ਟੀ.ਸੀ-ਪੈਮ ਨੇ ਦਿੱਲੀ ਸਿੱਖਿਖ ਗੁਰੂ ਮੇਗੀ ਟਿੱਪਣੀ ਕਮੇਟੀ ਦੇ ਸਹਿਯੋਗ ਤੋਂ 350ਵੇਂ ਸ਼ਹੀਦੀ ਸਾਲ ਗੁਰੂ ਤੇ ਬਹਾਦਰ ਸਿਲਵਰ ਕੋਆਨ ਦਾ ਅਧਿਕਾਰਕ ਲਾਂਚ ਕੀਤਾ। ਇਸ ਮੌਕੇ 'ਤੇ ਸ਼੍ਰੀ ਹਰਮੀਤ ਸਿੰਘ ਕਾਲਕਾਪ੍ਰਧਾਨ, ਡੀਐਸਜ ਐਮਸੀ; ਸ਼੍ਰੀ ਜਗਦੀਪ ਸਿੰਘ ਕਹਲਾਂ, ਜਨਰਲ ਸਕੱਤਰ, ਸ਼੍ਰੀ ਜਸਪ੍ਰੀਤ ਸਿੰਘ ਕਰਮਸਰ, ਚੇਇਰਮੈਨ, ਧਰਮਪ੍ਰਚਾਰ ਕਮੇਟੀ ਵੀ ਮੌਜੂਦ ਹਨ। ਯਾਦਾਗਰ ਦੇ ਤੌਰ 'ਤੇ ਪ੍ਰਸਾਰਿਤ ਕੀਤਾ ਗਿਆ ਹੈ ਇਸ ਕਾਨਯਨ 'ਤੇ ਗੱਲ ਕਰਦੀ ਹੈ ਸ਼੍ਰੀ ਸਮਿਤ ਗੁਹਾ, ਮੇਗੀ ਡਾਇਰੇਕਟਰ ਅਤੇ ਐਮਐਮ ਟੀਸੀ-ਪੈਮਪ ਨੇ ਕਿਹਾ, "ਗੁਰੂ ਤੇਗ ਬਹਾਦਰ ਜੀ ਦੀ ਸ਼ਾਹਦਤ ਸਿੱਖ ਕੌਮ ਅਤੇ ਸਵੈਮਾਨ ਹੀ ਨਹੀਂ ਪੂਰੀ ਧਾਰਮਿਕਤਾ, ਮਨੁੱਖੀ ਅਧਿਕਾਰ ਨਿ:ਰਥ ਬਲਿਦਾਨ। ਮੁੱਲਾਂ ਦਾ ਪ੍ਰਤੀਕ ਵੀ ਹੈ। ਸਾਡੇ ਲਈ ਮਾਣ ਦੀ ਗੱਲ ਹੈ ਕਿ ਇਸ ਇਤਿਹਾਸਕ 350ਵੇਂ ਸਾਲਗਾਂਠ 'ਤੇ ਅਸੀਂ ਇਸ ਸਿਲਵਰ ਕੌਯਨ ਦੇ ਨੇਤਾਵਾਂ ਦੇ ਨਿਸਸਵਰਥ ਬਲਿਦਾਨ ਦੀ ਗੱਲ ਦਾ ਸਨਮਾਨ ਕਰਦੇ ਹਾਂ। ਐਮਐਮਟੀਸੀ-ਪੈਮਪ ਵਿੱਚ ਅਸੀਂ ਭਾਰਤ ਦੀ ਸੱਭਿਆਚਾਰਕ ਅਤੇ ਧਾਰਮਿਕ ਵਿਰਾਸਤ ਤੋਂ ਸੰਸਦ ਪ੍ਰੋਡਕਟਸ ਆਤੇ ਹੈ। ਇਹ ਕਾਂਇਨ ਇੱਕ ਅਜਿਹੀ ਧਾਰਮਿਕ ਲੀਡਰ ਦੇ ਪ੍ਰਤੀ ਸਾਡੀ ਵਿਨਮਰ ਸ਼ਰਧਾਂਜਲੀ ਹੈ ਜਿਨਕਾ ਹਿੰਮਤ ਅਤੇ ਸਹਿਨੁਭੂਤੀ, ਧਰਮ ਅਤੇ ਸਮਾਜ ਦੀਆਂ ਸੀਮਾਵਾਂ ਤੋਂ ਪੂਰੀ ਦੁਨੀਆ ਵਿੱਚ ਲੱਖਾਂ ਲੋਕਾਂ ਦੇ ਮਾਰਗਦਰਸ਼ਕ ਹਨ।'

ਕੋਇਨ ਕੀ ਸਾਹਮਣੇ ਦੀ ਓਰ ਗੁਰੂ ਦੁਆਰਾ ਸ਼ੀਸ਼ ਗੰਜ ਸਾਹਿਬ, ਦਿੱਲੀ ਦੀ ਤਸਵੀਰ ਬਹੁਤ ਹੀ ਬਾਰੀਕੀ ਉਸ ਨੇ ਤਿਆਰ ਕੀਤਾ, ਇਹ ਪਵਿੱਤਰ ਸਥਾਨ ਹੈ, ਜਿੱਥੇ ਗੁਰੂ ਤੇਗ ਬਹਾਦਰ ਜੀ ਦੀ ਸ਼ਾਹਦਤ ਹੋਈ।

ਇਹ ਕੋਇਨ ਐਮਐਮਟੀਸੀ-ਪੈਮਪ ਦੀ ਸਰਬੋਤਮ ਸਵਿਸ ਕਾਰੀਗਰੀ ਦੇ ਨਾਲ ਸਿੱਖ ਵਿਰਾਸਤ ਦੇ ਪ੍ਰਤੀ ਡੂੰਘਾ ਸਤਿਕਾਰ ਵੀ ਸਤਿਕਾਰ ਹੀ ਹੁੰਦਾ ਹੈ। ਹਰ ਆਰਕੀਟੈਕਚਰਲ ਏਲੀਮੈਂਟ ਨੂੰ ਬਹੁਤ ਹੀ ਧਿਆਨ ਨਾਲ ਬਣਾਇਆ ਗਿਆ ਹੈ, ਇਸ ਪਾਵਨ ਸਥਾਨ ਦੇ ਧਾਰਮਿਕ ਮਹੱਤਵ ਨੂੰ ਬਾਰੀਕੀ ਤੋਂ ਪ੍ਰਦਰਸ਼ਿਤ ਕੀਤਾ ਜਾ ਸਕਦਾ ਹੈ।

ਕੋਯਨ ਕੇ ਪਿੱਛੇ ਦੀ ਓਰ ਸਿੱਖ ਧਰਮ ਦਾ ਪ੍ਰਤੀਕ ਖੰਡਾ ਦਾ ਨਿਸ਼ਾਨ ਹੈ, ਜੋ ਅਧਿਆਤਮਿਕ ਅਤੇ ਸਾਂਸਰਿਕ ਸ਼ਕਤੀ ਨੂੰ ਹੈ। ਇਸ ਦੇ ਨਾਲ ਹੀ 'ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਸਾਲ' ਵੀ ਅੰਕਿਤ ਹੈ।

ਸਿੱਖ ਧਰਮ ਦੇ ਅਨੁਯਾਯੀਆਂ ਅਤੇ ਸੰਗ੍ਰਹਿਕਾਂ ਲਈ ਸਰਵਉੱਚ ਮਾਨਤਾਵਾਂ ਨੂੰ ਬਣਾਇਆ ਗਿਆ ਹੈ, ਇਹ ਗੁਰੂ ਦੀ ਅਧਿਆਤਮਿਕ ਵਿਰਾਸਤ ਨੂੰ ਸਨਮਾਨਤ ਕਰਨ ਲਈ ਡਿਜ਼ਾਈਨ ਕੀਤਾ ਗਿਆ ਹੈ।

999.9 ਸ਼ੁੱਧਤਾ ਨਾਲ ਬਣਾਓ 20 ਗ੍ਰਾਮ ਕੋਯਨ ਦੀ ਉੱਤਮਤਾ ਅਤੇ ਪ੍ਰਮਾਣਿਕਤਾ ਲਈ ਐਮਟੀਸੀ-ਪੈਮਪਦੀ ਦੀ ਮਜ਼ਬੂਤੀ ਇਹ ਹੈ। ਐਮਐਮਟੀਸੀ-ਪੈਮਪ ਦਾ ਹਰ ਪ੍ਰੋਡੈਕਟ ਸਖ਼ਤ ਖੋਜ ਪ੍ਰਕਿਰਿਆ ਤੋਂ ਹੋਕਰ ਗੁਜ਼ਰਤਾ ਹੈ, ਜੋ ਕਿ 999.9+ ਸ਼ੁੱਧਤਾ ਨੂੰ ਯਕੀਨੀ ਬਣਾਉਂਦਾ ਹੈ।

ਪ੍ਰੋਡੈਕਟ ਦੀ ਪ੍ਰਮਾਣਿਕਤਾ ਨੂੰ ਯਕੀਨੀ ਬਣਾਉਣ ਲਈ ਐਮਐਮਟੀਸੀ-ਪੈਮ ਦਾ ਹਰ ਪ੍ਰੋਡੈਕਟ ਇੱਕ ਵਿਸ਼ੇਸ਼ ਨੰਬਰ ਦੇ ਨਾਲ ਹੁਣ ਹੈ ਅਤੇ ਇਸਦਾ ਅਜਿਹਾ ਸਰਟੀਫਾਈ ਸਰਟੀਕਾਰਡ ਵਿੱਚ ਪੈਕ ਕੀਤਾ ਜਾਂਦਾ ਹੈ। ਐਮਐਮਟੀ-ਪੈਮਪ ਦੀ ਓਰ ਤੋਂ ਚੰਡੀਗੜ੍ਹ ਦੇ ਸਾਰੇ ਪ੍ਰੋਡੈਕਟ ਪੌਜ਼ਿਟਿਵ ਵੇਟ ਟਾਲਰੇਂਸ ਦੇ ਆਤੇ ਹਨ ਜੋ ਇਸ ਗੱਲ ਦੀ ਸਥਿਤੀ ਦੇ ਨਾਲ ਕਿ ਤੁਹਾਡੇ ਦੁਆਰਾ ਖਰੀਦੇ ਜਾਣ ਵਾਲੇ ਹਰ ਸਿੱਕੇ ਦਾ ਵਜ਼ਨ ਅੱਗੇ ਵਧਣ ਲਈ ਵੱਧ ਤੋਂ ਵੱਧ ਹੋ, ਉਪਭੋਗਤਾ ਤੁਹਾਡੇ ਨਿਵੇਸ਼ ਲਈ ਵੱਧ ਤੋਂ ਵੱਧ ਰਿਟਰਨ ਮਿਲੇ।

ਇਹ ਸ਼ਾਨਦਾਰ ਕਲੈਕਟਿਬਲ ਗੁਰੂ ਤੇਗ ਬਹਾਦਰ ਜੀ ਨੂੰ ਸ਼ਰਧਾਂਜਲੀ ਅਰਪਿਤ ਕਰਦੀ ਹੈ, ਜਿਨਕੇ ਹਿੰਮਤ, ਦਇਆ ਅਤੇ ਅਧਿਆਤਮਿਕ ਤਾਕਤ ਕਈ ਪੀੜ੍ਹੀਆਂ ਦਾ ਮਾਰਗਦਰਸ਼ਨ ਕਰਦੀ ਹੈ। ਸੁਰੱਖਿਅਤ ਅਤੇ ਗੌਰਵ ਸ਼ਾਨਦਾਰ ਪੈਕੇਜਿੰਗ ਵਿੱਚ ਪੇਸ਼ ਕੀਤਾ ਗਿਆ ਹੈ, ਜੋ ਕਿ ਇਹ ਕਾਇਨਾਤ ਸਮਰਪਣ, ਸ਼ੁੱਧਤਾ ਅਤੇ ਦਾ ਪ੍ਰਤੀਕ ਹੈ- ਇੱਕ ਯਾਦਗਰ ਪਰਿਵਾਰ ਆਪਣੀ ਨਾਲ ਪੀੜ੍ਹੀਆਂ ਨੂੰ ਵਿਰਾਸਤ ਵਿੱਚ ਦੇ ਸਕਦਾ ਹੈ।

# ਲੁਬਾਣਗੜ੍ਹ ਸਕੂਲ ਦੇ ਪਾਸ ਆਊਟ ਵਿਦਿਆਰਥੀਆਂ ਨੇ ਆਪਣੇ ਰਿਟਾਇਰ ਅਧਿਆਪਕਾਂ ਦਾ ਕੀਤਾ ਸਨਮਾਨ, ਸਕੂਲ ਵਿੱਚ ਬਿਤਾਏ ਪਲਾਂ ਨੂੰ ਚੇਤੇ ਕਰ ਹੋਏ ਭਾਵੁਕ




**ਮਾਛੀਵਾੜਾ ਸਾਹਿਬ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੁਬਾਣਗੜ੍ਹ ਵਿਖੇ ਸਕੂਲ ਦੇ ਐਲੂਮਨੀ ਮੀਟਿੰਗ ਹੋਈ ।ਮੀਟਿੰਗ ਵਿੱਚ ਸੈਸ਼ਨ 2003 ਦੇ ਪਾਸ ਵਿਦਿਆਰਥੀਆਂ ਨੇ ਭਾਗ ਲਿਆ, ਇਸ ਮਿਲਣੀ ਵਿੱਚ ਵਿਦਿਆਰਥੀਆਂ ਵੱਲੋਂ ਸਕੂਲ ਦੇ ਪੁਰਾਣੇ ਅਧਿਆਪਕਾਂ ਪੰਜਾਬੀ ਅਧਿਆਪਕ ਜਸਵੀਰ ਸਿੰਘ, ਅੰਗਰੇਜ਼ੀ ਅਧਿਆਪਕ ਦਲਬੀਰ ਸਿੰਘ , ਸਮਾਜਿਕ ਸਿੱਖਿਆ ਅਧਿਆਪਕ ਬਲਵਿੰਦਰ ਸਿੰਘ, ਸਮਾਜਿਕ ਸਿੱਖਿਆ ਅਧਿਆਪਕ ਰਾਮ ਸਰੂਪ ਜੀ ਅਤੇ ਮਲਕੀਤ ਕੌਰ ਜੀ ਰਿਟਾਇਰਡ ਪੀ.ਟੀ.ਈ. ਅਧਿਆਪਿਕਾ ਵੀ ਸ਼ਾਮਿਲ ਹੋਏ। ਇਕੱਤਰ ਹੋਏ ਸਾਬਕਾ ਵਿਦਿਆਰਥੀਆਂ ਵਿੱਚ ਇਸ ਮੀਟਿੰਗ ਲਈ ਬਹੁਤ ਉਤਸ਼ਾਹ ਸੀ ਅਤੇ ਮੀਟਿੰਗ ਵਿੱਚ ਬਹੁਤੇ ਮੈਂਬਰ ਆਪਣੇ ਪਰਿਵਾਰ ਸਮੇਤ ਸ਼ਾਮਿਲ ਹੋਏ ਮੀਟਿੰਗ ਵਿੱਚ ਸਟੇਜ ਸੈਕਟਰੀ ਦੀ ਭੂਮਿਕਾ ਪੰਜਗਰਾਈਆਂ ਸਕੂਲ ਦੇ ਅੰਗਰੇਜ਼ੀ ਅਧਿਆਪਕ ਕੁਲਭੂਸ਼ਨ ਵਿਰਦੀ ਵੱਲੋਂ ਬਾਖੂਬੀ ਨਿਭਾਈ ਗਈ ।

ਮੀਟਿੰਗ ਵਿੱਚ ਬਲਵੀਰ ਸਿੰਘ ਰਾਣਾ, ਬਲਵਿੰਦਰ ਸਿੰਘ ਮੁਗਲੇਵਾਲ ਗੁਰਪ੍ਰੀਤ ਸਿੰਘ ਜ਼ੁਲਫਗੜ੍ਹ ,ਕਰਨੈਲ ਸਿੰਘ, ਸੁਰਜੀਤ ਸਿੰਘ, ਸੁਖਵਿੰਦਰ ਸਿੰਘ ,ਜਸਵਿੰਦਰ ਸਿੰਘ, ਹਰਦੀਪ ਸਿੰਘ, ਹਰਪ੍ਰੀਤ ਸਿੰਘ, ਮਨਦੀਪ ਕੌਰ, ਪਰਮਿੰਦਰ ਕੌਰ, ਰਾਜਵੰਤ ਕੌਰ ,ਪੂਜਾ ਰਾਣੀ ,ਰਜਨੀ ਰਾਣੀ ,ਰਵਿੰਦਰ ਕੌਰ ,ਅਮਰਜੀਤ ਕੌਰ ਜੋਧਵਾਲ ,ਪਰਮਜੀਤ ਕੌਰ, ਕਮਲਾ ਦੇਵੀ, ਆਦਿ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ।

ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਆਪਣਾ ਸਕੂਲ ਵਿੱਚ ਬਿਤਾਇਆ ਹੋਇਆ ਸਮਾਂ ਯਾਦ ਕਰਦਿਆਂ ਪੁਰਾਣੀਆਂ ਯਾਦਾਂ ਨੂੰ ਤਰੋ ਤਾਜ਼ਾ ਕੀਤਾ ਅਤੇ ਸਕੂਲ ਨਾਲ ਹਮੇਸ਼ਾ ਜੁੜੇ ਰਹਿਣ ਦਾ ਅਹਿਦ ਲਿਆ। ਵਿਦਿਆਰਥੀਆਂ ਵੱਲੋਂ ਸਕੂਲ ਨੂੰ ਇੱਕ ਅਲਮਾਰੀ ਦਾਨ ਵਜੋਂ ਦਿੱਤੀ ਗਈ ।ਸਕੂਲ ਅਧਿਆਪਕਾਂ ਦੀ ਅਗਵਾਈ ਮੌਜੂਦ ਬਲਰਾਜ ਰਾਣਾ ਐਸ.ਐਸ. ਅਧਿਆਪਕ ਨੇ ਕਰਦਿਆਂ ਸਭ ਨਾਲ ਜਾਣ ਪਹਿਚਾਣ ਕਰਵਾਈ। ਸਕੂਲ ਸਟਾਫ ਵੱਲੋਂ ਆਉਣ ਵਾਲੇ ਵਿਦਿਆਰਥੀਆਂ ਲਈ ਚਾਹ ਪਾਣੀ ਦਾ ਬਹੁਤ ਵਧੀਆ ਪ੍ਰਬੰਧ ਕੀਤਾ ਹੋਇਆ ਸੀ। ਸਾਰੇ ਵਿਦਿਆਰਥੀਆਂ ਨੇ ਸਕੂਲ ਇੰਚਾਰਜ ਮੈਡਮ ਰਵਿੰਦਰ ਕੌਰ ਜੀ ਦਾ , ਇਸ ਇਵੈਂਟ ਦਾ ਪ੍ਰਬੰਧ ਕਰਨ ਲਈ ਬਲਰਾਜ ਰਾਣਾ ਜੀ ਦਾ ਧੰਨਵਾਦ ਕਰਦਿਆਂ ਅਗਲੇ ਸਾਲ ਮੁੜ ਮੀਟਿੰਗ ਕਰਨ ਦਾ ਪ੍ਰੋਗਰਾਮ ਬਣਾਉਣ ਦਾ ਫ਼ੈਸਲਾ ਕੀਤਾ।

ਅੰਤ ਵਿੱਚ ਵਿਦਿਆਰਥੀਆਂ ਨੇ ਪਹੁੰਚੇ ਸਾਬਕਾ ਅਧਿਆਪਕ ਸਹਿਬਾਨਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਉਨ੍ਹਾਂ ਦਾ ਸਤਿਕਾਰ ਪ੍ਰਗਟਾਇਆ। ਸਾਰਿਆਂ ਨੇ ਇਸ ਮਿਲਣੀ ਦੇ ਪ੍ਰਬੰਧ ਲਈ ਬਹੁਤ ਖੁਸ਼ੀ ਦਾ ਪ੍ਰਗਟਾ ਕੀਤਾ। ਇਕੱਤਰਤ ਇਹਨਾਂ ਸਾਰੇ ਸਾਬਕਾ ਵਿਦਿਆਰਥੀਆਂ ਨੇ ਇੱਕ ਦੂਜੇ ਨਾਲ ਪੁਰਾਣੀਆਂ ਯਾਦਾਂ ਨੂੰ ਤਾਜ਼ਾ ਕਰਦੇ ਹਾਂ ਸਕੂਲ ਵਿੱਚ ਬਤਾਈ ਪਲਾਂ ਨੂੰ ਯਾਦ ਕੀਤਾ ਤੇ ਕਈ ਵਿਦਿਆਰਥੀ ਇਸ ਮੌਕੇ ਆਪਣੇ ਉਨਾਂ ਪਲਾਂ ਨੂੰ ਯਾਦ ਕਰਦਿਆਂ ਭਾਵੁਕ ਵੀ ਹੋਏ।

# ਹਰਜੋਤ ਸਿੰਘ ਬੈਂਸ ਵੱਲੋਂ ਪੰਜਾਬ ਯੂਨੀਵਰਸਿਟੀ ਸੈਨੇਟ ਨੂੰ ਭੰਗ ਕਰਨ ਸਬੰਧੀ ਕੇਂਦਰ ਦੇ ਕਦਮ ਦੀ ਸਖ਼ਤ ਆਲੋਚਨਾ

**ਚੰਡੀਗੜ੍ਹ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਯੂਨੀਵਰਸਿਟੀ ਦੀ 59 ਸਾਲ ਪੁਰਾਣੀ ਸੈਨੇਟ ਅਤੇ ਸਿੰਡੀਕੇਟ ਨੂੰ ਮਨਮਾਨੇ ਢੰਗ ਨਾਲ ਭੰਗ ਕਰਨ ਦੇ ਫੈਸਲੇ ਲਈ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੂੰ ਕਰੜੇ ਹੱਥੀਂ ਲੈਂਦਿਆਂ ਪੰਜਾਬ ਦੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਅੱਜ ਇਸ ਤਾਨਾਸ਼ਾਹੀ ਫੈਸਲੇ ਨੂੰ ਪੰਜਾਬ ਦੀ ਗੌਰਵਮਈ ਵਿਰਾਸਤ, ਲੋਕਤੰਤਰ ਅਤੇ ਬੌਧਿਕਤਾ ਉਤੇ ਸਿੱਧਾ ਹਮਲਾ ਕਰਾਰ ਦਿੱਤਾ ਹੈ।



ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਇਹ ਸ਼ਾਸਨ ਨਹੀਂ ਬਲਕਿ ਰਾਜਸੀ ਧੱਕੇਸ਼ਾਹੀ ਹੈ। ਕੇਂਦਰ ਦਾ ਇਹ ਆਪਹੁਦਰਾ ਕਦਮ ਪੰਜਾਬ ਦੀ ਮਿਹਨਤ ਨਾਲ ਹਾਸਲ ਕੀਤੀ ਖੁਦਮੁਖਤਿਆਰੀ, ਅਕਾਦਮਿਕ ਆਜ਼ਾਦੀ ਅਤੇ ਸੰਵਿਧਾਨਕ ਅਧਿਕਾਰਾਂ ਨੂੰ ਢਾਹ ਲਾਉਣ ਵਾਲਾ ਹੈ। ਇਹ ਪੰਜਾਬ ਦੀ ਰੂਹ ਉਤੇ ਹਮਲਾ ਹੈ। ਪੰਜਾਬ ਯੂਨੀਵਰਸਿਟੀ ਦੀ ਇਤਿਹਾਸਕ ਅਤੇ ਭਾਵਨਾਤਮਕ ਮਹੱਤਤਾ ਦੱਸਦਿਆਂ ਸਿੱਖਿਆ ਮੰਤਰੀ ਨੇ ਕਿਹਾ ਕਿ ਇਹ ਮਹਿਜ਼ ਯੂਨੀਵਰਸਿਟੀ ਨਹੀਂ ਸਗੋਂ ਦਹਾਕਿਆਂ ਦੇ ਸਮੂਹਿਕ ਯਤਨਾਂ, ਬੌਧਿਕਤਾ ਅਤੇ ਕੁਰਬਾਨੀਆਂ ਨਾਲ ਸਿਰਜਿਆ ਅਦਾਰਾ ਹੈ। ਉਨ੍ਹਾਂ ਨੇ ਸੈਨੇਟ ਭੰਗ ਕਰਨ ਪਿਛਲੀ ਕੋਝੀ ਮਾਨਸਿਕਤਾ ▾ਤੇ ਸਵਾਲ ਉਠਾਉਂਦਿਆਂ ਪਿਛਲੀਆਂ ਸੈਨੇਟ ਚੋਣਾਂ ਵਿੱਚ ਪੰਜਾਬ ਦੇ ਲੋਕਾਂ ਦੁਆਰਾ ਦਿੱਤੇ ਗਏ ਵੱਡੇ ਫਤਵੇ ਦਾ ਜ਼ਿਕਰ ਵੀ ਕੀਤਾ।

ਸ. ਹਰਜੋਤ ਸਿੰਘ ਬੈਂਸ ਨੇ ਸਵਾਲ ਕੀਤਾ, ਕੇਂਦਰ ਦੀ ਛੇ ਦਹਾਕੇ ਪੁਰਾਣੀ ਲੋਕਤੰਤਰੀ ਸੰਸਥਾ ਨੂੰ ਖਤਮ ਕਰਨ ਦੀ ਹਿੰਮਤ ਕਿਵੇਂ ਹੋਈ? ਸੈਨੇਟ ਚੋਣਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਪਿਛਲੀਆਂ ਸੈਨੇਟ ਚੋਣਾਂ ਵਿੱਚ ਗ੍ਰੈਜੂਏਟ ਹਲਕੇ ਲਈ ਪੰਜਾਬ ਦੇ ਲੋਕਾਂ ਨੇ ਸਾਰੀਆਂ ਸੀਟਾਂ ਜਿੱਤ ਕੇ ਆਪਣੇ ਨੁਮਾਇੰਦੇ ਚੁਣੇ ਸਨ। ਇਹ ਲੋਕਾਂ ਦਾ ਸਪੱਸ਼ਟ ਫਤਵਾ ਸੀ। ਹੁਣ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ, ਜੋ ਬੈਲਟ ਬਾਕਸ ਰਾਹੀਂ ਭਰੋਸਾ ਨਹੀਂ ਜਿੱਤ ਸਕੀ, ਆਪਣੇ ਹੱਥ-ਠੋਕਿਆਂ ਨੂੰ ਅੱਗੇ ਲਿਆ ਕੇ ਇਸ ਸਤਿਕਾਰਤ ਤੇ ਇਤਿਹਾਸਕ ਯੂਨੀਵਰਸਿਟੀ ਨੂੰ ਸਿਆਸਤ ਦਾ ਅਖਾੜਾ ਬਣਾਉਣਾ ਚਾਹੁੰਦੀ ਹੈ। ਇਸ ਕਦਮ ਨੂੰ ਕਬਜ਼ੇ ਅਤੇ ਧੱਕੇਸ਼ਾਹੀ ਭਰੀ ਕਾਰਵਾਈ ਦੱਸਦਿਆਂ ਸਿੱਖਿਆ ਮੰਤਰੀ ਨੇ ਕੇਂਦਰ ਵੱਲੋਂ ਕੰਟਰੋਲ ਦਾ ਕੇਂਦਰੀਕਰਨ ਕਰਨ, ਪੰਜਾਬ ਦੀ ਵੱਖਰੀ ਆਵਾਜ਼ ਨੂੰ ਦਬਾਉਣ ਅਤੇ ਭਾਰਤੀ ਸੰਵਿਧਾਨ ਵਿੱਚ ਦਰਜ ਸੰਘਵਾਦ ਦੇ ਸਿਧਾਂਤਾਂ ਨੂੰ ਯੋਜਨਾਬੱਧ ਢੰਗ ਨਾਲ ਢਾਹ ਲਗਾਉਣ ਪਿੱਛੇ ਲੁਕੀ ਹੋਈ ਖ਼ਤਰਨਾਕ ਸਾਜ਼ਿਸ਼ ਨੂੰ ਉਭਾਰਿਆ।

ਸਿੱਖਿਆ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਸਿੱਧੇ ਤੌਰ 'ਤੇ ਅਸਹਿਮਤੀ ਨੂੰ ਦਬਾਉਣ ਅਤੇ ਸੂਬਿਆਂ ਦੇ ਅਧਿਕਾਰਾਂ ਨੂੰ ਖੋਰਾ ਲਗਾਉਣ ਦੀ ਇੱਕ ਸੋਚੀ-ਸਮਝੀ ਕੋਸ਼ਿਸ਼ ਹੈ। ਪਰ ਪੰਜਾਬ ਇਸ ਤਾਨਾਸ਼ਾਹੀ ਅੱਗੇ ਨਹੀਂ ਝੁਕੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਅਕਾਦਮਿਕ ਭਾਈਚਾਰੇ - ਅਧਿਆਪਕਾਂ, ਵਿਦਿਆਰਥੀਆਂ ਅਤੇ ਸਟਾਫ਼ ਨਾਲ ਮਿਲ ਕੇ - ਹਰ ਲੋਕਤੰਤਰੀ ਮੰਚ ਉਤੇ ਕੇਂਦਰ ਸਰਕਾਰ ਦੇ ਇਸ ਕਦਮ ਦਾ ਸਖ਼ਤ ਵਿਰੋਧ ਕੀਤਾ ਜਾਵੇਗਾ ਅਤੇ ਪੰਜਾਬ ਦੀ ਸ਼ਾਨਾਮੱਤੀ ਵਿਰਾਸਤ ਅਤੇ ਅਧਿਕਾਰਾਂ ਦੀ ਰੱਖਿਆ ਲਈ ਸਾਰੇ ਕਾਨੂੰਨੀ ਅਤੇ ਸੰਵਿਧਾਨਕ ਤਰੀਕਿਆਂ ਦੀ ਪੜਚੋਲ ਕੀਤੀ ਜਾਵੇਗੀ।

ਉਨ੍ਹਾਂ ਨੇ ਸਪੱਸ਼ਟ ਤੌਰ ਉਤੇ ਕਿਹਾ ਕਿ ਪੰਜਾਬ ਯੂਨੀਵਰਸਿਟੀ ਪੰਜਾਬ ਅਤੇ ਇਸਦੇ ਲੋਕਾਂ ਦੀ ਹੈ ਅਤੇ ਇਸ ਦਾ ਇਤਿਹਾਸ ਅਤੇ ਭਵਿੱਖ ਪੰਜਾਬ ਨਾਲ ਜੁੜਿਆ ਹੋਇਆ ਹੈ। ਇਹ ਕਿਸੇ ਤਾਨਾਸ਼ਾਹ ਕੇਂਦਰ ਦੀ ਨਿੱਜੀ ਮਿਲਕੀਅਤ ਨਹੀਂ, ਜੋ ਇਸਨੂੰ ਮਨਮਾਨੇ ਢੰਗ ਨਾਲ ਚਲਾਉਣਾ ਅਤੇ ਦਬਾਉਣਾ ਚਾਹੁੰਦਾ ਹੈ। ਪੰਜਾਬ ਦੇ ਲੋਕ ਇਸ ਸਿਆਸੀ ਧੱਕੇਸ਼ਾਹੀ ਨੂੰ ਕਿਸੇ ਵੀ ਸੂਰਤ ਵਿੱਚ ਸਿਰੇ ਨਹੀਂ ਚੜ੍ਹਨ ਦੇਣਗੇ।

# ਕਰਨਪੁਰ ਦੀ ਪੰਚਾਇਤ ਵੱਲੋਂ ਸਕੂਲ 'ਚ ਬੱਚਿਆ ਦਾ ਸਨਮਾਨ



**ਸਨੌਰ,4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਨੌਰ ਦੇ ਪਿੰਡ ਕਰਨਪੁਰ ਦੇ ਸਰਕਾਰੀ ਐਲੀਮੈਂਟਰੀ ਸਕੂਲ ਦੇ ਖੇਡਾਂ ਚ ਭਾਗ ਲੈ ਜਿੱਤ ਪ੍ਰਾਪਤ ਕਰਨ ਵਾਲੇ ਬੱਚਿਆ ਨੂੰ ਪਿੰਡ ਕਰਨਪੁਰ ਦੀ ਪੰਚਾਇਤ ਨੇ ਸਨਮਾਨਿਤ ਕੀਤਾ। ਇਹਨਾ ਖੇਡਾਂ ਚ 13 ਬੱਚਿਆ ਨੇ ਭਾਗ ਲਿਆ। ਬੱਚਿਆ ਨੇ ਪਹਿਲਾ ਸੈਂਟਰ ਪੱਧਰੀ ਫਿਰ ਬਲਾਕ ਪੱਧਰੀ ਖੇਡਾਂ ਜਿੱਤਣ ਤੋਂ ਬਾਅਦ ਜਿਲ੍ਹਾ ਪੱਧਰੀ ਖੇਡਾਂ ਚ ਭਾਗ ਲਿਆ। ਬਲਾਕ ਪੱਧਰ ਤੱਕ ਸਾਰੇ ਬੱਚਿਆ ਨੇ ਪੁਜੀਸ਼ਨਾਂ ਹਾਸਿਲ ਕੀਤੀਆ ।

ਇਹ ਬੱਚੇ ਅਧਿਆਪਕ ਸੁਰਿੰਦਰ ਸਿੰਘ , ਮੈਡਮ ਅਮਨਦੀਪ ਕੌਰ ਦੀ ਅਗਵਾਈ ਵਿੱਚ ਸੈਂਟਰ ਦੀਆ ਖੇਡਾਂ ਬੋਲੜ ਕਲਾਂ ਬਲਾਕ ਦੀਆ ਖੇਡਾਂ ਸਨੌਰ ਅਤੇ ਜ਼ਿਲ੍ਹੇ ਦੀਆਂ ਖੇਡਾਂ ਪਟਿਆਲਾ ਵਿਖੇ ਸ਼ਾਮਿਲ ਹੋਏ। ਖੇਡਾਂ ਚ ਬੱਚਿਆ ਦਾ ਪ੍ਰਦਰਸ਼ਨ ਦੇਖ ਕੇ ਪਿੰਡ ਕਰਨਪੁਰ ਦੀ ਪੰਚਾਇਤ ਨੇ ਬੱਚਿਆ ਦੇ ਨਾਲ ਅਧਿਆਪਕਾ ਦਾ ਸਨਮਾਨ ਕੀਤਾ। ਬੱਚਿਆ ਅਤੇ ਸਮੂੰਹ ਅਧਿਆਪਕ ਸਹਿਬਾਨਾਂ ਨੇ ਪਿੰਡ ਦੀ ਪੰਚਾਇਤ ਦਾ ਧੰਨਵਾਦ ਕੀਤਾ। ਇਸ ਸ਼ੁਭ ਅਵਸਰ ਤੇ ਬੱਚਿਆ ਦਾ ਖੇਡਾਂ ਪ੍ਰਤੀ ਸਾਥ ਦੇਣ ਵਾਲੇ ਟੀਚਰ ਸੈਂਟਰ ਹੈੱਡ ਟੀਚਰ ਰਜਿੰਦਰ ਸਿੰਘ ਨੇ ਵੀ ਵਿਸ਼ੇਸ ਤੌਰ ਤੇ ਪਹੁੰਚ ਕੇ ਬੱਚਿਆਂ ਦੀ ਹੌਸਲਾ ਅਫਜ਼ਾਈ ਕਰਦੇ ਹੋਏ ਕਿਹਾ ਕਿ ਬੱਚੇ ਸਾਡਾ ਆਉਂਣ ਵਾਲਾ ਭਵਿੱਖ ਹਨ।

ਪੜਾਈ ਦੇ ਨਾਲ ਨਾਲ ਬੱਚਿਆ ਨੂੰ ਖੇਡਾਂ ਵੱਲ ਵੀ ਧਿਆਨ ਦੇਣਾਂ ਚਹਿੰਦਾ ਹੈ ਨਾਲ ਪਿੰਡ ਕਰਨਪੁਰ ਦੀ ਪੰਚਾਇਤ ਦਾ ਧੰਨਵਾਦ ਕੀਤਾ। ਇਸ ਸਮੇਂ ਪ੍ਰਧਾਨ ਰਾਮਇਸ਼ਰ ਸਿੰਘ ਭਗਤ ਕਰਨਪੁਰ, ਪਰਵੇਜ਼ ਆਲਮ ਪੰਚ, ਡਾਕਟਰ ਗੁਰਸੇਵਕ ਸਿੰਘ, ਦਲਜੀਤ ਸਿੰਘ, ਜਸਮੇਰ ਸਿੰਘ, ਲਖਵਿੰਦਰ ਸਿੰਘ, ਗੁਰਜਿੰਦਰ ਸਿੰਘ, ਗੁਰਮੀਤ ਸਿੰਘ ਸਮੂੰਹ ਪੰਚਾਇਤ ਮੈਂਬਰ , ਸਮੂੰਹ ਸਕੂਲ ਸਟਾਫ਼, ਆਗਨਵਾੜੀ ਤੋਂ ਨਸਰੀਨ ਵੀ ਮੌਜੂਦ ਰਹੇ।

# ਕਮਾਂਡਰ ਬਲਜਿੰਦਰ ਸਿੰਘ ਵਿਰਕ ਵਲੋਂ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ

**ਜਲੰਧਰ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ ਕਮਾਂਡਰ ਬਲਜਿੰਦਰ ਸਿੰਘ ਵਿਰਕ ਨੇ ਦੱਸਿਆ ਕਿ 3 ਨਵੰਬਰ ਤੋਂ 17 ਨਵੰਬਰ 2025 ਤੱਕ ਜੀਵਨ ਪ੍ਰਮਾਣ ਪੱਤਰ ਅਪਲੋਡ ਕਰਨ ਸਬੰਧੀ ਪੰਦਰਵਾੜਾ ਮਨਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸਾਬਕਾ ਸੈਨਿਕਾਂ, ਵਿਧਵਾਵਾਂ ਅਤੇ ਬਜ਼ੁਰਗਾਂ ਦੀ ਬਹੁ ਸੰਖਿਆ ਹੈ ਅਤੇ ਤਕਨੀਕ ਤੋਂ ਅਣਜਾਣ ਹੋਣ ਕਰਕੇ ਉਹਨਾਂ ਨੂੰ ਜੀਵਨ ਪ੍ਰਮਾਣ ਪੱਤਰ ਅਪਲੋਡ ਕਰਨ ਵਿੱਚ ਬਹੁਤ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ।

ਉਨ੍ਹਾਂ ਦੱਸਿਆ ਕਿ ਸਾਬਕਾ ਸੈਨਿਕਾਂ, ਵਿਧਵਾਵਾਂ ਅਤੇ ਬਜ਼ੁਰਗਾਂ ਦੀ ਸਹੂਲਤ ਲਈ 3 ਨਵੰਬਰ 2025 ਤੋਂ 17 ਨਵੰਬਰ 2025 ਤੱਕ ਸਪਰਸ਼ ਪ੍ਰਣਾਲੀ ਰਾਹੀਂ ਜੀਵਨ ਪ੍ਰਮਾਣ ਪੱਤਰ ਅਪਲੋਡ ਕਰਨ ਲਈ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ ਵਿਖੇ ਵਿਸ਼ੇਸ਼ ਕੈਂਪ ਲਗਾਇਆ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਸਾਰੇ ਸਾਬਕਾ ਸੈਨਿਕਾਂ ਅਤੇ ਵਿਧਵਾ ਪੈਨਸ਼ਨਰਾਂ ਨੂੰ ਮਹੀਨਾ ਨਵੰਬਰ ਵਿੱਚ ਆਪਣੇ ਜੀਵਨ ਪ੍ਰਮਾਣ ਪੱਤਰ ਸਪਰਸ਼ ਪ੍ਰਣਾਲੀ ਰਾਹੀਂ ਅਪਲੋਡ ਕਰਨੇ ਜ਼ਰੂਰੀ ਹੁੰਦੇ ਹਨ, ਤਾਂ ਜੋ ਉਹਨਾਂ ਦੀ ਪੈਨਸ਼ਨ ਜਾਰੀ ਰਹੇ। ਉਨ੍ਹਾਂ ਸਾਬਕਾ ਸੈਨਿਕਾਂ ਤੇ ਉਹਨਾਂ ਦੇ ਪਰਿਵਾਰਾਂ ਨੂੰ ਅਪੀਲ ਕੀਤੀ ਕਿ ਉਹ ਫੌਜ ਦੀ ਪੈਨਸ਼ਨ ਦਾ ਪੀ.ਪੀ.ਓ., ਆਧਾਰ ਕਾਰਡ ਤੇ ਬੈਂਕ ਪਾਸ ਬੁੱਕ ਜਿਸ ਵਿੱਚ ਪੈਨਸ਼ਨ ਆ ਰਹੀ ਹੈ, ਸਮੇਤ ਆਪਣਾ ਮੋਬਾਇਲ ਜਿਸ ਵਿੱਚ ਮੈਸੇਜ਼ ਆਉਂਦਾ ਹੈ ਅਤੇ ਹੋਰ ਬਾਕੀ ਸਾਰੇ ਦਸਤਾਵੇਜ ਲੈ ਕੇ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ, ਜਲੰਧਰ ਵਿਖੇ ਪਹੁੰਚ ਕੇ ਇਸ ਮੌਕੇ ਦਾ ਵੱਧ ਤੋਂ ਵੱਧ ਲਾਭ ਉਠਾਉਣ।

# ਸੰਗਤ ਨੂੰ ਸ੍ਰੀ ਗੁਰੂ ਤੇ.ਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਤੋਂ ਜਾਣੂ ਕਰਵਾਏਗਾ 4 ਨਵੰਬਰ ਨੂੰ : ਡਾ. ਪ੍ਰੀਤੀ ਯਾਦਵ



**ਪਟਿਆਲਾ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ 4 ਨਵੰਬਰ ਦੀ ਸ਼ਾਮ ਨੂੰ ਪਟਿਆਲਾ ਦੇ ਪੋਲੋ ਗਰਾਊਂਡ ਵਿਖੇ ਕਰਵਾਏ ਜਾ ਰਹੇ ਲਾਈਟ ਐਂਡ ਸਾਊਂਡ ਸ਼ੋਅ ਰਾਹੀਂ ਸੰਗਤ ਨੂੰ ਨੌਵੇਂ ਪਾਤਸ਼ਾਹ ਤੇ ਹਿੰਦ ਦੀ ਚਾਦਰ ਸ੍ਰੀ ਗੁਰੂ ਤੇ.ਗ ਬਹਾਦਰ ਜੀ ਦੀ ਸ਼ਹਾਦਤ ਦੇ ਮਹਾਨ ਇਤਿਹਾਸ ਤੋਂ ਜਾਣੂ ਕਰਵਾਇਆ ਜਾਵੇਗਾ।

ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਕਰਦਿਆਂ ਸਮੂਹ ਜ਼ਿਲ੍ਹਾ ਨਿਵਾਸੀਆਂ ਨੂੰ ਇਹ ਇਤਿਹਾਸਕ ਲਾਈਟ ਐਂਡ ਸਾਊਂਡ ਸ਼ੋਅ ਨੂੰ ਆਪਣੇ ਪਰਿਵਾਰਾਂ ਸਮੇਤ ਜਰੂਰ ਦੇਖਣ ਅਤੇ ਗੁਰੂ ਸਾਹਿਬ ਦੀ ਲਾਸਾਨੀ ਕੁਰਬਾਨੀ ਤੋਂ ਜਾਣੂ ਹੋਣ ਦੀ ਅਪੀਲ ਕੀਤੀ ਹੈ।

ਡਾ. ਪ੍ਰੀਤੀ ਯਾਦਵ ਨੇ ਸਮੂਹ ਸੰਗਤ ਨੂੰ ਗੁਰੂ ਸਾਹਿਬ ਦੇ ਜੀਵਨ ਅਤੇ ਸਿੱਖਿਆਵਾਂ 'ਤੇ ਆਧਾਰਿਤ ਸ਼ਾਨਦਾਰ ਲਾਈਟ ਐਂਡ ਸਾਊਂਡ ਸ਼ੋਅ ਵਿਚ ਵੱਧ-ਚੜ੍ਹ ਕੇ ਸ਼ਿਰਕਤ ਕਰਨ ਦਾ ਸੱਦਾ ਦਿੰਦਿਆਂ ਦੱਸਿਆ ਕਿ 45 ਮਿੰਟ ਦੇ ਲਾਈਟ ਐਂਡ ਸਾਊਂਡ ਸ਼ੋਅ ਦੌਰਾਨ ਡਿਜੀਟਲ ਤਰੀਕੇ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਵਿਰਾਸਤ, ਸਿੱਖਿਆਵਾਂ ਅਤੇ ਮਹਾਨ ਬਲੀਦਾਨ ਬਾਰੇ ਚਾਨਣਾ ਪਾਇਆ ਜਾਵੇਗਾ।

# ਹਰਚੰਦ ਸਿੰਘ ਬਰਸਟ ਨੇ ਆਮ ਆਦਮੀ ਪਾਰਟੀ ਦੇ ਵਲੰਟੀਅਰਾਂ ਨੂੰ ਹਲਕਾ ਤਰਨਤਾਰਨ ਵਿਖੇ ਘਰ-ਘਰ ਜਾ ਕੇ ਪ੍ਰਚਾਰ ਕਰਨ ਲਈ ਕੀਤਾ ਪ੍ਰੇਰਿਤ

**ਪਟਿਆਲਾ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਹਲਕਾ ਤਰਨਤਾਰਨ ਵਿਖੇ 14 ਨਵੰਬਰ ਨੂੰ ਹੋਣ ਵਾਲੀ ਜਿਮਨੀ ਚੋਣ ਦੇ ਸਬੰਧ ਵਿੱਚ ਅੱਜ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਸ. ਹਰਚੰਦ ਸਿੰਘ ਬਰਸਟ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਦੇ ਹਲਕਾ ਤਰਨਤਾਰਨ ਦੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਬਲਾਕ ਕੁਆਰਡੀਨੇਟਰਜ਼ ਦੀ ਮੀਟਿੰਗ ਦਾ ਆਯੋਜਨ ਕੀਤਾ ਗਿਆ।

ਇਸ ਦੌਰਾਨ ਸ. ਬਰਸਟ ਨੇ ਟੀਮ ਮੈਂਬਰਾਂ ਵੱਲੋ ਕੀਤੀ ਜਾ ਰਹੀ ਅਣਥੱਕ ਮਿਹਨਤ ਦੀ ਸ਼ਲਾਘਾ ਕੀਤੀ ਗਈ। ਸੂਬਾ ਜਨਰਲ ਸਕੱਤਰ ਵੱਲੋਂ ਹਲਕਾ ਤਰਨਤਾਰਨ ਵਿਖੇ ਹੋਣ ਵਾਲੀ ਜਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸ. ਹਰਮੀਤ ਸਿੰਘ ਸੰਧੂ ਨੂੰ ਵੱਡੀ ਲੀਡ ਨਾਲ ਜਿਤਾਉਣ ਲਈ ਵੱਧ ਤੋਂ ਵੱਧ ਸਹਿਯੋਗ ਦੇਣ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਲੋਕ




ਪੱਖੀ ਕਾਰਜਾਂ ਅਤੇ ਉਪਲੱਬਧੀਆਂ ਨੂੰ ਜਨਤਾ ਤੱਕ ਪਹੁੰਚਾਉਣ ਲਈ ਪ੍ਰੇਰਿਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸੂਬੇ ਦੀ ਤਰੱਕੀ ਲਈ ਕੀਤੇ ਜਾ ਰਹੇ ਕਾਰਜਾਂ ਨੂੰ ਘਰ-ਘਰ ਜਾ ਕੇ ਲੋਕਾਂ ਤੱਕ ਪਹੁੰਚਾਇਆ ਜਾਵੇ। ਸ. ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਰੰਗਲਾ ਅਤੇ ਖੁਸ਼ਹਾਲ ਪੰਜਾਬ ਬਣਾਉਣ ਲਈ ਲਗਾਤਾਰ ਕਾਰਜ ਕੀਤੇ ਜਾ ਰਹੇ ਹਨ। ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ ਜਾ ਰਹੀ ਹੈ, ਜਿਸਦੇ ਸਕਾਰਾਤਮਕ ਨਤੀਜੇ ਸਾਹਮਣੇ ਆ ਰਹੇ ਹਨ। ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਆਪਣੇ ਸਾਢੇ ਤਿੰਨ ਸਾਲਾਂ ਦੇ ਕਾਰਜਕਾਲ ਦੌਰਾਨ ਲੋਕਾਂ ਦੀ ਭਲਾਈ ਅਤੇ ਸੂਬੇ ਦੀ ਤਰੱਕੀ ਲਈ ਮਿਸਾਲੀ ਕਾਰਜ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਆਪ ਸਰਕਾਰ ਵੱਲੋਂ ਆਪਣੇ ਸਾਢੇ 3 ਸਾਲਾਂ ਦੇ ਕਾਰਜਕਾਲ ਦੌਰਾਨ ਹਰ ਖੇਤਰ ਵਿੱਚ ਬਹੁਤ ਸੁਧਾਰ ਕੀਤੇ ਗਏ ਹਨ। ਲੋਕਾਂ ਨੂੰ 600 ਯੂਨਿਟ ਮੁਫ਼ਤ ਬਿਜਲੀ ਦਿੱਤੀ ਜਾ ਰਹੀ ਹੈ। ਖੇਤਾਂ ਨੂੰ ਨਹਿਰਾਂ ਦਾ ਪਾਣੀ ਦਿੱਤਾ ਜਾ ਰਿਹਾ ਹੈ। ਸਰਕਾਰ ਵੱਲੋਂ ਨੌਜਵਾਨਾਂ ਨੂੰ ਬਿਨਾਂ ਕਿਸੇ ਰਿਸ਼ਵਤ ਜਾਂ ਸਿਫਾਰਸ਼ ਤੋਂ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ। ਲੋਕਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਮੁਹੱਈਆ ਕਰਵਾਇਆ ਜਾ ਰਹੀਆਂ ਹਨ। ਮਹਿਲਾਵਾਂ ਨੂੰ ਮੁਫ਼ਤ ਬਸ ਸਫ਼ਰ ਦਿੱਤਾ ਜਾ ਰਿਹਾ ਹੈ। ਨੌਜਵਾਨਾਂ ਨੂੰ ਖੇਡਾਂ ਵੱਲ ਉਤਸਾਹਿਤ ਕਰਨ ਲਈ ਜਿੱਥੇ ਵੱਖ-ਵੱਖ ਖੇਡ ਮੁਕਾਬਲੇ ਕਰਵਾਏ ਜਾ ਰਹੇ ਹਨ, ਉੱਥੇ ਹੀ ਖੇਡ ਮੈਦਾਨ ਵੀ ਬਣਾਏ ਜਾ ਰਹੇ ਹਨ।

# ਬੀ ਐਨ ਖਾਲਸਾ ਸਕੂਲ ਵਿਖੇ ਲਗਾਏ ਸੱਤ ਰੋਜ਼ਾ ਐਨ ਐਸ ਐਸ ਕੈਂਪ ਦੇ ਸਮਾਪਤੀ ਸਮਾਰੋਹ ਦੌਰਾਨ ਵਲੰਟੀਅਰਜ਼ ਨੂੰ ਵੰਡੇ ਸਰਟੀਫਿਕੇਟ ਅਤੇ ਮੈਡਲ

**ਪਟਿਆਲਾ, 4 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀ ਐੱਨ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਸਰਹਿੰਦ ਰੋਡ ਪਟਿਆਲਾ ਦੇ ਪ੍ਰਿੰਸੀਪਲ ਰੁਪਿੰਦਰ ਕੌਰ, ਵਾਇਸ ਪ੍ਰਿੰਸੀਪਲ ਕਰਮਜੀਤ ਕੌਰ ਦੀ ਸਰਪ੍ਰਸਤੀ ਅਤੇ ਐਨ ਐਸ ਐਸ ਦੇ ਪ੍ਰੋਗਰਾਮ ਅਫਸਰ ਅਮਰਪ੍ਰੀਤ ਕੌਰ ਦੀ ਅਗਵਾਈ ਹੇਠ ਯੁਵਕ ਸੇਵਾਵਾਂ ਵਿਭਾਗ ਪੰਜਾਬ ਦੇ ਐਸਟਿਟ ਡਾਇਰੈਕਟਰ ਪਟਿਆਲਾ ਡਾਕਟਰ ਮਲਕੀਤ ਸਿੰਘ ਮਾਨ ਦੇ ਸਹਿਯੋਗ ਨਾਲ ਚਲਾਏ ਗਏ ਸੱਤ ਰੋਜ਼ਾ ਐਨ ਐਸ ਐਸ ਕੈਪ ਦਾ ਸਮਾਪਤੀ ਸਮਾਰੋਹ ਕਰਵਾਇਆ ਗਿਆ ।ਜਿਸ ਵਿੱਚ ਮੁੱਖ ਮਹਿਮਾਨ ਐਸ ਆਈ ਜਸਵੰਤ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ 2 ਨੇ ਸ਼ਿਰਕਤ ਕੀਤੀ।

ਪ੍ਰੋਗਰਾਮ ਦੀ ਪ੍ਰਧਾਨਗੀ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ। ਪ੍ਰੋਗਰਾਮ ਦਾ ਉਦਘਾਟਨ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤਾ। ਨੇ ਸ਼ਿਰਕਤ ਕੀਤੀ। ਇਸ ਮੌਕੇ ਵਿਸ਼ੇਸ਼ ਤੌਰ ਤੇ ਨਵਜੋਤ ਕੌਰ, ਹਰਪ੍ਰੀਤ ਸਿੰਘ, ਅਮਨਦੀਪ ਕੌਰ,ਸੀਤਾ ਸ਼ਰਮਾ, ਹਰਪ੍ਰੀਤ ਕੌਰ, ਅਨੁਰਾਧਾ, ਗੁਰਪ੍ਰੀਤ ਕੌਰ ਨੇ ਵੀ ਸ਼ਿਰਕਤ ਕੀਤੀ।ਇਸ ਮੌਕੇ ਐਨ ਐਸ ਐਸ ਦੇ ਵਲੰਟੀਅਰਜ਼ ਨੂੰ ਸੰਬੋਧਨ ਕਰਦਿਆਂ ਐਸ ਆਈ ਜਸਵੰਤ ਕੁਮਾਰ ਨੇ ਸਾਂਝ ਕੇਂਦਰਾਂ ਵੱਲੋਂ ਇੱਕ ਪਲੇਟਫਾਰਮ ਦਿੱਤੀਆਂ ਜਾ ਰਹੀਆਂ ਸਾਂਝ ਸੁਵਿਧਾਵਾਂ ਬਾਰੇ



ਜਾਣਕਾਰੀ ਦਿੱਤੀ । ਇਸ ਮੌਕੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਨੇ ਵਿਦਿਆਰਥੀਆਂ ਨੂੰ ਰਾਸ਼ਟਰੀ ਏਕਤਾ ਅਤੇ ਅਖੰਡਤਾ ਨੂੰ ਬਣਾਈ ਰੱਖਣ ਲਈ ਪ੍ਰੇਰਿਤ ਕੀਤਾ, ਉਹਨਾਂ ਕਿਹਾ ਕਿ ਨੌਜਵਾਨਾਂ ਨੂੰ ਸਮਾਜਿਕ ਕੁਰੀਤੀਆਂ ਵਿਰੁੱਧ ਲਾਮਬੰਦ ਹੋ ਕੇ ਅੱਗੇ ਆਉਣਾ ਚਾਹੀਦਾ ਹੈ। ਇਸ ਮੌਕੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਦੇ ਹੋਏ ਕਿਹਾ ਨਸ਼ੇ ਸਾਡੇ ਸਮਾਜ ਨੂੰ ਘੁਣ ਵਾਂਗ ਖੋਖਲਾ ਕਰਦੇ ਜਾਂ ਰਹੇ ਹਨ ਇਸ ਲਈ ਸਾਨੂੰ ਸਾਰਿਆਂ ਨੂੰ ਨਸ਼ਿਆਂ ਦੇ ਖਾਤਮੇ ਲਈ ਇੱਕਜੁੱਟ ਹੋ ਕੇ ਲੜਾਈ ਲੜਨੀ ਪਵੇਗੀ ਤਾਂ ਹੀ ਅਸੀਂ ਨਸ਼ਿਆਂ ਨੂੰ ਆਪਣੇ ਪੰਜਾਬ ਵਿਚੋਂ ਖਤਮ ਕਰ ਸਕਾਗੇ ?। ਇਸ ਮੌਕੇ ਐਨ ਐਸ ਐਸ ਵਲੰਟੀਅਰਜ਼ ਨੂੰ ਸਰਟੀਫਿਕੇਟ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ ।

# ਜੱਸੀ ਸਰਪੰਚ ਖੇੜਾ ਜੱਟਾ ਨੂੰ ਆਪ ਨੇ ਐਸ. ਸੀ. ਵਿੰਗ ਦਾ ਹਲਕਾ ਕੁਆਰਡੀਨੇਟਰ ਕੀਤਾ ਨਿਯੁਕਤ

**ਪਟਿਆਲਾ, 4 ਨਵੰਬਰ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਅੰਦਰ ਆਮ ਆਦਮੀ ਪਾਰਟੀ ਵਲੋਂ ਐਸ. ਸੀ. ਵਿੰਗ ਮਜਬੂਤ ਕਰਨ ਲਈ ਨਵੀਆਂ ਨਿਯੁਕਤੀਆਂ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਐਸ. ਸੀ. ਸੀ ਭਾਈਚਾਰੇ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਸੰਗਠਨ ਨੂੰ ਹੋਰ ਮਜਬੂਤ ਕੀਤਾ ਜਾ ਸਕੇ, ਜਿਸ ਤਹਿਤ ਆਮ ਆਦਮੀ ਪਾਰਟੀ ਪੰਜਾਬ ਵਲੋਂ ਹਲਕਾ ਸਮਾਣਾ ਕੋਆਰਡੀਨੇਟਰ ਲਗਾਉਣ ਸਬੰਧੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਸੂਬਾ ਪ੍ਰਧਾਨ ਅਮਨ ਅਰੋੜਾ, ਮਨੀਸ਼ ਸਿਸੋਦੀਆ, ਵਿਧਾਇਕ ਚੇਤਨ ਸਿੰਘ ਜੋੜੇਮਾਜਰਾ ਹਲਕਾ ਸਮਾਣਾ, ਗੁਰਦੇਵ ਸਿੰਘ ਟਿਵਾਣਾ ਅਤੇ ਚੇਅਰਮੈਨ ਬਲਕਾਰ ਸਿੰਘ ਗੱਜੂਮਾਜਰਾ, ਗੁਲਜਾਰ ਸਿੰਘ ਵਿਰਕ ਅਤੇ ਮਿੱਟੂ ਦੀ ਅਗਵਾਈ ਹੇਠ ਪਿੰਡ ਖੇੜਾ ਜੱਟਾਂ ਦੇ ਨੌਜਵਾਨ ਨਿਧੜਕ ਸਰਪੰਚ ਜਸਪਾਲ ਸਿੰਘ ਜੱਸੀ ਨੂੰ ਐਸ. ਸੀ. ਵਿੰਗ ਦਾ ਹਲਕਾ ਕੋਆਡੀਨੇਟਰ ਨਿਯੁਕਤ ਕੀਤਾ ਗਿਆ ਹੈ, ਜਿਥੇ ਹਲਕਾ ਵਿਧਾਇਕ ਚੇਤਨ ਸਿੰਘ ਜੋੜੇਮਾਜਰਾ ਨੇ ਸਰਪੰਚ ਜੱਸੀ ਨੂੰ ਥਾਪੜਾ ਦਿੰਦੇ ਹੋਏ ਭਾਈਚਾਰੇ ਦੀਆਂ ਮੁਸ਼ਕਲਾਂ ਦਾ ਨਿਬੇੜਾ ਕਰਾਉਣ ਲਈ ਤਕੜੇ ਹੋ ਕੇ ਕੰਮ ਕਰਨ ਲਈ ਕਿਹਾ। ਜ਼ਿਕਰਯੋਗ ਹੈ ਕਿ ਪਿੰਡ ਖੇੜਾ ਜੱਟਾਂ ਦੇ ਸਰਪੰਚ ਜਸਪਾਲ ਸਿੰਘ ਜੱਸੀ ਪਿਛਲੇ ਲੰਬੇ ਸਮੇਂ ਤੋਂ ਪਾਰਟੀ ਅੰਦਰ ਆਪਣੀ ਸੇਵਾਵਾਂ ਨੂੰ ਨਿਵਾਉਂਦੇ ਆ ਰਹੇ ਸਨ, ਜਿਨਾਂ ਦੀ ਪਾਰਟੀ ਪ੍ਰਤੀ ਲਗਨ ਤੇ ਮਿਹਨਤ ਨੂੰ ਦੇਖਦੇ ਹੋਏ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨੇ ਜੱਸੀ ਨੂੰ ਹਲਕਾ ਕੋਆਰਡੀਨੇਟਰ ਲਾਉਣ ਤੇ ਵਧਾਈ ਦਿੱਤੀ। ਇਸ ਮੌਕੇ ਸਰਪੰਚ ਜੱਸੀ ਨੇ ਸਮੁੱਚੀ ਸੀਨੀਅਰ ਲੀਡਰਸ਼ਿਪ ਦਾ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਪਾਰਟੀ ਵੱਲੋਂ ਦਿੱਤੇ ਗਏ ਮਾਨ ਸਤਿਕਾਰ ਨੂੰ ਹਮੇਸ਼ਾ ਬਰਕਰਾਰ ਰੱਖਾਂਗਾ ਅਤੇ ਪਾਰਟੀ ਦੀ ਮਜਬੂਤੀ ਲਈ ਐਸ. ਸੀ. ਭਾਈਚਾਰੇ ਨੂੰ ਮਜਬੂਤ ਕਰਨ ਲਈ ਲਾਮਬੰਦ ਕਰਨ ਲਈ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕੀਤਾ ਜਾਵੇਗਾ ਤਾਂ ਜੋ ਸਮੁੱਚੇ ਭਾਈਚਾਰੇ ਦੀਆਂ ਅਧੂਰੀਆਂ ਮੰਗਾਂ ਨੂੰ ਪੂਰਾ ਕਰਵਾਇਆ ਜਾ ਸਕੇ। ਇਸ ਮੌਕੇ ਐਸ. ਸੀ. ਭਾਈਚਾਰੇ ਵੱਲੋਂ ਵਿਧਾਇਕ ਚੇਤਨ ਸਿੰਘ ਜੌੜੇ ਮਾਜਰਾ ਤੇ ਚੇਅਰਮੈਨ ਬਲਕਾਰ ਸਿੰਘ ਗੱਜੂ ਮਜਰਾ ਦਾ ਸਨਮਾਨ ਵੀ ਕੀਤਾ ਗਿਆ ਇਸ ਮੌਕੇ ਵਿਧਾਇਕ ਚੇਤਨ ਸਿੰਘ ਜੋੜੀ ਮਾਤਰਾ ਨੇ ਜੋੜੇ ਮਾਜਰਾ ਨੇ ਕਿਹਾ ਕਿ ਸੂਬੇ ਅੰਦਰ ਆਮ ਆਦਮੀ ਪਾਰਟੀ ਅੰਦਰ ਕੰਮ ਕਰਨ ਵਾਲੇ ਮਿਹਨਤੀ ਨੌਜਵਾਨਾਂ ਨੂੰ ਸਮੇਂ ਸਮੇਂ ਸਿਰ ਨਵੇਂ ਅਹੁਦੇ ਦੇ ਕੇ ਮਾਨ ਸਨਮਾਨ ਦਿੱਤਾ।

# ਜਲੰਧਰ ਕਮਿਸ਼ਨਰੇਟ ਪੁਲਸ ਦਾ ਹੋਰ ਇਕ ਕਦਮ, 50 ਗੁੰਮ ਹੋਏ ਮੋਬਾਇਲ ਫੋਨ ਲੱਭ ਕੇ ਮਾਲਕਾਂ ਨੂੰ ਸੌਂਪੇ

ਕੌਮੀ ਪਤ੍ਰਿਕਾ

ਜਲੰਧਰ 4 ਨਵੰਬਰ। ਜਲੰਧਰ ਕਮਿਸ਼ਨਰੇਟ ਪੁਲਸ ਨੇ ਅੱਜ ਪੁਲਸ ਲਾਈਨ ਜਲੰਧਰ ਦੇ ਪੁਲਸ ਸਟੇਸ਼ਨ ਸਾਈਬਰ ਕਰਾਈਮ ਵਿਖੇ 50 ਗੁੰਮ ਅਤੇ ਖੋਏ ਹੋਏ ਮੋਬਾਇਲ ਫੋਨ ਸਫਲਤਾਪੂਰਵਕ ਬਰਾਮਦ ਕਰਕੇ ਉਨ੍ਹਾਂ ਦੇ ਅਸਲ ਮਾਲਕਾਂ ਨੂੰ ਵਾਪਸ ਕੀਤੇ। ਇਹ ਕਾਰਵਾਈ ਪੁਲਸ ਕਮਿਸ਼ਨਰ, ਜਲੰਧਰ, ਧਨਪ੍ਰੀਤ ਕੌਰ ਦੇ ਨਿਰਦੇਸ਼ਾਂ ਹੇਠ ਵਿਨੀਤ ਅਹਲਾਵਤ ਅਤੇ ਸੰਜੇ ਕੁਮਾਰ ਦੀ ਅਗਵਾਈ ਵਿੱਚ ਪੁਲਸ ਟੀਮ ਵੱਲੋਂ ਕੀਤੀ ਗਈ, ਜਿਸ ਵਿੱਚ ਜਲੰਧਰ ਕਮਿਸ਼ਨਰੇਟ ਪੁਲਸ ਦਾ ਆਈ. ਟੀ. ਸਟਾਫ਼ ਵੀ ਸ਼ਾਮਲ ਸੀ। ਗੁੰਮ ਹੋਏ ਮੋਬਾਇਲਾਂ ਦੇ 9$59 ਨੰਬਰਾਂ ਦਾ ਪਤਾ ਲਗਾਉਣ ਲਈ ਡਿਜੀਟਲ ਟ?ਰੈਕਿੰਗ ਤਕਨੀਕਾਂ ਵਰਤੀਆਂ ਗਈਆਂ। ਅਸਲ ਮਾਲਕਾਂ ਦੀ ਪੂਰੀ ਤਸਦੀਕ ਤੋਂ ਬਾਅਦ ਵੱਖ-ਵੱਖ ਬ੍ਰਾਂਡਾਂ ਦੇ ਇਹ 50 ਮੋਬਾਇਲ ਫੋਨ ਉਨ੍ਹਾਂ ਨੂੰ ਵਾਪਸ ਸੌਂਪੇ ਗਏ। ਪਿਛਲੇ ਮਹੀਨੇ ਵੀ ਕਮਿਸ਼ਨਰੇਟ ਪੁਲਸ ਜਲੰਧਰ ਵੱਲੋਂ 30 ਮੋਬਾਇਲ ਫੋਨ ਰਿਕਵਰ ਕਰਕੇ ਉਨ੍ਹਾਂ ਦੇ ਮਾਲਕਾਂ ਨੂੰ ਵਾਪਸ ਕੀਤੇ ਗਏ ਸਨ ਅਤੇ ਆਉਣ ਵਾਲੇ ਦਿਨਾਂ ਵਿੱਚ ਵੀ ਇਹ ਕਾਰਵਾਈ ਜਾਰੀ ਰਹੇਗੀ। CEIR ਪੋਰਟਲ ਭਾਰਤ ਸਰਕਾਰ ਦੇ ਟੈਲੀਕਮਿਊਨੀਕੇਸ਼ਨ ਵਿਭਾਗ (4✿") ਦੀ ਇਕ ਮਹੱਤਵਪੂਰਣ ਪਹਲ ਹੈ, ਜੋ ਗੁੰਮ ਜਾਂ ਚੋਰੀ ਹੋਏ ਮੋਬਾਇਲ ਫੋਨਾਂ ਨੂੰ ਬਲੌਕ ਕਰਨ, ਉਨ੍ਹਾਂ ਦੇ ਦੁਰਪਯੋਗ ਨੂੰ ਰੋਕਣ ਅਤੇ 9$59 ਆਧਾਰਿਤ ਟ?ਰੈਕਿੰਗ ਰਾਹੀਂ ਉਨ੍ਹਾਂ ਦੀ ਬਰਾਮਦਗੀ ਸੌਖੀ ਬਣਾਉਂਦਾ ਹੈ। ਜਲੰਧਰ ਕਮਿਸ਼ਨਰੇਟ ਪੁਲਸ ਨਾਗਰਿਕਾਂ ਨੂੰ ਅਪੀਲ ਕਰਦੀ ਹੈ ਕਿ ਉਹ ਆਪਣੇ ਗੁੰਮ ਜਾਂ ਚੋਰੀ ਹੋਏ ਮੋਬਾਇਲ ਫੋਨਾਂ ਦੀ ਤੁਰੰਤ ਰਿਪੋਰਟ CEIR ਪੋਰਟਲ (https://ceir.gov.in) 'ਤੇ ਜਾਂ ਨਜ਼ਦੀਕੀ ਸਾਂਝ ਕੇਂਦਰ ਵਿਖੇ ਦਰਜ ਕਰਵਾਉਣ ਤਾਂ ਜੋ ਉਨ੍ਹਾਂ ਦੀ ਸਮੇਂ ਸਿਰ ਮਦਦ ਅਤੇ ਬਰਾਮਦਗੀ ਸੰਭਵ ਹੋ ਸਕੇ। ਰਾਦਿਕਾ ਸਿੱਕਾ ਨੇ ਕਿਹਾ ਕਿ ਉਨ੍ਹਾਂ ਦਾ ਸਮਾਰਟਫੋਨ ਗੁੰਮ ਹੋ ਗਿਆ ਸੀ ਅਤੇ ਉਨ੍ਹਾਂ ਨੇ ਸੀਈਆਈਆਰ ਵਿਖੇ



ਸ਼ਿਕਾਇਤ ਦਰਜ ਕਰਵਾਈ। ਉਨ੍ਹਾਂ ਨੇ ਜਲੰਧਰ ਪੁਲਸ ਕਮਿਸ਼ਨਰੇਟ ਵੱਲੋਂ ਉਨ੍ਹਾਂ ਦੇ ਫੋਨ ਦੀ ਜਲਦੀ ਰਿਕਵਰੀ ਅਤੇ ਵਾਪਸੀ ਲਈ ਆਪਣੀ ਡੂੰਘੀ ਪ੍ਰਸ਼ੰਸਾ ਪ੍ਰਗਟ ਕੀਤੀ। ਸਤੀਸ਼ ਨੇ ਦੱਸਿਆ ਕਿ ਉਨ੍ਹਾਂ ਦਾ ਮੋਬਾਇਲ ਫੋਨ ਬਸਤੀ ਬਾਵਾ ਖੇਲ, ਜਲੰਧਰ ਵਿਖੇ ਗੁੰਮ ਹੋ ਗਿਆ ਸੀ ਅਤੇ ਉਨ੍ਹਾਂ ਨੇ ਥਾਣਾ ਬਸਤੀ ਬਾਵਾ ਖੇਲ ਵਿਖੇ ਸ਼ਿਕਾਇਤ ਦਰਜ ਕਰਵਾਈ ਸੀ। ਉਨ੍ਹਾਂ ਨੇ ਆਪਣਾ ਫੋਨ ਰਿਕਵਰ ਕਰਨ ਵਿੱਚ ਤੁਰੰਤ ਕਾਰਵਾਈ ਕਰਨ ਲਈ ਪੰਜਾਬ ਪੁਲਸ ਦਾ ਤਹਿ ਦਿਲੋਂ ਧੰਨਵਾਦ ਕੀਤਾ। ਹਰਿੰਦਰ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਦਾ ਫੋਨ ਜਯੋਤੀ ਚੌਕ, ਜਲੰਧਰ ਵਿਖੇ ਗੁੰਮ ਹੋ ਗਿਆ ਸੀ ਅਤੇ ਉਨ੍ਹਾਂ ਨੇ ਇਕ ਆਨਲਾਈਨ ਸ਼ਿਕਾਇਤ ਦਰਜ ਕਰਵਾਈ ਸੀ। ਉਨ੍ਹਾਂ ਨੇ ਆਪਣਾ ਫੋਨ ਰਿਕਵਰ ਕਰਨ ਅਤੇ ਵਾਪਸ ਕਰਨ ਵਿੱਚ ਪੰਜਾਬ ਪੁਲਸ ਦੇ ਮਿਹਨਤੀ ਯਤਨਾਂ ਲਈ ਦਿਲੋਂ ਧੰਨਵਾਦ ਕੀਤਾ। ਅਰਪਿਤ ਨੇ ਸਾਂਝਾ ਕੀਤਾ ਕਿ ਉਨ੍ਹਾਂ ਦਾ ਫੋਨ ਗੁੰਮ ਹੋ ਗਿਆ ਸੀ ਅਤੇ ਉਨ੍ਹਾਂ ਨੇ ਥਾਣਾ ਡਿਵੀਜ਼ਨ ਨੰਬਰ 4, ਜਲੰਧਰ ਵਿਖੇ ਸ਼ਿਕਾਇਤ ਦਰਜ ਕਰਵਾਈ। ਸ਼ੁਰੂ ਵਿੱਚ ਉਨ੍ਹਾਂ ਨੇ ਇਸ ਨੂੰ ਰਿਕਵਰ ਕਰਨ ਦੀ ਉਮੀਦ ਗੁਆ ਦਿੱਤੀ ਸੀ ਪਰ ਅੱਜ ਪੰਜਾਬ ਪੁਲਸ ਦੀ ਪ੍ਰਭਾਵਸ਼ਾਲੀ ਕਾਰਵਾਈ ਕਾਰਨ, ਉਹ ਆਪਣਾ ਫੋਨ ਰਿਕਵਰ ਕਰਨ ਦੇ ਯੋਗ ਹੋ ਗਏ। ਉਨ੍ਹਾਂ ਨੇ ਜਲੰਧਰ ਪੁਲਸ ਦਾ ਉਨ੍ਹਾਂ ਦੇ ਅਟੱਲ ਸਮਰਪਣ ਲਈ ਦਿਲੋਂ ਧੰਨਵਾਦ ਕੀਤਾ।

## SGPC ਪ੍ਰਧਾਨਗੀ ਲਈ ਅਕਾਲੀ ਦਲ ਨੇ ਐਡਵੋਕੇਟ ਧਾਮੀ ਦੇ ਨਾਂ 'ਤੇ ਲਾਈ ਮੋਹਰ !

ਚੰਡੀਗੜ੍ਹ 4 ਨਵੰਬਰ। ਸ਼?ਰੋਮਣੀ ਅਕਾਲੀ ਦਲ ਨੇ ਇੱਕ ਵਾਰ ਫਿਰ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਦੀ ਪ੍ਰਧਾਨਗੀ ਲਈ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਾਂ ਉੱਤੇ ਮੋਹਰ ਲਾ ਦਿੱਤੀ ਹੈ। ਹਰਜਿੰਦਰ ਸਿੰਘ ਧਾਮੀ ਕੱਲ੍ਹ (ਸੋਮਵਾਰ) ਹੋਣ ਵਾਲੀ ਐਸਜੀਪੀਸੀ ਦੀ ਪ੍ਰਧਾਨਗੀ ਲਈ ਅਕਾਲੀ ਦਲ ਦਾ ਚਿਹਰਾ ਹੋਣਗੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੇ ਅਹੁਦੇ ਲਈ ਸਾਲਾਨਾ ਚੋਣਾਂ ਸੋਮਵਾਰ ਨੂੰ ਹੋਣੀਆਂ ਹਨ। ਇਹ ਚੋਣਾਂ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿੱਚ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਕਰਵਾਈਆਂ ਜਾਣਗੀਆਂ। ਅਕਾਲੀ ਦਲ ਨੇ ਐਡਵੋਕੇਟ ਸ. ਹਰਜਿੰਦਰ ਸਿੰਘ ਧਾਮੀ ਜੀ ਨੂੰ ਮੁੜ ਇਸ ਅਹੁਦੇ ਲਈ ਉਮੀਦਵਾਰ ਬਣਾਇਆ ਹੈ। ਪਾਰਟੀ ਵੱਲੋਂ ਇਹ ਫੈਸਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਹਿਬਾਨ ਨਾਲ ਵਿਚਾਰ ਚਰਚਾ ਕਰਨ ਤੋਂ ਬਾਅਦ ਕੀਤਾ ਗਿਆ ਹੈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਸ ਫੈਸਲੇ ਦਾ ਐਲਾਨ ਕੀਤਾ। ਮੌਜੂਦਾ ਸਕੱਤਰ ਪ੍ਰਤਾਪ ਸਿੰਘ ਅਨੁਸਾਰ, ਸ਼੍ਰੋਮਣੀ ਕਮੇਟੀ ਦੇ ਕੁੱਲ 185 ਮੈਂਬਰ ਹਨ, ਜਿਨ੍ਹਾਂ ਵਿੱਚੋਂ 170 ਚੁਣੇ ਹੋਏ ਹਨ ਅਤੇ 15 ਨਾਮਜ਼ਦ ਹਨ। ਕੁਝ ਮੈਂਬਰਾਂ ਦੇ ਦੇਹਾਂਤ ਜਾਂ ਅਸਤੀਫੇ ਕਾਰਨ, ਇਸ ਚੋਣ ਸੈਸ਼ਨ ਵਿੱਚ ਪ੍ਰਧਾਨ ਦੇ ਅਹੁਦੇ 'ਤੇ ਵੋਟ ਪਾਉਣ ਲਈ ਲਗਭਗ 148 ਮੈਂਬਰ ਮੌਜੂਦ ਹੋਣਗੇ

## ਕੈਨੇਡਾ ਤੋਂ ਮਿਲੀ ਖ਼ਬਰ ਨੇ ਘਰ 'ਚ ਪੁਆਏ ਵੈਣ, ਪੰਜਾਬੀ ਨੌਜਵਾਨ ਦੀ ਮੌਤ

ਬਟਾਲਾ 4 ਨਵੰਬਰ। ਚੰਗੇ ਭਵਿੱਖ ਦੀ ਖਾਤਰ ਦੋ ਸਾਲ ਪਹਿਲਾਂ ਕੈਨੇਡਾ ਗਿਆ ਪੰਜਾਬੀ ਨੌਜਵਾਨ ਸੁਖਦੇਵ ਸਿੰਘ ਉਰਫ ਜੋਬਨ (32) ਦੀ ਕੈਨੇਡਾ 'ਚ ਸੜਕ ਹਾਦਸੇ ਕਾਰਨ ਮੌਤ ਹੋ ਗਈ ਹੈ। ਮ੍ਰਿਤਕ ਬਟਾਲਾ ਦੇ ਉਮਰਪੁਰਾ ਨਵੀ ਆਬਾਦੀ ਦਾ ਰਹਿਣ ਵਾਲਾ ਸੀ। ਉਹ ਆਪਣੇ ਪਿੱਛੇ ਬਜ਼ੁਰਗ ਮਾਤਾ-ਪਿਤਾ, ਪਤਨੀ ਅਤੇ 3 ਮਹੀਨੇ ਦੀ ਬੱਚੀ ਨੂੰ ਛੱਡ ਗਿਆ ਹੈ। ਮਾਤਾ ਲਖਬੀਰ ਕੌਰ, ਪਿਤਾ ਸਤਨਾਮ ਸਿੰਘ ਅਤੇ ਰਿਸ਼ਤੇਦਾਰ ਹਰਜਿੰਦਰ ਸਿੰਘ ਨੇ ਦੱਸਿਆ ਕਿ ਸੁਖਦੇਵ ਸਿੰਘ ਆਪਣੀ ਪਤਨੀ ਨਾਲ ਸਪਾਉਸ ਵੀਜ਼ਾ 'ਤੇ ਦੋ ਸਾਲ ਪਹਿਲਾਂ ਕੈਨੇਡਾ ਗਿਆ ਸੀ ਅਤੇ ਬਰੈਂਪਟਨ ਵਿੱਚ ਰਹਿ ਰਿਹਾ ਸੀ। ਬੀਤੇ ਕੱਲ੍ਹ ਕੰਮ ਤੋਂ ਵਾਪਸੀ ਦੌਰਾਨ ਦੂਸਰੀ ਗੱਡੀ ਦੀ ਲਾਪਰਵਾਹੀ ਕਾਰਨ ਹੋਏ ਹਾਦਸੇ 'ਚ ਉਸਦੀ ਮੌਤ ਹੋ ਗਈ। ਮ੍ਰਿਤਕ ਦੇ ਪਰਿਵਾਰ ਵੱਲੋਂ ਹੁਣ ਸੁਖਦੇਵ ਸਿੰਘ ਦੀ ਮ੍ਰਿਤਕ ਦੇਹ ਨੂੰ ਭਾਰਤ ਵਾਪਸ ਲਿਆਉਣ ਦੀ ਗੁਹਾਰ ਕੀਤੀ ਜਾ ਰਹੀ ਹੈ।

## ਰਾਜਾ ਵੜਿੰਗ ਦੇ ਬਿਆਨ 'ਤੇ ਗੁਲਜਾਰ ਸਿੰਘ ਰਣੀਕੇ ਦਾ ਸ਼ਬਦੀ ਹਮਲਾ

ਅੰਮ੍ਰਿਤਸਰ 4 ਨਵੰਬਰ। ਸੀਨੀਅਰ ਅਕਾਲੀ ਆਗੂ ਗੁਲਜਾਰ ਸਿੰਘ ਰਣੀਕੇ ਨੇ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਇਕ ਵੀਡੀਓ ਬਿਆਨ ਨੂੰ ਲੈ ਕੇ ਤਿੱਖਾ ਹਮਲਾ ਕੀਤਾ ਹੈ। ਰਣੀਕੇ ਨੇ ਕਿਹਾ ਕਿ ਵੜਿੰਗ ਨੇ ਦੇਸ਼ ਦੇ ਸਾਬਕਾ ਗ੍ਰਹਿ ਮੰਤਰੀ ਸਰਦਾਰ ਬੂਟਾ ਸਿੰਘ ਬਾਰੇ ਜਿਹੜੇ ਮਾੜੇ ਸ਼ਬਦ ਵਰਤੇ ਹਨ, ਉਹ ਸਿਰਫ਼ ਇਕ ਵਿਅਕਤੀ ਦਾ ਮਜ਼ਾਕ ਨਹੀਂ, ਸਗੋਂ ਸਮੁੱਚੇ ਸਮਾਜ ਅਤੇ ਗਰੀਬ ਭਾਈਚਾਰੇ ਦੀ ਤੌਹੀਨ ਹੈ। ਰਣੀਕੇ ਨੇ ਕਿਹਾ ਕਿ ਵੜਿੰਗ ਦੀ ਵੀਡੀਓ ਵਿਚ ਉਹ ਬੂਟਾ ਸਿੰਘ ਨੂੰ 'ਪੱਠੇ ਪਾਉਣ ਵਾਲੇ' ਅਤੇ 'ਰੰਗ ਦੇ ਕਾਲੇ' ਆਖ ਰਹੇ ਹਨ ਪਰ ਉਹ ਰੰਗ ਦੇ ਕਾਲੇ ਨਹੀਂ ਸਗੋਂ ਵੜਿੰਗ ਵਰਗਿਆਂ ਦੇ ਦਿਲ ਕਾਲੇ ਹਨ। ਉਨ੍ਹਾਂ ਨੇ ਅਪੀਲ ਕੀਤੀ ਕਿ ਸਮੁੱਚਾ ਸਮਾਜ ਇਸ ਤਰ੍ਹਾਂ ਦੇ ਨਿੰਦਣਯੋਗ ਬਿਆਨ ਦੇਣ ਵਾਲਿਆਂ ਦਾ ਬਾਈਕਾਟ ਕਰੇ ਅਤੇ ਜਦੋਂ ਤਕ ਵੜਿੰਗ ਖੁੱਲ੍ਹੀ ਮੁਆਫੀ ਨਹੀਂ ਮੰਗਦਾ, ਉਸ ਦਾ ਘਿਰਾਓ ਕੀਤਾ ਜਾਵੇ।

## ਹਵਾਲਾਤੀਆਂ ਕੋਲੋਂ 10 ਮੋਬਾਈਲ ਤੇ 8 ਸਿਮ ਕਾਰਡ ਬਰਾਮਦ

ਅੰਮ੍ਰਿਤਸਰ 4 ਨਵੰਬਰ। ਕੇਂਦਰੀ ਜੇਲ੍ਹ 'ਚ ਅਚਾਨਕ ਜਾਂਚ ਦੌਰਾਨ ਜੇਲ੍ਹ ਅਧਿਕਾਰੀਆਂ ਨੇ 8 ਹਵਾਲਾਤੀਆਂ ਕੋਲੋਂ 10 ਮੋਬਾਈਲ ਅਤੇ 8 ਸਿਮ ਕਾਰਡ ਬਰਾਮਦ ਕੀਤੇ ਹਨ, ਜਿਨ੍ਹਾਂ 'ਚ ਹਵਾਲਾਤੀ ਕਰਨ ਸਿੰਘ, ਹਵਾਲਾਤੀ ਲਵਦੀਪ ਸਿੰਘ, ਹਵਾਲਾਤੀ ਅਰਸ਼ਦੀਪ ਸਿੰਘ, ਹਵਾਲਾਤੀ ਅਭੀ ਮਸੀਹ, ਹਵਾਲਾਤੀ ਲਵਪ੍ਰੀਤ ਸਿੰਘ, ਹਵਾਲਾਤੀ ਹਸੀਨ ਉਰਫ ਅਸਮ ਦੀਨ, ਹਵਾਲਾਤੀ ਪਰਵਿੰਦਰ ਸਿੰਘ ਅਤੇ ਹਵਾਲਾਤੀ ਅਕਾਸ਼ ਪ੍ਰੀਤ ਸਿੰਘ ਸ਼ਾਮਲ ਹਨ। ਐਡੀਸ਼ਨਲ ਜੇਲ੍ਹ ਸੁਪਰਡੈਂਟ ਸਾਹਿਬ ਸਿੰਘ ਦੀ ਸ਼ਿਕਾਇਤ 'ਤੇ ਥਾਣਾ ਇਸਲਾਮਾਬਾਦ ਦੀ ਪੁਲਸ ਨੇ ਕੇਸ ਦਰਜ ਕਰ ਕੇ ਸਾਰੇ ਹਵਾਲਾਤੀਆਂ ਨੂੰ ਜਾਂਚ ਲਈ ਪ੍ਰੋਡਕਸ਼ਨ ਵਾਰੰਟ 'ਤੇ ਲਿਆਉਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ।

## ਅੰਮ੍ਰਿਤਸਰ ਬਾਰਡਰ ਤੋਂ ਦੋ ਪਾਕਿਸਤਾਨੀ ਡਰੋਨ ਤੇ 3 ਕਰੋੜ ਦੀ ਹੈਰੋਇਨ ਜ਼ਬਤ

ਅੰਮ੍ਰਿਤਸਰ 4 ਨਵੰਬਰ। ਬੀ.ਐਸ.ਐਫ. ਨੇ ਇੱਕ ਵੱਡੀ ਕਾਰਵਾਈ ਕਰਦਿਆਂ ਅੰਮ੍ਰਿਤਸਰ ਸੈਕਟਰ ਦੇ ਸਰਹੱਦੀ ਇਲਾਕਿਆਂ ਧਾਰੀਵਾਲ ਅਤੇ ਭੈਣੀ ਰਾਜਪੂਤਾਨਾ ਨੇੜੇ ਦੋ ਪਾਕਿਸਤਾਨੀ ਮਿਨੀ ਡਰੋਨ ਅਤੇ 3 ਕਰੋੜ ਰੁਪਏ ਦੀ ਹੈਰੋਇਨ ਜ਼ਬਤ ਕੀਤੀ ਹੈ। ਜਾਣਕਾਰੀ ਅਨੁਸਾਰ, ਹੈਰੋਇਨ ਦਾ ਪੈਕੇਟ ਡਰੋਨ ਨਾਲ ਟੰਗਿਆ ਹੋਇਆ ਸੀ। ਫਿਲਹਾਲ ਬੀ.ਐਸ.ਐਫ਼ ਵੱਲੋਂ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਸਰਹੱਦ 'ਤੇ ਡਰੋਨ ਗਤੀਵਿਧੀਆਂ ਲਗਾਤਾਰ ਵਧ ਰਹੀਆਂ ਹਨ। ਪਿਛਲੇ 15 ਦਿਨਾਂ ਤੋਂ ਅੰਮ੍ਰਿਤਸਰ ਬਾਰਡਰ 'ਤੇ ਪਾਕਿਸਤਾਨ ਵੱਲੋਂ ਡਰੋਨ ਆਉਣ ਦੇ ਕਈ ਕੇਸ ਸਾਹਮਣੇ ਆ ਚੁੱਕੇ ਹਨ ਪਰ ਤਸਕਰਾਂ ਦਾ ਅਜੇ ਤੱਕ ਕੋਈ ਪਤਾ ਨਹੀਂ ਲੱਗ ਸਕਿਆ। ਹਾਲ ਹੀ ਵਿੱਚ ਇੱਕ ਤਸਕਰ ਤੋਂ 25 ਲੱਖ ਰੁਪਏ ਦੀ ਰਿਸ਼ਵਤ ਮੰਗਣ ਦੇ ਮਾਮਲੇ ਵਿੱਚ ਇੱਕ ਪੁਲਿਸ ਅਧਿਕਾਰੀ ਅਤੇ ਉਸਦਾ ਸਾਥੀ ਫੜਿਆ ਗਿਆ ਸੀ, ਜਿਸ ਨਾਲ ਇਹ ਸਪਸ਼ਟ ਹੁੰਦਾ ਹੈ ਕਿ ਸੁਰੱਖਿਆ ਏਜੰਸੀਆਂ ਵਿੱਚ ਅਜੇ ਵੀ ਕੁਝ ਕਾਲੀਆਂ ਭੇਡਾਂ ਮੌਜੂਦ ਹਨ। ਇਹੀ ਕਾਰਣ ਹੈ ਕਿ ਤਸਕਰੀ ਦੇ ਮਾਮਲੇ ਰੁਕਣ ਦਾ ਨਾਮ ਨਹੀਂ ਲੈ ਰਹੇ ਅਤੇ ਬਾਰਡਰ 'ਤੇ ਡਰੋਨਾਂ ਦੀ ਹਿਲਚਲ ਜਾਰੀ ਹੈ।

## ਗੰਗਾ ਵਿਚਕਾਰ ਫਸ ਗਏ ਪੰਜਾਬੀ ਮੁੰਡੇ ! 'ਮੌਤ' ਤੋਂ ਖਿਚ ਲਿਆਈ ਪੁਲਸ

ਨੈਸ਼ਨਲ ਡੈਸਕ 4 ਨਵੰਬਰ। ਹਰਿਦੁਆਰ ਦੇ ਦੂਧੀਆਂਬੰਦ ਖੇਤਰ ਵਿੱਚ ਐਤਵਾਰ ਨੂੰ ਉਸ ਸਮੇਂ ਹੜਕੰਪ ਮਚ ਗਿਆ, ਜਦੋਂ ਗੰਗਾ ਨਦੀ ਦੇ ਵਿਚਕਾਰ ਬਣੇ ਇੱਕ ਟਾਪੂ 'ਤੇ ਸੱਤ ਸ਼ਰਧਾਲੂ ਅਚਾਨਕ ਵਧੇ ਪਾਣੀ ਦੇ ਪੱਧਰ ਕਾਰਨ ਫਸ ਗਏ। ਤੇਜ਼ ਵਾਹਅ ਦੇ ਵਿਚਕਾਰ ਇਹ ਸ਼ਰਧਾਲੂ ਅਸਮਰਥ ਹੋ ਕੇ ਮਦਦ ਦਾ ਇੰਤਜ਼ਾਰ ਕਰਦੇ ਰਹੇ। ਇਹ ਸ਼ਰਧਾਲੂ ਜਲੰਧਰ, ਪੰਜਾਬ, ਮੇਰਠ ਤੇ ਪੱਛਮੀ ਬੰਗਾਲ ਤੋਂ ਇਸ਼ਨਾਨ ਕਰਨ ਲਈ ਪਹੁੰਚੇ ਸਨ। ਜਾਣਕਾਰੀ ਅਨੁਸਾਰ ਉਹ ਹੌਲੀ-ਹੌਲੀ ਅੱਗੇ ਵਧਦੇ ਹੋਏ ਨਦੀ ਦੇ ਵਿਚਕਾਰ ਬਣੇ ਟਾਪੂ ਤੱਕ ਪਹੁੰਚ ਗਏ ਸਨ ਪਰ ਇਸੇ ਦੌਰਾਨ ਉੱਪਰੀ ਗੰਗਾ ਨਹਿਰ ਤੋਂ ਪਾਣੀ ਛੱਡੇ ਜਾਣ ਕਾਰਨ ਧਾਰਾ ਅਚਾਨਕ ਤੇਜ਼ ਹੋ ਗਈ ਅਤੇ ਉਹ ਵਿਚਕਾਰ ਫਸ ਗਏ। ਖ਼ਬਰ ਮਿਲਦੇ ਹੀ ਜਲ ਪੁਲਸ ਦੇ ਗੋਤਾਖੋਰਾਂ ਦੀ ਟੀਮ ਮੌਕੇ 'ਤੇ ਪਹੁੰਚ ਗਈ। ਗੋਤਾਖੋਰਾਂ ਜਾਨੂ ਪਾਲ, ਅਮਿਤ ਪੁਰੋਹਿਤ, ਵਿਕ੍ਰਾਂਤ ਅਤੇ ਸੰਨੀ ਕੁਮਾਰ ਨੇ ਬਿਨਾਂ ਸਮਾਂ ਗੁਆਏ ਗੰਗਾ ਦੀਆਂ ਤੇਜ਼ ਲਹਿਰਾਂ ਵਿੱਚ ਉਤਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ। ਉਨ੍ਹਾਂ ਨੇ ਰੱਸੀਆਂ ਦੇ ਸਹਾਰੇ ਸ਼ਰਧਾਲੂਆਂ ਤੱਕ ਪਹੁੰਚ ਬਣਾਈ ਅਤੇ ਕਰੀਬ ਇੱਕ ਘੰਟੇ ਤੱਕ ਚੱਲੇ ਇਸ ਰੋਮਾਂਚਕ ਅਭਿਆਨ ਤੋਂ ਬਾਅਦ ਇੱਕ-ਇੱਕ ਕਰਕੇ ਸਾਰਿਆਂ ਨੂੰ ਕਿਨਾਰੇ ਤੱਕ ਲਿਆਉਣ ਵਿੱਚ ਸਫ਼ਲਤਾ ਹਾਸਲ ਕੀਤੀ ਜਲ ਪੁਲਸ ਨੇ ਮੌਤ ਨਾਲ ਜੰਗ ਜਿੱਤ ਕੇ ਸਾਰੇ ਸ਼ਰਧਾਲੂਆਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ। ਬਚਾਏ ਗਏ ਸ਼ਰਧਾਲੂਆਂ ਵਿੱਚ ਰਾਹੁਲ (18) (ਜਲੰਧਰ), ਅਮਿਤ ਕੁਮਾਰ, ਰਾਹੁਲ ਕੁਮਾਰ (ਪੰਜਾਬ), ਅਭਿਸ਼ੇਕ ਅਤੇ ਲੱਕੀ (ਮੇਰਠ), ਅਰੁਣ (ਜਲੰਧਰ), ਸ਼ੁਭਮ ਚੈਟਰਜੀ ਅਤੇ ਸੌਮਿਕ ਮੁਖਰਜੀ (ਪੱਛਮੀ ਬੰਗਾਲ) ਸ਼ਾਮਲ ਹਨ। ਸੁਰੱਖਿਅਤ ਬਾਹਰ ਆਉਣ ਤੋਂ ਬਾਅਦ, ਸ਼ਰਧਾਲੂਆਂ ਨੇ ਰਾਹਤ ਦਾ ਸਾਹ ਲਿਆ ਅਤੇ ਜਲ ਪੁਲਸ ਦੇ ਜਵਾਨਾਂ ਦੀ ਬਹਾਦਰੀ ਦੀ ਤਾਰੀਫ਼ ਕਰਦੇ ਹੋਏ "ਹਰ-ਹਰ ਗੰਗੇ"ਅਤੇ "ਜਲ ਪੁਲਸ ਜ਼ਿੰਦਾਬਾਦ"ਦੇ ਨਾਅਰੇ ਲਗਾਏ। ਸੀਓ ਸਿਟੀ ਸ਼ਿਸ਼ੂਪਾਲ ਸਿੰਘ ਨੇਗੀ ਨੇ ਇਸ ਘਟਨਾ ਬਾਰੇ ਦੱਸਿਆ ਕਿ ਜਲ ਪੁਲਸ ਦੀ ਚੌਕਸੀ ਅਤੇ ਗੋਤਾਖੋਰਾਂ ਦੀ ਤਤਪਰਤਾ ਕਾਰਨ ਇੱਕ ਵੱਡਾ ਹਾਦਸਾ ਟਲ ਗਿਆ ਹੈ।

## ਪੰਜਾਬ ਸਰਕਾਰ ਨੇ ਭੀਖ ਮੰਗਵਾਉਣ ਵਾਲਿਆਂ ਦੇ ਚੁੰਗਲ ਤੋਂ ਛੁਡਵਾਏ 700 ਤੋਂ ਵੱਧ ਬੱਚੇ

ਚੰਡੀਗੜ੍ਹ 4 ਨਵੰਬਰ। ਪੰਜਾਬ ਸਰਕਾਰ ਨੇ ਹੁਣ ਤੱਕ ਆਪਣੇ ਪ੍ਰਮੁੱਖ ਪ੍ਰਾਜੈਕਟ ਜੀਵਨਜੋਤ ਤੇ ਜੀਵਨਜੋਤ 2.0 ਤਹਿਤ 704 ਬੱਚਿਆਂ ਨੂੰ ਬਾਲ ਭੀਖ ਮੰਗਣ ਵਾਲਿਆਂ ਦੇ ਚੁੰਗਲ ਤੋਂ ਬਚਾਇਆ ਹੈ। ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਪ੍ਰਾਜੈਕਟ ਜੀਵਨਜੋਤ ਜੁਲਾਈ 2024 ਤੋਂ ਪੰਜਾਬ ਭਰ 'ਚ ਲਾਗੂ ਕੀਤਾ ਗਿਆ, ਜੋ ਜ਼ਿਲ੍ਹਾ ਪ੍ਰਸ਼ਾਸਨ ਦੁਆਰਾ ਹਰ ਮਹੀਨੇ ਦੇ ਦੂਜੇ ਹਫ਼ਤੇ ਦੌਰਾਨ ਮਾਸਿਕ ਬਚਾਅ ਮੁਹਿੰਮਾਂ ਚਲਾਉਣ 'ਤੇ ਕੇਂਦ੍ਰਿਤ ਹੈ। ਭੀਖ ਮੰਗਣ ਤੋਂ ਬਚਾਏ ਗਏ ਬੱਚਿਆਂ ਦਾ ਉਨ੍ਹਾਂ ਦੀ ਉਮਰ, ਯੋਗਤਾ ਤੇ ਦਸਤਾਵੇਜ਼ਾਂ ਦੀ ਉਪਲਬਧਤਾ ਅਨੁਸਾਰ ਵੱਖ-ਵੱਖ ਭਲਾਈ ਸਕੀਮਾਂ ਰਾਹੀਂ ਪੁਨਰਵਾਸ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮਨੁੱਖੀ ਸਮੱਗਲਿੰਗ ਤੇ ਸੰਗਠਿਤ ਭੀਖ ਮੰਗਣ ਵਾਲੇ ਰੈਕੇਟਾਂ ਨੂੰ ਰੋਕਣ ਲਈ ਸਰਕਾਰ ਨੇ ਪ੍ਰਾਜੈਕਟ ਜੀਵਨਜੋਤ 2.0 ਸ਼ੁਰੂ ਕੀਤਾ ਹੈ।

